INTERNATIONAL MAGAZINE

RNI No. 61816/95

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ

ਅਕਤੂਬਰ
(October)
2025







ਸੱਚਖੰਡਵਾਸੀ ਸਤਿਕਾਰਯੋਗ ਮਾਤਾ (ਬੀਜੀ) ਰਣਜੀਤ ਕੌਰ ਜੀ
ਰਤਵਾੜਾ ਸਾਹਿਬ
(8 ਅਗਸਤ 1918 – 1 ਨਵੰਬਰ 2013)

## ਮਹਾਨ ਗੁਰਮਤਿ ਰੂਹਾਨੀ ਸਮਾਗਮ

## ਰਤਵਾੜਾ ਸਾਹਿਬ

(ਨਿਊ ਚੰਡੀਗੜ੍ਹ)

ਸੱਚਖੰਡਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ
ਰਤਵਾੜਾ ਸਾਹਿਬ
(17 ਜੂਨ 1918 – 31 ਅਕਤੂਬਰ 2001)

**30-31 ਅਕਤੂਬਰ** | **1-2 ਨਵੰਬਰ**

ਪ੍ਰਾਰਥਕ : ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ, ਰਤਵਾੜਾ ਸਾਹਿਬ

If Undelivered, Please Return to
Atam Marg Office
Gurdwara Ishar Parkash, Ratwara Sahib
New Chandigarh, P.O. Mullanpur Garibdass,
Teh.Kharar, Distt. S.A.S Nagar (Mohali) - 140901,
Punjab, India,
Tel. +91-9417214391,9417214379

ਸੰਤ ਬਾਬਾ ਲਖਬੀਰ ਸਿੰਘ ਜੀ ਦੀ ( ਮੌਜੂਦਾ ਮੁਖੀ ਟਰੱਸਟ ਰਤਵਾੜਾ ਸਾਹਿਬ) ਅਗਵਾਈ ਵਿੱਚ, ਡੇਰਾ ਬਾਬਾ ਨਾਨਕ (ਗੁਰਦਾਸਪੁਰ) ਵਿਖੇ ਹੜ੍ਹ ਪ੍ਰਭਾਵਿਤ ਇਲਾਕੇ ਵਿੱਚ ਟਰੱਸਟ ਰਤਵਾੜਾ ਸਾਹਿਬ ਵਲੋਂ ਸੇਵਾਵਾਂ ਜਾਰੀ ਹਨ।

**ਪਹਿਲੀ ਖੇਪ :-** ਪਸ਼ੂਆਂ ਲਈ ਤੂੜੀ, ਅਚਾਰ ਅਤੇ ਚੋਕਰ, ਤਰਪਾਲਾਂ, ਮੱਛਰਦਾਨੀਆਂ, ਸੋਲਰ ਲਾਈਟਾਂ (16 ਟਰੱਕ)

**ਵਿਸ਼ੇਸ ਸਹਿਯੋਗ ਅਤੇ ਸੇਵਾ ਵਿੱਚ ਤੱਤਪਰ** – ਪੰਥਕ ਅਕਾਲੀ ਲਹਿਰ ਦੇ ਜ਼ਿਲ੍ਹਾ ਪ੍ਰਧਾਨ ਭਾਈ ਰਵੇਲ ਸਿੰਘ, ਭਾਈ ਰਣਜੀਤ ਸਿੰਘ ਅਤੇ ਉਨ੍ਹਾਂ ਦੇ ਸਾਥੀ। ਐਸ.ਡੀ. ਐਮ (ਡੇਰਾ ਬਾਬਾ ਨਾਨਕ). ਡਾ. ਗੁਰਦੇਵ ਸਿੰਘ, ਬਾਬਾ ਹਰਪਾਲ ਸਿੰਘ ਜੀ ਅਤੇ ਹੋਰ ਸੇਵਾਦਾਰ ਰਤਵਾੜਾ ਸਾਹਿਬ ।



# ਆਤਮ ਮਾਰਗ

ਸਾਲ-ਇਕੱਤੀਵਾਂ, ਮਹੀਨਾ-ਅਕਤੂਬਰ, 2025

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

ਸੰਚਾਲਕ

ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ

**ਚੇਅਰਮੈਨ**
ਸੰਤ ਬਾਬਾ ਲਖਬੀਰ ਸਿੰਘ ਜੀ

**ਐਡੀਟਰ-ਇਨ-ਚੀਫ**
ਬਾਬਾ ਹਰਪਾਲ ਸਿੰਘ ਜੀ
ਚੀਫ ਐਡੀਟਰ

ਮੈਨੇਜਿੰਗ ਐਡੀਟਰ ਭਾਈ. (ਡਾ.) ਸੁਖਵਿੰਦਰ ਸਿੰਘ ਜੀ

## ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਸੰਪਰਕ ਕਰਨ ਦੀ ਕ੍ਰਿਪਾਲਤਾ ਕਰੋ ਜੀ।

ਫੋਨ :- 84378-12900, 94172-14391, 94172-14379

Email :atammarg1@yahoo.co.in

Registration Under Foreign Contribution (Regulation) Act 1976 R. No. 115320023

**Postal Address for any Enquiry, Money Order, Cheque and drafts :**
**'ATAM MARG' MAGAZINE**
Gurdwara Ishar Parkash, Ratwara Sahib
(New Chandigarh) P.o. Mullanpur Garibdas,
Teh. Kharar, Distt. S.A.S Nagar
(MOHALI) - 140901, Pb. India

## SUBSCRIPTION - ਚੰਦਾ - (ਦੇਸ਼)

| ਸਾਲਾਨਾ | ਜੀਵਨ ਕਾਲ (20 ਸਾਲ) | ਫੀ ਕਾਪੀ |
|---|---|---|
| 300/- | 3000/ | 30/- |
| 320/- | 3020/- | (For outstation cheques) |

## SUBSCRIPTION FOREIGN (ਵਿਦੇਸ਼)

| Annual | Life (20 years) |
|---|---|
| 4500/- | 45000/- |

ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।

ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।

## Media Broadcast (Ratwara Sahib)

Please visit us on internet at :-
For Atam Marg Email : atammarg1@yahoo.co.in,
Website & Live video -
www.ratwarasahib.org
www.ratwarasahib.com
www.vgrmct.org
} Apps: RATWARASAHIB TV (for both apple & andriod) (Availeble 24 Hours)

Email : sratwarasahib.in@gmail.com

**Live Programme & Cable Tv Network**
98728-14385, 94172-14385
98147-12900

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

ਅਮਰੀਕਾ - ਭਾਈ ਅਮਰਦੀਪ ਸਿੰਘ ਅਟਵਾਲ
001-408-263-1844

ਕਨੇਡਾ - ਭਾਈ ਸਰਮੁਖ ਸਿੰਘ ਪੰਨੂ, ਵੈਨਕੂਵਰ
001-604-433-0408

ਭਾਈ ਤਰਸੇਮ ਸਿੰਘ ਬੈਂਸ
001-604-862-9525

ਭਾਈ ਜਸਬੀਰ ਸਿੰਘ ਰਾਣੂ
001-604-589-9189

ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ
0044-121-200-2818

ਭਾਈ ਅਰਵਿੰਦਰ ਸਿੰਘ (ਰਾਜ)
0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :
0061-406619858

ਵਿਦੇਸ਼ ਤੋਂ ਰਤਵਾੜਾ ਸਾਹਿਬ ਆਉਣ ਵਾਲੀ ਸੰਗਤ ਲਈ ਦਿੱਲੀ ਅਤੇ ਅੰਮ੍ਰਿਤਸਰ ਏਅਰਪੋਰਟ ਤੋਂ ਫਰੀ ਸੇਵਾ - ਸੰਪਰਕ ਨੰਬਰ -
**9417214378, 9417214384**

## ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ

1. ਆਤਮ ਮਾਰਗ 9417214391,8437812900,9417214379
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (ਸੀ.ਬੀ.ਐਸ.ਈ.) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ 9646101996
4. ਸੰਤ ਵਰਿਆਮ ਸਿੰਘ ਮੈਮੋਰੀਅਲ ਪ.ਸ.ਸ.ਸਕੂਲ (ਪੀ.ਐਸ.ਈ.ਬੀ.) 9592055581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ: 9592212900
6. ਬੀ.ਐਡ. ਕਾਲਜ ਅਤੇ ਨਰਸਿੰਗ ਕਾਲਜ 9417214382
7. ਬਿਰਧ ਆਸ਼ਰਮ 9815728220

## ਵਿਸ਼ੇਸ਼ ਜਾਣਕਾਰੀ ਲਈ

ਸ਼੍ਰੀ ਮਾਨ ਜੀ - 98551-32009
ਸ਼੍ਰੀ ਅਖੰਡਪਾਠ ਸਾਹਿਬ ਸੇਵਾ - 94647-12900

ਹੋਰ ਸੰਪਰਕ ਨੰਬਰ

98889-10777, 96461-01996, 9417214381

# ਤੱਤਕਰਾ


1. **ਸੰਪਾਦਕੀ** 5

*ਭਾਈ (ਡਾ.) ਸੁਖਵਿੰਦਰ ਸਿੰਘ*

2. **ਬਾਰਹ ਮਾਹਾ** 10

*ਡਾ. ਭਾਈ ਵੀਰ ਸਿੰਘ ਜੀ*

3. **ਮੰਞ ਪਿਆਰਾ ਗੁਰੂ ਨੂੰ.......।** 11

*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

4. **ਚਉਥੈ ਪਹਰਿ ਸਬਾਹ ਕੈ....................॥** 19

*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

5. **ਸਾਈ ਨਾਮੁ ਅਮੋਲੁ..........॥** 24

*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

6. **ਸਜਣ ਮੇਰੇ ਰੰਗੁਲੇ..........॥** 35

*ਸੰਤ ਬਾਬਾ ਲਖਬੀਰ ਸਿੰਘ ਜੀ*

7. **ਕਤਿਕ ਹੋਵੈ ਸਾਧਸੰਗੁ........॥** 43

*ਸੰਤ ਬਾਬਾ ਹਰਪਾਲ ਸਿੰਘ ਜੀ*

8. **ਗੁਰਬਾਣੀ ਅਰਥ ਭੰਡਾਰ** 48

*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*

9. **ਸਾਰਾ ਜੀਵਨ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਵਿਚ ਲਾਉਣ ਵਾਲੇ ਸੰਤ ਬਾਬਾ ਬਲਜਿੰਦਰ ਸਿੰਘ ਜੀ ਰਾੜਾ ਸਾਹਿਬ** 50

*ਸ. ਸੁਖਵੀਰ ਸਿੰਘ ਚਟਕੋਈਆਂ, ਪ੍ਰਤੀਨਿਧ ਰਾੜਾ ਸਾਹਿਬ*

10. **ਜਨ ਪਰਉਪਕਾਰੀ ਆਏ - ਭਾਗ 4** 52

*ਪ੍ਰੋ. ਗੁਰਦੇਵ ਸਿੰਘ*

11. **ਵਿਸ਼ੇਸ਼ ਜਾਣਕਾਰੀ :- ਰਤਵਾੜਾ ਸਾਹਿਬ ਵਿਖੇ ਕੀਰਤਨ ਸਮਾਗਮ ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ, ਬੈਂਕ ਅਕਾਊਂਟ, ਅਤੇ ਮਹਾਂਪੁਰਸ਼ਾਂ ਵਲੋਂ ਰਚਿਤ ਪੁਸਤਕਾਂ ਦੀ ਸੂਚੀ** 56

# ਸੰਪਾਦਕੀ

## ਮਨੁ ਤਨੁ ਬੁਧਿ ਅਰਪੀ ਠਾਕੁਰ ਕਉ ਤਬ ਹਮ ਸਹਜਿ ਸੋਏ ॥

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ*

ਪਿਆਰੇ ਪਾਠਕ ਜਨਾਂ ਅਤੇ ਸਮੂੰਹ ਸੰਗਤਾਂ ਨੂੰ ਵਿਦਿਤ ਹੈ ਕਿ ਪਿਛਲੇ ਅੰਕਾਂ ਵਿਚ ਸੰਪਾਦਕੀ ਰਾਹੀਂ ਵੀਚਾਰ ਸੁਰਤਿ ਸਬਦਿ ਦੇ ਮਾਰਗ ਦੀ ਚਲ ਰਹੀ ਹੈ। ਆਪ ਜੀ ਸਾਰਿਆਂ ਦੀ ਪਵਿੱਤਰ ਆਸੀਸ ਸਦਕਾ ਹੀ ਗੁਰਮਤਿ ਦੇ ਇਸ ਗੂੜ੍ਹ ਸਿਧਾਂਤ ਦੀ ਵੀਚਾਰ ਦੀ ਲੜੀ ਨੂੰ ਅੱਗੇ ਤੋਰਿਆ ਜਾ ਸਕਦਾ ਹੈ। ਅਰਦਾਸ ਹੈ ਕਿ ਸੱਚੇ ਪਾਤਸ਼ਾਹ ਬਖਸ਼ਿਸ਼ ਕਰਨ ਕਿ ਇਸ ਕਲਮ ਰਾਹੀਂ ਉਸਦੇ ਇਸ ਸਿਧਾਂਤ ਨੂੰ ਹੋਰ ਵਿਸਥਾਰ ਪੂਰਵਕ ਬਿਆਨ ਕਰ ਸਕੀਏ। ਇਥੇ ਦਾਸ ਪ੍ਰੋ. ਪੂਰਨ ਸਿੰਘ ਜੀ ਦੇ ਉਹ ਪਵਿੱਤਰ ਬਚਨ ਆਪ ਜੀ ਦੇ ਸਨਮੁਖ ਰੱਖਣਾ ਮੁਨਾਸਿਬ ਸਮਝਦਾ ਹੈ ਕਿ ਗੁਰਬਾਣੀ ਦੀ ਵਿਆਖਿਆ ਉਹੀ ਕਰ ਸਕਦਾ ਹੈ ਜਿਸ ਦਾ ਹਿਰਦਾ ਸਾਹਿਬ ਸ੍ਰੀ ਗੁਰੂ ਨਾਨਕ ਸਾਹਿਬ ਵਰਗਾ ਹੋਵੇ। ਸ੍ਰੀ ਗੁਰੂ ਨਾਨਕ ਸਾਹਿਬ ਵਰਗੇ ਹਿਰਦੇ ਵਾਲੇ ਤਾਂ ਕੇਵਲ ਤੇ ਕੇਵਲ ਦਸ ਜਾਮੇ ਹੋਏ ਹਨ। ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਲੋਕਾਈ 'ਤੇ ਬਖਸ਼ਿਸ਼ਾਂ ਕਰ ਰਹੇ ਹਨ। ਬਾਣੀ ਦੀ ਵਿਆਖਿਆ ਕਰਨੀ ਸਾਡੇ ਕਲਜੁਗੀ ਜੀਵਾਂ ਦੇ ਵਸ ਦੀ ਬਾਤ ਨਹੀਂ। ਭਾਈ ਸਾਹਿਬ ਨੰਦ ਲਾਲ ਜੀ ਫੁਰਮਾਨ ਕਰਦੇ ਹਨ ਕਿ ਮੈਂ ਤਾਂ ਸੱਚੇ ਪਾਤਸ਼ਾਹ ਕਲਗੀਧਰ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ੀਤ ਪ੍ਰਸ਼ਾਦ ਦਾ ਕਿਣਕਾ ਹੀ ਆਪਣੇ ਮੂੰਹ ਵਿਚ ਪਾਇਆ ਹੈ ਬਸ ਇਹ ਵੀ ਉਹਨਾਂ ਦੀ ਬਖਸ਼ਿਸ਼ ਹੀ ਸੀ। ਜਿਨ੍ਹਾਂ ਦੀਆਂ ਲਿਖਤਾਂ ਅੱਜ ਸਾਡੇ ਲਈ ਚਾਨਣ ਮੁਨਾਰਾ ਹਨ। ਅੱਜ ਉਨ੍ਹਾਂ ਵਲੋਂ ਰਚਿਤ ਰਚਨਾਵਾਂ, ਗਜ਼ਲਾਂ ਆਦਿ ਪੜ੍ਹ ਕੇ ਪਤਾ ਲਗਦਾ ਹੈ ਕਿ ਗੁਰੂ ਨਾਲ ਪਿਆਰ ਕਿਹੋ ਜਿਹਾ ਹੋਣਾ ਚਾਹੀਦਾ ਹੈ। ਸਤਿਗੁਰੂ ਦੀਆਂ ਵਡਿਆਈਆਂ ਦਾ ਅਹਿਸਾਸ ਹੁੰਦਾ ਹੈ ਕਿ ਉਹ ਵੱਡੀਆਂ ਤੋਂ ਵੱਡੀਆਂ ਬਖਸ਼ਿਸ਼ਾਂ ਵੀ ਕਰ ਦਿੰਦੇ ਹਨ। ਜੋ ਕੁਝ ਦੁਨੀਆਂਦਾਰੀ ਦੇ ਨਜ਼ਰੀਏ ਨਾਲ ਸੰਭਵ ਨਹੀਂ, ਉਸ ਨੂੰ ਸੰਭਵ ਕਰ ਦਿੰਦੇ ਹਨ। ਜੋ ਕੁਝ ਕਿਤੋਂ ਵੀ ਨਹੀਂ ਮਿਲਦਾ ਉਹ ਸ੍ਰੀ ਗੁਰੂ ਨਾਨਕ ਸਾਹਿਬ ਦੇ ਦਰ ਤੋਂ ਪ੍ਰਾਪਤ ਹੁੰਦਾ ਹੈ। ਜੋ ਕੁਝ ਸ੍ਰੀ ਗੁਰੂ ਨਾਨਕ ਸਾਹਿਬ ਦੇ ਦਰ ਵਿਚੋਂ ਮਿਲਦਾ ਹੈ, ਉਹ ਹੋਰ ਕਿਤੋਂ ਵੀ ਨਹੀਂ ਮਿਲ ਸਕਦਾ। ਇਹ ਬਚਨ ਡਾ. ਸੁਆਮੀ ਰਾਮ ਜੀ ਨੇ, ਰਤਵਾੜਾ ਸਾਹਿਬ ਦੇ ਸਾਲਾਨਾ ਸਮਾਗਮ ਵਿਚ ਲੱਖਾਂ ਦੀ ਤਦਾਦ ਵਿਚ ਸੰਗਤਾਂ ਦੇ ਠਾਠਾਂ ਮਾਰਦੇ ਇਕੱਠ ਵਿਚ ਕੀਤੇ ਹਨ ਜੋ ਕਿ ਸੌ ਫੀ ਸਦੀ ਸੱਚ ਹੋਏ ਹਨ ਤੇ ਸੱਚ ਹੁੰਦੇ ਰਹਿਣਗੇ। ਭਾਵ '***ਤੇਰੀ ਬਖਸ ਨ ਮੇਟੈ ਕੋਈ ਸਤਿਗੁਰ ਕਾ ਦਿਲਾਸਾ ॥'*** (ਅੰਗ-੭੫੦) ਉਸ ਪਰਮ ਸ਼ਕਤੀ ਦੀ ਬਖਸ਼ਿਸ਼ ਨੂੰ ਕੋਈ ਮਿਟਾ ਨਹੀਂ ਸਕਦਾ। ਭਾਵ '***ਜੇਵਡੁ ਆਪਿ ਤੇਵਡ ਤੇਰੀ ਦਾਤਿ ॥' (ਅੰਗ-੯)*** ਜਿੱਡਾ ਵੱਡਾ ਉਹ ਆਪ ਹੈ, ਉਤਨੀ ਵੱਡੀ ਉਸ ਦੀ ਦਾਤ ਹੈ। ਇਥੇ ਕੇਵਲ ਲੋਕ ਦੇ ਸੁਖਾਂ ਦੀ ਭਰਮਾਰ ਜਾਂ ਲਾਲਚ ਨਹੀਂ ਸਗੋਂ ਪ੍ਰਲੋਕ ਦੇ ਸੁਖਾਂ ਦੀ ਵੀ ਬਖਸ਼ਿਸ਼ ਹੈ। ਇਥੇ ***'ਇਹ ਲੋਕ ਸੁਖੀਏ ਪਰਲੋਕ ਸੁਹੇਲੇ ॥' (ਅੰਗ-੨੯੨)*** ਦੀ ਵੱਡੀ ਦਾਤ ਦੀ ਬਖਸ਼ਿਸ਼ ਹੈ। ਇਸ ਮਾਤ ਲੋਕ ਦੇ ਸੁਖ ਵੀ ਪ੍ਰਾਪਤ ਹਨ ਅਤੇ ਜਦੋਂ ਇਸ ਮਾਤ ਲੋਕ ਤੋਂ ਰੂਹ ਨੇ ਆਪਣੀ ਯਾਤਰਾ ਆਰੰਭ ਕਰਨੀ ਹੈ, ਦੂਜੇ ਲੋਕ ਵਿਚ ਜਾਣਾ ਉਥੋਂ ਦੇ ਸੁਖਾਂ ਦੇ ਵੀ ਸਤਿਗੁਰੂ ਦਾਤੇ ਹਨ।

ਆਉ! ਵੀਚਾਰ ਦੀ ਲੜੀ ਨੇ ਸੁਰਤਿ ਸਬਦਿ ਦੇ ਮਾਰਗ ਵਲ ਲਿਆਈਏ। ਇਹ ਤਾਂ ਗੁਰੂ ਦੀ ਬਖਸ਼ਿਸ਼ਾਂ ਦੀ ਬਾਤ ਸੀ। ਉਹ ਆਪਣੀ ਬਖਸ਼ਿਸ਼ ਨਾਲ ਗੂੰਗੇ, ਬਹਿਰਿਆਂ ਨੂੰ ਬ੍ਰਹਮ ਗਿਆਨ ਦੀ ਬਖਸ਼ਿਸ਼ ਕਰ ਦਿੰਦੇ ਹਨ। ਭਾਵ –

*ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ ॥*
*ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ ॥ ੧ ॥*
*ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ ॥ ਅੰਗ - ੮੦੯*

ਜਿਵੇਂ ਪਿਛਲੇ ਅੰਕਾਂ ਵਿਚ ਵੀਚਾਰ ਆਈ ਹੈ ਸੁਰਤਿ ਅਤੇ ਬੁਧ ਦਾ ਅਨੱਖੜਵਾਂ ਸਬੰਧ ਹੈ। ਸੁਰਤਿ ਅਤੇ ਬੁਧਿ ਸਾਬਦਿਕ ਤੌਰ 'ਤੇ ਵੱਖ-ਵੱਖ ਹਨ ਪਰ ਸਿਧਾਂਤਕ ਤੌਰ 'ਤੇ ਇਨ੍ਹਾਂ ਵਿਚ ਬਹੁਤਾ ਫਰਕ ਨਹੀਂ ਹੈ। ਹੁਣ ਅਸੀਂ ਬੁਧਿ ਦੀ ਵੀਚਾਰ ਕਰਨ ਜਾ ਰਹੇ

ਹਾਂ। ਬੁਧਿ ਉਹ ਅੰਦਰਲੀ ਸ਼ਕਤੀ ਹੈ (ਜੋ ਸਾਡੇ ਸਾਰਿਆਂ ਵਿਚ ਵਿਦਮਾਨ ਹੈ) ਜੋ ਗੱਲ ਨੂੰ ਸਮਝਦੀ ਹੈ, ਹਾਲਾਤ ਦਾ ਜਾਇਜ਼ਾ ਲੈਂਦੀ ਹੈ ਤੇ ਨਿਰਣਾ ਕਰਕੇ ਕਿਸੇ ਟੀਚੇ ਤੇ ਪਹੁੰਚ ਕਰ ਸਮੱਸਿਆਵਾਂ ਦਾ ਹੱਲ ਲੱਭਦੀ ਹੈ ***'ਸਾ ਬੁਧਿ ਦੀਜੈ ਜਿਤੁ ਵਿਸਰਹਿ ਨਾਹੀ)॥' (ਅੰਗ-੧੦੦)*** ਬੁਧਿ ਨਾਲ ਮਿਲਦਾ ਜੁਲਦਾ ਸੰਕਲਪ ਸਿਆਣਪ' ਦਾ ਹੈ। ਬੁਨਿਆਦੀ ਤੌਰ 'ਤੇ ਦੋਹਾਂ ਵਿਚ ਫਰਕ ਇਹ ਹੈ ਕਿ ਬੁਧਿ ਸਾਨੂੰ ਕੁਦਰਤੀ ਤੌਰ 'ਤੇ ਪ੍ਰਾਪਤ ਹੁੰਦੀ ਹੈ, '***ਜੈਸੀ ਮਤਿ ਦੇਇ ਤੈਸਾ ਪਰਗਾਸ ॥ '*** ਅਤੇ ਸਿਆਣਪ ਜ਼ਿੰਦਗੀ ਦੇ ਤਜਰਬਿਆਂ ਤੋਂ ਉਪਜਦੀ ਹੈ ਪਰ ਸਮੇਂ ਦੇ ਫੇਰ ਨਾਲ ਇਹ ਦੋਵੇਂ ਪੁੱਠੇ ਪਾਸੇ ਵੀ ਤੁਰ ਸਕਦੇ ਹਨ। ਜਦੋਂ ਇਹ ਇਕੱਠੀਆਂ ਪੁੱਠੇ ਪਾਸੇ ਤੁਰਦੀਆਂ ਹਨ ਤਾਂ ਅਵਗੁਣ ਪੈਦਾ ਹੁੰਦੇ ਹਨ ਤੇ ਮਗਰੋਂ ਪਛਤਾਵੇਂ ਪੱਲੇ ਪੈਂਦੇ ਹਨ। ਬੇਸਮਝ ਬੁੱਧੀ ਪਥਭ੍ਰਿਸ਼ਟ ਹੋ ਜਾਂਦੀ ਹੈ। ਉਸ ਵਿਚੋਂ ਹੀ ਹਰ ਪ੍ਰਕਾਰ ਦੇ ਵਿਚਾਰ ਪੈਦਾ ਹੁੰਦੇ ਹਨ - ***'ਬੁਧਿ ਵਿਸਰਜੀ ਗਈ ਸਿਆਣਪ ਕਰਿ ਅਵਗਣ ਪਛੁਤਾਇ ॥' (ਅੰਗ-੨੬)*** ਐਸੀ ਬੁਧਿ ਜੀਵ ਨੂੰ ਬੰਧਨਾਂ 'ਚ ਪਾ ਰਖਦੀ ਹੈ ਤੇ ਅੰਤ ਕਾਲ ਤੱਕ ਸਮਝ ਨਹੀਂ ਆਉਣ ਦਿੰਦੀ। ਭਾਵ '***ਮਤਿ ਬੁਧਿ ਭਵੀ ਨ ਬੁਝਈ ਅੰਤਰਿ ਲੋਭ ਵਿਕਾਰੁ ॥' (ਅੰਗ-੨੭)*** ਇਸ ਕਰਕੇ ਜੈਸੀ ਕਿਸੇ ਨੂੰ ਬੁਧਿ ਨਸੀਬ ਹੁੰਦੀ ਹੈ ਉਹੋ ਜਿਹੀ ਸੋਝੀ ਉਸ ਨੂੰ ਪ੍ਰਾਪਤ ਹੁੰਦੀ ਹੈ -

*ਜਾ ਕੈ ਜੀਅ ਜੈਸੀ ਬੁਧਿ ਹੋਈ ॥*
*ਕਹਿ ਕਬੀਰ ਜਾਨੈਗਾ ਸੋਈ ॥* *ਅੰਗ - ੩੪੩*

ਗੁਰੂ ਦੀ ਮਤਿ ਪ੍ਰਾਪਤ ਕਰ ਖੋਟੀ ਬੁਧਿ ਖਤਮ ਹੋ ਜਾਂਦੀ ਹੈ ਤੇ ਪ੍ਰਕਾਸ਼ਵਾਨ ਬੁਧਿ ਜਾਗ ਪੈਂਦੀ ਹੈ। ਜਿਸ ਆਸਰੇ ਭਵਜਲ ਸੰਸਾਰ ਤਰ ਕੇ ਪਾਰ ਲੰਘਿਆ ਜਾ ਸਕਦਾ ਹੈ। ਤਾਂ ਹੀ ਸਾਡੀ ਕੌਮੀ ਅਰਦਾਸ ਦਾ ਇਹ ਅੰਗ ਹੈ - 'ਗੁਰਸਿਖਾਂ ਦਾ ਮਨ ਨੀਵਾਂ, ਮਤ ਉਚੀ' ਮਨ ਨੀਵਾਂ ਕਿਹੜੀ ਮੱਤ ਅਗੇ? ਗੁਰੂ ਦੀ ਮਤਿ ਅੱਗੇ ਭਾਵ ਗੁਰੂ ਉਪਦੇਸ਼ ਅੱਗੇ, ਗੁਰੂ ਸਿਧਾਂਤ ਅੱਗੇ ਸਾਡਾ ਮਨ ਨੀਵਾਂ ਹੈ। ਗੁਰੂ ਦੀ ਮਤਿ ਉਚੀ ਹੈ।

*ਗੁਰ ਕੀ ਮਤਿ ਤੂੰ ਲੇਹਿ ਇਆਨੇ ॥*
*ਭਗਤਿ ਬਿਨਾ ਬਹੁ ਡੂਬੇ ਸਿਆਨੇ ॥* *ਅੰਗ - ੨੮੮*

ਇਸ ਦੀ ਹੋਰ ਪੁਸ਼ਟੀ ਬਾਣੀ ਵਿਚ ਸਾਡੇ ਲਈ ਰੋਸ਼ਨੀ ਦਾ ਕੰਮ ਕਰਦੀ ਹੈ -

*ਦੁਰਮਤਿ ਮੇਟਿ ਬੁਧਿ ਪਰਗਾਸੀ*
*ਜਨ ਨਾਨਕ ਗੁਰਮੁਖਿ ਤਾਰੀ ॥* *ਅੰਗ - ੪੯੫*

ਇਸ ਲਈ ਪ੍ਰਸ਼ਨ ਉਠਦਾ ਹੈ ਕਿ ਕਿਹੋ ਜਿਹੀ ਬੁਧਿ ਹੈ ਜਿਸ ਨਾਲ ਮਨ ਸਥਿਰ ਰਹਿ ਸਕਦਾ ਹੈ ਭਾਵ ਟਿਕ ਸਕਦਾ ਹੈ। ਜਦੋਂ ਮਨ ਟਿਕਾਅ 'ਚ ਆ ਗਿਆ ਤਾਂ ਸ਼ਾਂਤੀ ਪ੍ਰਾਪਤ ਹੋਵੇਗੀ ਜਦੋਂ ਜਨਮਾਂ-ਜਨਮਾਂ ਦੇ ਸੰਸਕਾਰ ਸਥਿਰ ਹੋ ਗਏ ਭਾਵ ਖਾਮੋਸ਼ ਹੋ ਗਏ ਤਾਂ ਆਨੰਦ ਵਿਗਸਦਾ ਹੈ। ਜਿਸ ਦਾ ਜ਼ਿਕਰ ਧੰਨ ਸ੍ਰੀ ਗੁਰੂ ਅਮਰਦਾਸ ਮਹਾਰਾਜ ਕਰ ਰਹੇ ਹਨ -

*ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥*
*ਸਤਿਗੁਰੁ ਤ ਪਾਇਆ ਸਹਜ ਸੇਤੀ*
*ਮਨਿ ਵਜੀਆ ਵਾਧਾਈਆ ॥* *ਅੰਗ - ੯੧੭*

ਭਾਵ -

*ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ ॥*
*ਅੰਗ- ੯੧੭*

ਇਹ ਗੁਰਮਤਿ ਦੀ ਆਖਰੀ ਮੰਜ਼ਿਲ ਹੈ ਜਿਥੇ ਜਾ ਕੇ ਪਰਮ ਆਨੰਦ ਦੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ। ਇਹ ਉਸ ਵਾਹਿਗੁਰੂ ਅੱਗੇ ਪੂਰਨ ਆਤਮ-ਸਮਰਪਨ ਦੀ ਬੁਧਿ ਹੈ ਜਿਸ ਨਾਲ ਅਉਗਣਾਂ ਦੀ ਪੋਟਲੀ ਉਡ ਜਾਂਦੀ ਹੈ ਤੇ ਨਿਰਭੈਤਾ ਪ੍ਰਾਪਤ ਹੋ ਜਾਂਦੀ ਹੈ -

*ਮਨੁ ਤਨੁ ਬੁਧਿ ਅਰਪੀ ਠਾਕੁਰ ਕਉ*
*ਤਬ ਹਮ ਸਹਜਿ ਸੋਏ ॥ ੩ ॥*
*ਜਉ ਲਉ ਪੋਟ ਉਠਾਈ ਚਲਿਅਉ*
*ਤਉ ਲਉ ਡਾਨ ਭਰੇ ॥ ਪੋਟ ਡਾਰਿ ਗੁਰੁ ਪੂਰਾ*
*ਮਿਲਿਆ ਤਉ ਨਾਨਕ ਨਿਰਭਏ ॥* *ਅੰਗ - ੨੧੪*

ਕੀ ਉਪਰੋਕਤ ਸਿਧਾਂਤਾਂ ਦੀ ਪੁਸ਼ਟੀ ਵਿਹਾਰਿਕ ਰੂਪ ਵਿਚ ਹੁੰਦੀ ਹੈ? ਜਾਂ ਸਿਰਫ ਇਹ ਸਿਧਾਂਤ ਲਿਖਣ, ਪੜ੍ਹਨ ਜਾਂ ਸੁਣਨ ਤਕ ਹੀ ਸੀਮਤ ਹਨ। ਇਸ ਅਣਬੁਝੀ ਬੁਝਾਰਤ ਦਾ ਜੁਆਬ 'ਹਾਂ' ਪੱਖੀ ਹੈ। ਪੋਜ਼ੇਟਿਵ ਹੈ। ਕਿ 'ਹਾਂ' ਇਹੋ ਜਿਹੀਆਂ ਪ੍ਰਮੇਸ਼ਰ ਦੇ ਦਰ ਤੋਂ ਵਰੋਸਾਈਆਂ ਰੂਹਾਂ ਹਨ ਜੋ ਕਿ ਇਸ ਮਨੁੱਖਤਾ ਨੂੰ ਐਸਾ ਜੀਵਨ ਜਿਉਂ ਕੇ ਦਿਖਾਉਂਦੀਆਂ ਹਨ ਜਿਨ੍ਹਾਂ ਦੇ ਜੀਵਨ ਵਿਚੋਂ ਸਾਨੂੰ ਰੋਸ਼ਨੀ ਮਿਲਦੀ ਹੈ। ਉਹ ਸਾਡੇ ਲਈ ਰਾਹ ਦਸੇਰਾ ਬਣ, ਮੰਜ਼ਿਲੇ ਮਕਸੂਦ ਦੀ ਸੋਝੀ ਕਰਾਉਂਦੀਆਂ ਹਨ -

*ਗੁਰਬਾਣੀ ਇਸੁ ਜਗ ਮਹਿ ਚਾਨਣੁ*
*ਕਰਮਿ ਵਸੈ ਮਨਿ ਆਏ ॥* *ਅੰਗ - ੬੭*

ਉਨ੍ਹਾਂ ਨੇ ਰੋਸ਼ਨੀ, ਉਸ ਲਾਈਟ ਹਾਊਸ ਤੋਂ ਲਈ ਹੁੰਦੀ ਹੈ ਜੋ ਸਾਰੀ ਸ੍ਰਿਸ਼ਟੀ ਨੂੰ ਰਚ ਆਪ ਉਸ ਵਿਚ ਵਿਦਮਾਨ ਹੈ। ਅਕਾਲ ਪੁਰਖ ਵਾਹਿਗੁਰੂ ਨਾਲ ਆਪ ਜੁੜੇ ਹੁੰਦੇ ਹਨ। ਐਸੇ ਸਤਿਪੁਰਸ਼ ਸੰਸਾਰ ਮੰਚ 'ਤੇ ਆ ਕੇ, ਹਨ੍ਹੇਰ ਕੋਠੜੀਆਂ ਵਿਚ ਰੋਸ਼ਨੀ ਦੀ ਕਿਰਨ ਗੁਰਮਤਿ ਦੇ ਪ੍ਰਚਾਰ ਪਾਸਾਰ ਰਾਹੀਂ ਪਹੁੰਚਾਉਣ ਲਈ ਦਿਨ ਰਾਤ ਯਤਨਸ਼ੀਲ ਰਹਿੰਦੇ ਹਨ। ਉਨ੍ਹਾਂ ਦਾ ਸਮੁੱਚਾ ਜੀਵਨ ਮਾਨਵਤਾ ਦੇ ਭਲੇ ਲਈ ਹੁੰਦਾ ਹੈ। ਭਾਵ -

*ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥* *ਅੰਗ - ੨੭੩*

ਮਨ ਕਰਕੇ ਉਹ ਸੰਗਤਾਂ ਦੀ ਧੂੜ ਬਣ, ਕੌਮੀ ਸੇਵਾਦਾਰ ਬਣ ਜੀਵਨ ਬਤੀਤ ਕਰਦੇ ਹਨ। ਪਰ 'ਮਤਿ' ਉਚੀ ਹੋਣ ਕਾਰਨ ਸਭ ਤੋਂ ਉਚੇ ਵੀ ਮੰਨੇ ਜਾਂਦੇ ਹਨ -

*ਸੰਤ ਸਹਾਈ ਜੀਅ ਕੇ ਭਵਜਲ ਤਾਰਣਹਾਰ ॥*
*ਸਭ ਤੇ ਊਚੇ ਜਾਣੀਅਹਿ ਨਾਨਕ ਨਾਮ ਪਿਆਰ ॥*
*ਅੰਗ - ੯੨੯*

ਉਹਨਾਂ ਦੀਆਂ ਜਨਮਾਂ-ਜਨਮਾਂ ਦੀ ਘਾਲਣਾ ਕਮਾਈਆਂ ਸਾਡੇ ਲਈ ਪੱਥ ਪ੍ਰਦਰਸ਼ਨ ਬਣਦੀਆਂ ਹਨ। ਇਸ ਜਨਮ ਵਿਚ ਉਨ੍ਹਾਂ ਵਲੋਂ ਨਾਮ-ਬਾਣੀ ਦੀ ਕੀਤੀ ਘਾਲ ਕਮਾਈ ਮਾਨਵਤਾ ਲਈ ਵਰਦਾਨ ਬਣ ਜਾਂਦੀ ਹੈ। ਉਸ ਨਾਮ-ਬਾਣੀ ਦੀ ਕਮਾਈ ਸਦਕਾ ਗੁਰੂ ਵਿਚ ਅਭੇਦ ਹੋ, ਅਮਰ ਅਵਸਥਾ ਪ੍ਰਾਪਤ ਕਰ ਜਾਂਦੇ ਹਨ। ਜੀਵਨ ਮੁਕਤਿ ਅਵਸਥਾ ਦੇ ਧਾਰਨੀ ਬਣ ਸਦਾ ਲਈ ਅਮਰ ਹੋ ਜਾਂਦੇ ਹਨ -

*ਪ੍ਰਭ ਕੀ ਆਗਿਆ ਆਤਮ ਹਿਤਾਵੈ ॥*
*ਜੀਵਨ ਮੁਕਤਿ ਸੋਊ ਕਹਾਵੈ ॥* *ਅੰਗ - ੨੭੫*

ਉਨ੍ਹਾਂ ਦੀ ਸਦੀਵੀ ਅਮਰਤਾ ਦੋ ਤਰੀਕਿਆਂ ਨਾਲ ਦ੍ਰਿਸ਼ਟੀਗੋਚਰੇ ਹੁੰਦੀ ਹੈ। ਇਕ ਤਾਂ ਉਹ ਆਪਣੀ ਆਤਮਿਕ ਅਵਸਥਾ ਦੀ ਉਚਤਾਈ ਕਰਕੇ ਅਭੇਦ ਅਵਸਥਾ ਪ੍ਰਾਪਤ ਕਰ ਲੈਂਦੇ ਹਨ ਤੇ ਜਨਮ ਮਰਨ ਤੋਂ ਰਹਿਤ ਸਦਾ ਦਾ ਅਮਰ ਜੀਵਨ ਪ੍ਰਾਪਤ ਕਰ ਲੈਂਦੇ ਹਨ।

*ਜਨਮ ਮਰਣ ਦੁਹਹੂ ਮਹਿ ਨਾਹੀ*
*ਜਨ ਪਰਉਪਕਾਰੀ ਆਏ ॥* *ਅੰਗ - ੭੪੯*

ਦੂਸਰਾ ਉਨ੍ਹਾਂ ਵਲੋਂ ਮਾਨਵਤਾ ਲਈ ਕੀਤੇ ਕਾਰਜਾਂ ਕਰਕੇ ਵੀ ਉਹ ਸਦਾ ਅਮਰ ਰਹਿੰਦੇ ਹਨ। ਐਸੀਆਂ ਰੱਬੀ ਰੂਹਾਂ ਸੰਸਾਰ ਮੰਚ ਤੋਂ ਜਾ ਕੇ ਵੀ ਜਾਂਦੀਆਂ ਨਹੀਂ ਹਨ। ਪੰਜ ਭੌਤਿਕ ਸਰੀਰ ਦੇ ਉਹਲੇ ਹੋਣ ਤੇ ਉਨ੍ਹਾਂ ਦੇ ਦਰਸ਼ਨ ਅੰਤਰ ਆਤਮੇ ਹੀ ਸੰਭਵ ਹਨ। ਨੈਣ ਖੁਲੀ ਸਮਾਧੀ ਤੋਂ ਨੈਣ ਮੁੰਦੀ ਸਮਾਧੀ ਧਾਰਨ ਕਰਕੇ ਉਨ੍ਹਾਂ ਦੀ ਝਲਕ ਅੰਤਰ ਆਤਮੇ ਹੀ ਹੋ ਸਕਦੀ ਹੈ।ਭਾਵ -

*ਅੰਤਰ ਆਤਮੈ ਜੋ ਮਿਲੈ ਮਿਲਿਆ ਕਹੀਐ ਸੋਇ ॥*
*ਅੰਗ - ੭੯੧*

ਉਥੇ ਮਿਲਾਪ ਸਰੀਰ ਦਾ ਨਹੀਂ ਸ਼ਬਦ ਦਾ ਹੈ। ਗੁਣਾਂ ਦੀ ਸਾਂਝ ਦਾ ਹੈ -

*ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ ॥*
*ਜੇ ਗੁਣ ਹੋਵਹਿ ਗੰਠੜੀਐ ਮੇਲੇਗਾ ਸੋਈ ॥* *ਅੰਗ - ੭੨੯*

ਉਨ੍ਹਾਂ ਵਰਗੇ ਗੁਣ ਧਾਰਨ ਕਰਨ ਨਾਲ ਹੀ ਮਿਲਾਪ ਸੰਭਵ ਹੈ। ਐਸੇ ਜਨ ਵਿਰਲੇ ਹਨ ਜੋ -

***ਆਪਿ ਜਪਹੁ ਅਵਰਹ ਨਾਮੁ ਜਪਾਵਹੁ ॥*** *(**ਅੰਗ** - ੨੯੦)* ਤੇ ਪਹਿਰਾ ਦੇ ਮਾਨਵਤਾ ਲਈ ਗਾਡੀ ਰਾਹ ਬਣ, ਰਾਹ ਦਸੇਰਾ ਹੋ ਨਿਬੜਦੇ ਹਨ।

ਮੇਰੀ ਮੁਰਾਦ ਰਤਵਾੜਾ ਸਾਹਿਬ ਵਾਲੇ ਪਿਆਰੇ ਮਹਾਂਪੁਰਸ਼ਾਂ ਤੋਂ ਹੈ। ਜਿਨ੍ਹਾਂ ਨੇ ਪਿਛਲੇ ਜਨਮਾਂ ਦੀਆਂ ਘਾਲਣਾ ਕਮਾਈਆਂ ਸਦਕਾ ਇਸ ਜਨਮ ਵਿਚ ਬਚਪਨ ਤੋਂ ਲੈ ਕੇ ਆਖਰੀ ਸਵਾਸ ਤਕ ਨਾਮ-ਬਾਣੀ ਨਾਲ ਜੁੜ ਕੇ ਜੀਵਨ ਬਸਰ ਕੀਤਾ ਹੈ। ਉਨ੍ਹਾਂ ਦੀ ਮਾਤ ਲੋਕ ਦੀ ਯਾਤਰਾ ਸਫਲ ਹੋਈ।

*ਸਫਲ ਸਫਲ ਭਈ ਸਫਲ ਜਾਤ੍ਰਾ ॥*
*ਆਵਣ ਜਾਣ ਰਹੇ ਮਿਲੇ ਸਾਧਾ ॥* *ਅੰਗ - ੬੮੭*

ਭਾਵੇਂ ਉਨ੍ਹਾਂ ਦੀ ਮਾਤ ਲੋਕ ਦੀ ਯਾਤਰਾ 17 ਜੂਨ 1918 (ਜਨਮ) ਤੋਂ ਲੈ ਕੇ 31 ਅਕਤੂਬਰ 2001 ਤਕ ਦੀ ਹੈ। ਇਸ ਸਮੁੱਚੀ ਯਾਤਰਾ ਵਿਚ ਉਨ੍ਹਾਂ ਦੇ ਜੀਵਨ ਵਿਚੋਂ ਗੁਰਮਤਿ ਦੇ ਤਿੰਨ ਸੁਨਹਿਰੀ ਅਸੂਲਾਂ - 'ਕਿਰਤ ਕਰਨੀ, ਨਾਮ ਜਪਣਾ, ਵੰਡ ਛਕਣਾ' 'ਤੇ ਜੀਵਨ ਭਰ ਪਹਿਰਾ ਦਿਤਾ। ਕਿਤੇ ਵੀ ਇਨ੍ਹਾਂ ਅਸੂਲਾਂ ਤੋਂ ਥਿੜਕੇ ਨਹੀਂ। ਇਕ ਸਿਧਾਂਤ ਜੋ ਕਿ ਸਾਹਿਬ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰ ਦਾ ਪ੍ਰਮੁੱਖ ਤੇ ਵਿਸ਼ੇਸ਼ ਹੈ। ਜੋ ਕਿ ਸਿੱਖ ਦੀ ਮੰਜ਼ਿਲੇ ਮਕਸੂਦ ਹੈ। ਉਹ ਹੈ '***ਨਾਨਕ ਕੈ ਘਰਿ ਕੇਵਲ ਨਾਮੁ ॥***' ***(ਅੰਗ-*੧੧੩੬)** ਤਮਾਮ ਜ਼ਿੰਦਗੀ ਮਹਾਂਪੁਰਸ਼ਾਂ ਨੇ ਇਸ ਸਿਧਾਂਤ ਦੀ ਆਪਣੀ ਜ਼ਿੰਦਗੀ ਵਿਚ ਕਮਾਈ ਕੀਤੀ ਤੇ ਲੱਖਾਂ ਨੂੰ ਇਸ 'ਤੇ ਪਹਿਰਾ ਦੇਣ ਲਈ ਪ੍ਰੇਰਨਾ ਦਿਤੀ। ਇਸ ਸਿਧਾਂਤ 'ਤੇ ਚੱਲਣ ਵਾਲੇ ਸਰੀਰਕ ਤੌਰ 'ਤੇ ਭਾਵੇਂ ਉਹਲੇ ਹੋ ਜਾਣ ਪਰ ਉਹ ਆਤਮਿਕ ਤੌਰ 'ਤੇ ਸਦਾ ਹੀ ਅਮਰ ਹਨ -

*ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥ ਅੰਗ - ੨੭੩*

ਭਾਵ -

*ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ ॥*
*ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰ ਮੰਤੁ॥*
*ਅੰਗ - ੧੪੨੯*

*ਐਸੇ ਜਨ ਵਿਰਲੇ ਸੰਸਾਰੇ ॥*
*ਗੁਰ ਸਬਦੁ ਵੀਚਾਰਹਿ ਰਹਹਿ ਨਿਰਾਰੇ ॥*
*ਆਪਿ ਤਰਹਿ ਸੰਗਤਿ ਕੁਲ ਤਾਰਹਿ*
*ਤਿਨ ਸਫਲ ਜਨਮੁ ਜਗਿ ਆਇਆ ॥ ਅੰਗ - ੧੦੩੯*

ਰਤਵਾੜਾ ਸਾਹਿਬ ਵਾਲੇ ਪਿਆਰੇ ਮਹਾਂਪੁਰਸ਼ (ਸੰਤ ਵਰਿਆਮ ਸਿੰਘ ਜੀ) ਅਤੇ ਉਨ੍ਹਾਂ ਦੇ ਜੀਵਨ ਸਾਥੀ ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ ਉਨ੍ਹਾਂ ਨੇ ਆਪ ਨਾਮ-ਬਾਣੀ ਦੀਆਂ ਕਮਾਈਆਂ ਕੀਤੀਆਂ ਤੇ ਅਭੇਦ ਅਵਸਥਾ ਪ੍ਰਾਪਤ ਕੀਤੀ। ਉਨ੍ਹਾਂ ਵਲੋਂ ਆਰੰਭੇ ਕਾਰਜ ਅੱਜ ਮਾਨਵਤਾ ਲਈ ਵਰਦਾਨ ਸਿੱਧ ਹੋ ਰਹੇ ਹਨ ਜਿਵੇਂ ਕਿ ਸਕੂਲ, ਕਾਲਜ, ਹਸਪਤਾਲ, ਬਿਰਧ ਆਸ਼ਰਮ, ਕੁਦਰਤੀ ਆਫ਼ਤਾਂ ਸਮੇਂ ਸਹਾਇਤਾ, ਲੰਗਰ, ਰਿਹਾਇਸ਼, 'ਆਤਮ ਮਾਰਗ' ਮੈਗਜ਼ੀਨ ਗੁਰਮਤਿ ਦੇ ਗੂੜ੍ਹ ਸਿਧਾਂਤਾਂ ਤੇ ਸਰਲ ਬੋਲੀ ਵਿਚ ਪੁਸਤਕਾਂ, ਧਾਰਮਿਕ ਦੀਵਾਨਾਂ ਦੀਆਂ ਆਡੀਓ, ਵੀਡੀਓ, ਕੈਸਟਾਂ (ਹੁਣ ਪੈਨ ਡਰਾਇਵ ਜਾਂ ਸੀਡੀਜ਼), ਵੱਡੀ ਪੱਧਰ 'ਤੇ ਅੰਮ੍ਰਿਤ ਸੰਚਾਰ ਅਤੇ ਮਹਾਨ ਰੂਹਾਨੀ ਗੁਰਮਤਿ ਸਮਾਗਮਾਂ, ਦੇਸ ਵਿਦੇਸ਼ ਧਾਰਮਿਕ ਦੀਵਾਨਾਂ, ਕੀਰਤਨ ਰਾਹੀਂ, ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੋੜਨਾ ਆਦਿ ਅਨੇਕਾਂ ਕਾਰਜ ਮਾਨਵਤਾ ਲਈ ਵਰਦਾਨ ਹਨ। ਐਸੇ ਜਨ ਆਤਮਿਕ ਅਵਸਥਾ ਕਰਕੇ ਅਤੇ ਕੀਤੇ ਕਾਰਜਾਂ ਕਰਕੇ ਸਦਾ ਲਈ ਅਮਰ ਹਨ। ਐਸੇ ਸਤਿਪੁਰਸ਼ਾਂ ਨੂੰ ਸਦਾ-ਸਦਾ ਨਮਸਕਾਰ ਹੈ -

*ਧੰਨੁ ਧੰਨੁ ਧੰਨੁ ਜਨੁ ਆਇਆ ॥*
*ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ ॥*
*ਜਨ ਆਵਨ ਕਾ ਇਹੈ ਸੁਆਉ ॥*
*ਜਨ ਕੈ ਸੰਗਿ ਚਿਤਿ ਆਵੈ ਨਾਉ ॥*
*ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥*
*ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥ ਅੰਗ - ੨੯੫*

ਸਦਾ-ਸਦਾ ਨਮਸਕਾਰ ਕਰਦੇ ਹੋਏ ਚਲ ਰਹੀ ਵਿਚਾਰ ਨੂੰ ਵਿਸਰਾਮ ਦਿੰਦੇ ਹਾਂ। ਸਭ ਪਿਆਰੇ ਪਾਠਕ ਜਨਾਂ ਅਤੇ ਗੁਰੂ ਪਿਆਰੀਆਂ ਸੰਗਤਾਂ ਨੇ ਆਸੀਸ ਦੇਣੀ ਕਿ -

*ਦੇਹੁ ਸਜਣ ਆਸੀਸੜੀਆ*
*ਜਿਉ ਹੋਵੈ ਸਾਹਿਬ ਸਿਉ ਮੇਲੁ ॥ ਅੰਗ - ੧੫੭*

ਉਨ੍ਹਾਂ ਦੇ ਪ੍ਰਵਚਨਾਂ ਦੀ ਲੜੀ ਵਿਚ ਅੰਤਲੇ ਸਮੇਂ ਸੰਗਤਾਂ ਦੇ ਸਨਮੁੱਖ ਕੀਤੇ ਪ੍ਰਵਚਨ ਵਿਚੋਂ ਇਕ ਬਚਨ ਇਥੇ ਕੋਡ ਕਰਨਾ ਮੁਨਾਸਿਬ ਸਮਝਦੇ ਹਾਂ ਕਿ - 'ਆਰ ਵਸਦੀ ਸੰਗਤ ਪਿਆਰੀ ਪਾਰ ਮੇਰਾ ਪਿਆਰਾ ਵਸਦੈ।' ਜਦੋਂ ਪਾਰ ਵਾਲੇ ਪਿਆਰੇ ਦਾ ਹੁਕਮ ਆ ਗਿਆ ਤਾਂ ਅਸੀਂ ਉਸ ਇਲਾਹੀ ਹੁਕਮ ਨੂੰ ਮੋੜ ਨਹੀਂ ਸਕਦੇ ਫਿਰ ਸੰਗਤ ਕੋਲੋਂ ਮਾਫੀ ਮੰਗ ਲਵਾਂਗੇ। ਇਹ ਬਚਨ ਪੜ੍ਹਨ, ਸੁਣਨ ਨੂੰ ਭਾਵੇਂ ਆਮ ਬਚਨਾਂ ਵਰਗਾ ਹੋਵੇਗਾ ਪਰ ਸਿਧਾਂਤਕ ਅਤੇ ਵਿਹਾਰਿਕ ਤੌਰ 'ਤੇ ਇਸ ਦੀ ਗਹਿਰਾਈ ਬਹੁਤ ਅਗੰਮੀ ਹੈ। ਇਸ ਬਚਨ ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਦੇ ਆਪਣੇ ਪਾਰ ਵਸਦੇ ਪਿਆਰੇ ਨਾਲ ਅਤੇ ਆਰ ਵਸਦੀ ਸੰਗਤ ਨਾਲ ਕਿੰਨਾਂ ਕੁ ਅਥਾਹ ਪਿਆਰ ਹੋਵੇਗਾ। ਇਹ ਅੰਦਾਜ਼ਾ ਲਾਉਣਾ ਔਖਾ ਹੈ। ਇਹ ਬਚਨ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਗੁਰੂ ਪਿਆਰੀ ਸੰਗਤ ਨਾਲ ਉਨ੍ਹਾਂ ਦੇ ਅਥਾਹ ਪਿਆਰ ਸੀ ਜਿਸ ਪ੍ਰਥਾਏ ਉਪਰੋਕਤ ਬਚਨ ਆਇਆ। ਇਥੇ ਹੀ ਬੱਸ ਨਹੀਂ ਜਦੋਂ ਉਨ੍ਹਾਂ ਨੇ ਆਖਰੀ ਸਾਲਾਨਾ ਸਮਾਗਮ ਵਿਚ ਲੱਖਾਂ ਸੰਗਤਾਂ ਦੇ ਠਾਠਾਂ ਮਾਰਦੇ ਵਿਸ਼ਾਲ ਇਕੱਠ ਨੂੰ ਵਾਹਿਗੁਰੂ ਮੰਤ੍ਰ ਦਾ ਜਾਪ ਕਰਵਾ ਕੇ ਨਾਮ ਜਪਣ ਦੀ ਜੁਗਤਿ ਦਾ ਖੁੱਲ੍ਹਾ ਛੱਟਾ ਦਿਤਾ। ਨਾਮ ਅੰਮ੍ਰਿਤ ਦੇ ਭੰਡਾਰੇ ਸਾਰਿਆਂ ਲਈ ਖੋਲ੍ਹ ਦਿਤੇ। ਉਸ ਸਮੇਂ ਲੱਖਾਂ ਸੰਗਤਾਂ ਗਵਾਹ ਹਨ ਕਿ ਆਪ ਜੀ ਨੇ ਭਰੇ ਹੋਏ ਗਲੇ ਨਾਲ ਅਤੇ ਭਿੱਜੇ ਹੋਏ ਨੇਤਰਾਂ ਨਾਲ ਬਚਨ ਕੀਤਾ ਕਿ ਮੈਨੂੰ ਸੰਗਤ ਵਿਚੋਂ ਸ੍ਰੀ ਗੁਰੂ ਨਾਨਕ ਸਾਹਿਬ ਦੇ ਦਰਸ਼ਨ

ਹੋਏ ਹਨ। '***....ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ ॥ ' (ਅੰਗ-੯੪)*** ਦੇ ਮਹਿਸੂਸ ਕੀਤੇ ਹੋਏ ਪ੍ਰਤੱਖ ਝਲਕਾਰੇ ਬਾਰੇ ਆਪ ਜੀ ਨੇ ਦਸਿਆ।

ਸੋ ਆਉ! ਇਹੋ ਜਿਹੇ ਪਿਆਰਿਆਂ ਦੀ ਯਾਦ ਵਿਚ ਚਾਰ ਦਿਨ ਲਈ ਸਮੂਹਿਕ ਰੂਪ ਵਿਚ ਜੁੜ ਬੈਠੀਏ। ਪਿਆਰੇ ਦੀ ਮਿੱਠੀ ਅਤੇ ਨਿੱਘੀ ਯਾਦ ਵਿਚ ਚਾਰ ਰੋਜ਼ਾ ਮਹਾਨ ਗੁਰਮਤਿ ਸਮਾਗਮ ਪਾਵਨ ਅਸਥਾਨ ਗੁ. ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਹੋ ਰਹੇ ਹਨ। ਲੱਖਾਂ ਦੀ ਤਦਾਦ ਵਿਚ ਗੁਰੂ ਪਿਆਰ ਵਾਲੀਆਂ ਸੰਗਤਾਂ ਨੇ ਪਿਆਰੇ ਦੇ ਪਿਆਰ ਵਿਚ ਆ ਕੇ ਸ਼ਰਧਾ ਦੇ ਫੁੱਲ ਭੇਟ ਕਰਨੇ ਹਨ। ਇਹ ਸਮਾਗਮ ਸ਼ਰਧਾ ਪਿਆਰ ਤੇ ਵੈਰਾਗ ਦਾ ਪ੍ਰਤੱਖ ਰੂਪ ਪ੍ਰਗਟਾਉਂਦਾ ਸਮਾਪਤੀ ਵਲ ਵਧਦਾ ਹੈ। ਬਹੁਤ ਸਾਰੇ ਸੰਤ ਮਹਾਤਮਾ, ਰੱਬੀ ਰੂਹਾਂ, ਰਾਗੀ, ਢਾਡੀ, ਕਥਾ ਵਾਚਕ, ਵਿਦਵਾਨ ਜਨਾਂ ਨੇ ਸੰਗਤਾਂ ਦੇ ਦਰਸ਼ਨ ਕਰਨੇ ਹਨ। ਸੋ ਸੰਗਤਾਂ ਦੇ ਪਿਆਰ ਤੇ ਸ਼ਰਧਾ ਨੂੰ ਦੇਖਦੇ ਹੋਏ ਸੰਗਤਾਂ ਦੀ ਆਮਦ ਨੂੰ ਮੱਦੇ ਨਜ਼ਰ ਰਖਦਿਆਂ, ਸੇਵਾ ਸੰਭਾਲ ਲਈ ਲੋੜੀਂਦੇ ਪ੍ਰਬੰਧ ਵੀ ਉਚਿਤ ਅਤੇ ਸੁਚੱਜੇ ਕਰਨੇ ਸਾਡਾ ਸਾਰਿਆਂ ਦਾ ਫਰਜ਼ ਹੈ। ਇਸ ਪ੍ਰਥਾਇ ਪਿਆਰੇ ਮਹਾਂਪੁਰਸ਼ਾਂ ਵਲੋਂ ਦਰਸਾਈ ਪ੍ਰਬੰਧਕ ਜੁਗਤਿ ਦੇ ਅਧਾਰ 'ਤੇ ਟਰੱਸਟ ਦੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਵਲੋਂ, ਸਮੂੰਹ ਟਰੱਸਟੀ ਸਾਹਿਬਾਨ ਅਤੇ ਸੰਗਤਾਂ ਦੇ ਸਹਿਯੋਗ ਨਾਲ ਲੋੜੀਂਦੇ ਯੋਗ ਪ੍ਰਬੰਧ ਕੀਤੇ ਜਾ ਰਹੇ ਹਨ। ਇਨ੍ਹਾਂ ਪ੍ਰਬੰਧਾਂ ਸਬੰਧੀ ਮੀਟਿੰਗਾਂ ਹੋ ਚੁਕੀਆਂ ਹਨ। ਸੇਵਾਵਾਂ ਦੀ ਵੰਡ ਕੀਤੀ ਜਾ ਚੁਕੀ ਹੈ। ਲੰਮੇਰੇ ਕਾਰਜ ਅਗਸਤ ਮਹੀਨੇ ਤੋਂ ਹੀ ਸ਼ੁਰੂ ਕਰ ਦਿਤੇ ਗਏ ਸਨ। ਦੇਸ-ਵਿਦੇਸ਼ ਵਾਲੀਆਂ ਸਮੂੰਹ ਸੰਗਤਾਂ ਨੂੰ ਟਰੱਸਟ ਰਤਵਾੜਾ ਸਾਹਿਬ ਵਲੋਂ ਸਨਿਮਰ ਬੇਨਤੀ ਹੈ ਕਿ ਆਉ! ਚਾਰ ਦਿਨ ਲਈ ਪਿਆਰੇ ਦੇ ਪਿਆਰ ਵਿਚ ਜੁੜ ਬੈਠੀਏ। ਵੱਧ ਚੜ੍ਹ ਕੇ, ਹੁੰਮਾ-ਹੁੰਮਾ ਕੇ ਪਾਵਨ ਧਰਤੀ ਗੁ: ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ। ਆਪ ਜੀ ਦੀ ਆਮਦ ਨਾਲ ਸਾਡੇ ਸਾਰਿਆਂ ਦੀ ਝੋਲੀ ਸ਼ਰਧਾ, ਪਿਆਰ ਤੇ ਵੈਰਾਗ ਰੂਪੀ ਮਾਣਕ ਮੋਤੀਆਂ ਨਾਲ ਸਰਸ਼ਾਰ ਹੋ ਜਾਵੇਗੀ। ਦੇਸ਼-ਵਿਦੇਸ਼ ਦੀਆਂ ਸੰਗਤਾਂ, ਆਉਣ ਦੀ ਅਗਾਂਹੂ ਸੂਚਨਾ ਦੇਣ ਦੀ ਕ੍ਰਿਪਾਲਤਾ ਕਰਨ ਜੀ ਤਾਂ ਜੋ ਆਪ ਜੀ ਲਈ ਰਿਹਾਇਸ਼ ਆਦਿ ਦੇ ਸੁਚੱਜੇ ਲੋੜੀਂਦੇ ਪ੍ਰਬੰਧ ਕੀਤੇ ਜਾ ਸਕਣ। 4 ਰੋਜ਼ਾ ਸਮਾਗਮ ਦੀ ਵਿਸਥਾਰ ਪੂਰਵਕ ਜਾਣਕਾਰੀ ਅਲੱਗ ਪੇਜ਼ ਤੇ ਦਿਤੀ ਜਾਵੇਗੀ। ਆਉ! ਦੀਦਾਰੇ ਬਖਸ਼ੋ ਜੀ।

*ਸੰਗਤਾਂ ਦੀ ਉਡੀਕ ਵਿਚ*
*ਟਰੱਸਟ ਰਤਵਾੜਾ ਸਾਹਿਬ ਤੇ ਸਮੂੰਹ ਸੰਗਤ*

### 'ਆਤਮ ਮਾਰਗ' ਸੰਬੰਧੀ ਜ਼ਰੂਰੀ ਬੇਨਤੀਆਂ

1. ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।
2. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।
3. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦਰ ਤੇ ਜਾਂ ਦਫ਼ਤਰ 'ਆਤਮ ਮਾਰਗ' ਰਤਵਾੜਾ ਸਾਹਿਬ ਵਾਪਿਸ ਕਰ ਦਿਤੇ ਜਾਣ।

# ਕਤਿਕਿ

**(ਕੱਤਕ ਮਹੀਨੇ ਦੀ ਸੰਗਰਾਂਦ : 17 ਅਕਤੂਬਰ, ਦਿਨ ਸ਼ੁਕਰਵਾਰ)**

*ਡਾ. ਭਾਈ ਵੀਰ ਸਿੰਘ ਜੀ*

**ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥**
**ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥**
**ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥**
**ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ ॥**
**ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ ॥**
**ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ ॥**
**ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ ॥**
**ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ ॥**
**ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ ॥ ੯ ॥** *ਅੰਗ – ੧੩੫*

ਕਤਿਕ ਦੁਆਰਾ (ਉਪਦੇਸ਼ ਹੈ ਕਿ ਜੇ ਸੰਸਾਰ ਵਿਚ ਦੁਖ ਯਾ ਸੰਕਟ ਆਉਂਦੇ ਹਨ ਤਾਂ) ਕਿਸੇ ਨੂੰ ਦੋਸ਼ ਕੀਹ ਦੇਣਾ ਹੈ (ਇਹ ਆਪਣੇ ਹੀ ਕੀਤੇ) ਕਰਮਾਂ ਦੀ ਕਮਾਈ ਹੈ। ਪਰਮੇਸ਼ਰ ਤੋਂ ਭੁੱਲਿਆਂ ਸਾਰੇ ਰੋਗ ਆ ਗ੍ਰਸਦੇ ਹਨ। (ਜੋ) ਵਾਹਿਗੁਰੂ ਜੀ ਤੋਂ (ਹੁਣ) ਬੇਮੁਖ ਹੋਏ ਹਨ, (ਉਹਨਾਂ ਨੂੰ) ਜਨਮਾਂ ਦੇ ਵਿਛੋੜੇ ਪੈ ਜਾਂਦੇ ਹਨ ਤੇ ਮਾਇਆ ਦੇ ਭੋਗ ਭਾਵੇਂ ਜਿੰਨੇ ਵੀ ਹੋਣ, ਛਿਨ ਵਿਚ ਕਉੜੇ ਹੋ ਜਾਂਦੇ ਹਨ। (ਇਸ ਦਸ਼ਾ ਵਿਚ) ਕੋਈ ਵਿਚੋਲਗੀ ਨਹੀਂ ਕਰ ਸਕਦਾ, ਨਿਤ ਦਿਹਾੜੀ ਕਿਸ ਅੱਗੇ ਜਾ ਕੇ ਰੋਇਆ ਜਾਵੇ? (ਅਪਣਾ) ਕੀਤਾ ਕੁਝ ਨਹੀਂ ਹੋ ਸਕਦਾ (ਹੁੰਦਾ ਹੈ ਉਹ ਜੋ) ਧੁਰ ਦਾ ਸੰਜੋਗ ਲਿਖਿਆ ਹੈ (ਭਾਵ ਜੈਸਾ ਭਾਗ ਲਿਖਿਆ ਹੈ)। ਪਰ ਵੱਡੇ ਭਾਗਾਂ ਨਾਲ (ਜੇ) ਮੇਰਾ ਪ੍ਰਭੂ (ਕਿਸੇ ਨੂੰ) ਮਿਲ ਪਵੇ ਤਾਂ ਸਾਰੇ ਵਿਯੋਗ (ਵਿਛੋੜੇ ਦੇ ਦੁੱਖ) ਉਤਰ ਜਾਂਦੇ ਹਨ। ਹੇ ਪ੍ਰਭੂ! ਹੇ ਮੇਰੇ ਸਾਹਿਬ! ਹੇ ਬੰਦੀ ਛੋੜ! ਨਾਨਕ ਨੂੰ ਰੱਖ ਲੈ। ਕੱਤਕ (ਮਹੀਨੇ ਦਾ ਉਪਦੇਸ਼ ਇਹ ਹੈ ਕਿ) ਜੇ ਸਾਧੂ ਦਾ ਸੰਗ (ਪ੍ਰਾਪਤ) ਹੋਵੇ ਤਾਂ ਸਭੇ (ਸੋਚਾਂ) ਫਿਕਰ ਦੂਰ ਹੋ ਜਾਣਗੇ।

ਵਿਆਖਿਆ – ਅਰਦਾਸ ਕੀਤੀ ਹੈ ਕਿ ਹੇ ਮੋਹ ਮਾਇਆ, ਜਨਮ ਮਰਨ ਤੇ ਹੋਰ ਸਾਰੇ ਬੰਧਨ ਕੱਟਣ ਵਾਲੇ ਪ੍ਰਭੂ! ਐਸੇ ਜੀਵਾਂ ਤੇ ਆਪਣੀ ਮਿਹਰ ਕਰਕੇ ਰੱਖ ਲਓ। ਇਸ ਮੇਲ ਲਈ ਸਾਧੂ ਦਾ ਸੰਗ ਆਪ ਦੀ ਮੇਹਰ ਨਾਲ ਮਿਲ ਪਵੇ ਤਾਂ ਸਾਰੇ ਫਿਕਰ ਦੂਰ ਹੋਣ ਜਾਣ।

ਨਿਰੁੱਕਤ – ਵਿਆਪਨਿ–ਆ ਲਗਦੇ ਹਨ, ਵਿਚੁ–ਵਿਚੋਲਗੀ। ਬਿਓਗ–ਵਿਯੋਗ, ਵਿਛੋੜੇ। ਬੰਦੀ ਮੋਚ–ਬੰਦੀ ਛੋੜ, ਕੈਦ ਤੋਂ ਖਲਾਸੀ ਦੇਣਹਾਰ।

# ਮੰਝ ਪਿਆਰਾ ਗੁਰੂ ਨੂੰ......।

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

*(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ-16)*

ਜਦੋਂ ਤਕ ਨਿਮਰਤਾ ਨਹੀਂ ਆਉਂਦੀ, ਮਹਾਰਾਜ ਕਹਿੰਦੇ ਇਹ ਅਭਿਮਾਨ ਵਿਚ ਫਿਰਦਾ ਹੈ -

*ਧਨਵੰਤਾ ਹੋਇ ਕਰਿ ਗਰਬਾਵੈ ॥*
*ਤ੍ਰਿਣ ਸਮਾਨਿ ਕਛੁ ਸੰਗਿ ਨ ਜਾਵੈ ॥*
*ਬਹੁ ਲਸਕਰ ਮਾਨੁਖ ਊਪਰਿ ਕਰੇ ਆਸ ॥*
*ਪਲ ਭੀਤਰਿ ਤਾ ਕਾ ਹੋਇ ਬਿਨਾਸ ॥*
*ਸਭ ਤੇ ਆਪ ਜਾਨੈ ਬਲਵੰਤੁ ॥*
*ਖਿਨ ਮਹਿ ਹੋਇ ਜਾਇ ਭਸਮੰਤੁ ॥*
*ਕਿਸੈ ਨ ਬਦੈ ਆਪਿ ਅਹੰਕਾਰੀ ॥*
*ਧਰਮ ਰਾਇ ਤਿਸੁ ਕਰੇ ਖੁਆਰੀ ॥*
*ਗੁਰ ਪ੍ਰਸਾਦਿ ਜਾ ਕਾ ਮਿਟੈ ਅਭਿਮਾਨੁ ॥*
*ਸੋ ਜਨੁ ਨਾਨਕ ਦਰਗਹ ਪਰਵਾਨੁ ॥*        *ਅੰਗ - ੨੭੮*

ਮਾਣ ਤਾਂ ਚਲਦਾ ਹੀ ਨਹੀਂ ਹੈ। ਜੇ ਵਾਹਿਗੁਰੂ ਨੂੰ ਸਾਰਿਆਂ ਨਾਲੋਂ ਮਾੜੀ ਚੀਜ਼ ਲੱਗੀ ਹੈ ਸੰਸਾਰ ਦੇ ਅੰਦਰ, ਉਹ ਮਾਣ ਹੋਇਆ ਕਰਦੈ -

*ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ ॥*
*ਅੰਗ - ੧੦੮੯*

ਸ਼ਾਸਤਰ ਵੇਦ, ਕੁਰਾਨ ਸ਼ਰੀਫ ਦਸਦੇ ਨੇ ਕਿ ਸ਼ੈਤਾਨ ਨੂੰ ਜਦੋਂ ਗੁਮਾਨ ਹੋਇਆ, ਦਰਗਾਹ 'ਚੋਂ ਕੱਢ ਦਿਤਾ ਗਿਆ। ਵੇਦ ਕਹਿੰਦੇ ਨੇ ਕਿ ਜਿਸ-ਜਿਸ ਨੇ ਵੀ ਅਭਿਮਾਨ ਕਰਿਆ ਉਹ ਦੁਖੀ ਹੁੰਦਾ ਫਿਰਿਆ ਸਾਰੇ। ਸੋ ਇਸ ਕਰਕੇ - '***ਗੁਰ ਪ੍ਰਸਾਦਿ ਜਾ ਕਾ ਮਿਟੈ ਅਭਿਮਾਨੁ ॥ ਸੋ ਜਨੁ ਨਾਨਕ ਦਰਗਹ ਪਰਵਾਨੁ ॥***' ਉਹ ਪ੍ਰਵਾਨ ਹੋਇਆ ਕਰਦੈ -

ਸੋ ਅਭਿਮਾਨ ਬੁਰੀ ਚੀਜ਼ ਹੈ। ਦੇਹ ਅਧਿਆਸ ਦਾ ਕਿ ਮੈਂ ਸੋਹਣਾ ਹਾਂ, ਮੈਂ ਸੁਨੱਖਾ ਹਾਂ। ਮੇਰੀ ਦੇਹ ਬੜੀ ਸੁੰਦਰ ਹੈ, ਸ਼ੀਸ਼ੇ ਦੇ ਸਾਮ੍ਹਣੇ ਖੜ੍ਹਾ ਰਹਿੰਦਾ ਹੈ। ਕਹਿੰਦੇ, ਭਜਨ ਕਿਹੜੇ ਵੇਲੇ ਕਰੇਂਗਾ, ਤੇਰਾ ਤਾਂ ਅਧਿਆਸ ਪੱਕ ਗਿਆ ਕਿ ਮੈਂ ਸਰੀਰ ਹਾਂ। ਮਹਾਰਾਜ ਕਹਿੰਦੇ ਗੁਮਾਨ ਨਾ ਕਰ ਦੇਹੀ ਦਾ -

*ਕਬੀਰ ਗਰਬੁ ਨ ਕੀਜੀਐ ਦੇਹੀ ਦੇਖਿ ਸੁਰੰਗ ॥*
*ਆਜੁ ਕਾਲ੍ਹਿ ਤਜਿ ਜਾਹੁਗੇ ਜਿਉ ਕਾਂਚੁਰੀ ਭੁਯੰਗ ॥*
*ਅੰਗ - ੧੩੬੬*

ਇਕ ਵਾਰੀ ਬਾਬਾ ਫਰੀਦ ਜੀ ਤੁਰੇ ਜਾ ਰਹੇ ਨੇ ਤੇ ਮਕਾਨ ਦੇ ਵਿਚੋਂ ਬੀਬੀ ਚੀਕਾਂ ਮਾਰ ਰਹੀ ਹੈ, ਉਹਦੀ ਅਵਾਜ਼ ਆਈ। ਫਰੀਦ ਜੀ ਰੁਕ ਜਾਂਦੇ ਨੇ। ਰੁਕ ਕੇ ਦਰਵਾਜ਼ੇ 'ਤੇ ਦਸਤਕ ਦਿਤੀ। ਦਰਵਾਜ਼ਾ ਖੁੱਲ੍ਹਿਆ, ਪਰਤੱਖ ਰੋਣ ਦੀ ਅਵਾਜ਼ ਸੁਣੀ। ਦੇਖਿਆ, ਇਕ ਬੀਬੀ ਦੇ ਹੱਥ ਵਿਚ ਹੰਟਰ ਹੈ ਤੇ ਉਹ, ਉਸਨੂੰ ਮਾਰ ਰਹੀ ਹੈ। ਫਕੀਰ ਨੂੰ ਦੇਖਿਆ ਤੇ ਉਹ ਬਾਹਰ ਆਈ। ਕਹਿਣ ਲੱਗੇ, ਬੇਟਾ! ਐਨੀ ਮਾਰ? ਐਨੀ ਮਾਰ ਨਹੀਂ ਮਾਰਨੀ ਚਾਹੀਦੀ। ਕੀ ਕਸੂਰ ਹੋ ਗਿਆ ਇਸ ਬੱਚੀ ਤੋਂ? ਕਹਿੰਦੀ, ਬਾਬਾ! ਤੈਨੂੰ ਨਹੀਂ ਪਤਾ, ਅਸੀਂ ਦੁਨੀਆਂਦਾਰ ਲੋਕ ਹਾਂ ਤੇ ਮੈਂ ਵੇਸਵਾ ਹਾਂ। ਮੇਰੇ ਇਸ ਰੂਪ 'ਤੇ ਦੁਨੀਆ ਮੋਹਿਤ ਹੁੰਦੀ ਹੈ ਤੇ ਮੈਨੂੰ ਪੈਸੇ ਦਿੰਦੀ ਹੈ। ਤੂੰ ਨਹੀਂ ਇਹ ਗੱਲਾਂ ਜਾਣਦਾ, ਤੂੰ ਮਾੜੀਆਂ ਸਮਝਦਾ ਹੈਂ ਇਹਨਾਂ ਗੱਲਾਂ ਨੂੰ। ਇਹ ਨੌਕਰਾਣੀ ਹੈ, ਮੈਂ ਇਹਨੂੰ ਪੂਰੀ ਤਨਖਾਹ ਦਿੰਦੀ ਹਾਂ। ਇਹਨੇ ਸੁਰਮਾ ਮੋਟਾ ਰਗੜ ਦਿਤਾ। ਆਹ ਦੇਖ ਮੈਂ ਆਪਣੀ ਅੱਖ ਵਿਚ ਪਾਇਆ ਤੇ ਮੈਂ ਕਜਲੇ ਦੀ ਧਾਰ ਕੱਢੀ ਸੀ, ਅੱਖਾਂ ਵਿਚ ਪਾਣੀ ਆਉਣ ਦੇ ਨਾਲ ਫੈਲ ਗਈ ਉਹ। ਇਸ ਕਰਕੇ ਮੈਂ ਇਹਨੂੰ ਮਾਰ ਰਹੀ ਹਾਂ।

ਬਾਬਾ ਜੀ ਕਹਿਣ ਲੱਗੇ, ਬੀਬਾ! ਸਰੀਰ ਦਾ ਅਭਿਮਾਨ ਨਹੀਂ ਕਰੀਦਾ ਹੁੰਦਾ -

*ਧਾਰਨਾ - ਕਰੀਂ ਨਾ ਗੁਮਾਨ,*
*ਸੁੰਦਰ ਵੇਖ ਆਪਣੀ ਦੇਹੀ।*
*ਕਬੀਰ ਗਰਬੁ ਨ ਕੀਜੀਐ ਦੇਹੀ ਦੇਖਿ ਸੁਰੰਗ ॥*
*ਆਜੁ ਕਾਲ੍ਹਿ ਤਜਿ ਜਾਹੁਗੇ ਜਿਉ ਕਾਂਚੁਰੀ ਭੁਯੰਗ ॥*
*ਅੰਗ - ੧੩੬੬*
*ਕਬੀਰ ਮਾਟੀ ਕੇ ਹਮ ਪੂਤਰੇ ਮਾਨਸੁ ਰਾਖਿਉ ਨਾਉ ॥*
*ਚਾਰਿ ਦਿਵਸ ਕੇ ਪਾਹੁਨੇ ਬਡ ਬਡ ਰੂੰਧਹਿ ਠਾਉ ॥*
*ਅੰਗ - ੧੩੬੭*

ਕਹਿਣ ਲੱਗੇ, ਬੀਬਾ! ਸੁੰਦਰ ਦੇਹੀ ਦੇਖ ਕੇ ਗੁਮਾਨ ਨਹੀਂ ਕਰੀਦਾ। ਚਾਰ ਦਿਨ ਦਾ ਕੰਮ ਹੈ ਸਾਰਾ। ਜਿਵੇਂ ਸੱਪ ਕੰਜ ਛੱਡ ਕੇ ਚਲਿਆ ਜਾਂਦੈ, ਇਸ ਤਰ੍ਹਾਂ ਜੀਵ ਆਤਮਾ ਆਪਣਾ ਆਪ ਲੈ ਕੇ ਇਸ ਵਿਚੋਂ ਤੁਰ ਜਾਏਗਾ। ਕਿਉਂ ਮਾਰਦੀ ਹੈਂ, ਇਹ

ਦੇਹੀ ਮਿੱਟੀ ਹੀ ਹੈ।

ਕਹਿੰਦੀ, ਬਾਬਾ! ਤੈਨੂੰ ਨਹੀਂ ਪਤਾ। ਤੁਸੀਂ ਆਪਣਾ ਕੰਮ ਕਰੋ, ਅਸੀਂ ਆਪਣਾ ਕਰਦੇ ਹਾਂ।

ਸਮਾਂ ਲੰਘ ਗਿਆ। ਇਕ ਵਾਰੀ ਐਸਾ ਹੋਇਆ ਕਿ ਇਕ ਕਿਸੇ ਦਾ ਮੂੰਹ ਸਿਰ ਵਗੈਰਾ, ਅੱਖਾਂ, ਗਰਦਨ ਟੁੱਟੀ ਹੋਈ ਹੈ, ਝਾੜੀਆਂ 'ਤੇ ਪਿਆ ਹੈ। ਝਾੜੀਆਂ ਵੱਡੀਆਂ ਹੋ ਗਈਆਂ ਤੇ ਉਤੇ ਲਟਕਦਾ ਹੈ ਉਹ। ਕਬਰ ਦੇ ਉਤੇ ਝਾੜੀਆਂ ਨੇ, ਬਿੱਜੂਆਂ ਨੇ ਕੱਢ ਲਿਆ ਸਿਰ। ਝਾੜੀਆਂ ਉਤੇ ਨੂੰ ਹੌਲੀ-ਹੌਲੀ ਵਧਦੀਆਂ ਗਈਆਂ। ਉਹਦੇ ਵਿਚ ਆਲ੍ਹਣੇ ਪਾਏ ਹੋਏ ਨੇ। ਅੱਖਾਂ ਵਿਚੀਂ ਬੱਚੇ ਜਿਹੜੇ ਨੇ ਉਹ ਆਪਣੀਆਂ ਚੁੰਝਾਂ ਕੱਢ ਕੇ ਬਾਹਰ ਨੂੰ ਦੇਖ ਰਹੇ ਨੇ। ਉਸ ਵੇਲੇ ਆਪ ਅੰਤਰ ਧਿਆਨ ਹੋਏ। ਦੇਖਿਆ ਕਿ ਇਹ ਕਿਸੇ ਦਿਨ ਸੁਰਮੇ ਦੇ ਵਿਚ ਮਾੜੀ ਜਿਹੀ ਕਣੀ ਦੇਖ ਕੇ, ਗੋਲੀ (ਦਾਸੀ) ਨੂੰ ਕੁੱਟ ਰਹੀ ਸੀ। ਆਹ ਅੱਜ ਕੁਦਰਤ ਨੇ ਇਹਦਾ ਕੀ ਹਾਲ ਕਰਿਆ ਪਿਐ। ਉਸ ਵੇਲੇ ਵਜਦ 'ਚ ਆ ਕੇ ਆਪ ਇਸ ਤਰ੍ਹਾਂ ਫੁਰਮਾਨ ਕਰਦੇ ਨੇ-

*ਧਾਰਨਾ - ਜਿਹੜੀਆਂ ਕੱਜਲ ਰੇਖ ਨਾ ਸੀ ਸਹਿੰਦੀਆਂ,*
*ਪੰਛੀਆਂ ਨੇ ਪਾ ਲਏ ਆਲ੍ਹਣੇ, ਪਿਆਰਿਓ।*

*ਫਰੀਦਾ ਜਿਨ੍ ਲੋਇਣ ਜਗੁ ਮੋਹਿਆ ਸੇ ਲੋਇਣ ਮੈ ਡਿਠੁ ॥*
*ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ ॥*
*ਅੰਗ - ੧੩੭੮*

ਦੇਹ ਅਧਿਆਸ ਹੈ। ਮਹਾਰਾਜ ਕਹਿੰਦੇ, ਦੇਹ ਅਧਿਆਸ ਨਾ ਕਰ। ਇਹ ਤਾਂ ਮਿੱਟੀ ਹੈ, ਚਾਰ ਦਿਨਾਂ ਬਾਅਦ ਮਿੱਟੀ ਹੀ ਬਣ ਜਾਣੀ ਹੈ। ਕਾਹਦਾ ਗੁਮਾਨ ਕਰਦੈਂ ਸਰੀਰ ਦਾ -

*ਕਹਾ ਬਿਸਾਸਾ ਇਸ ਭਾਂਡੇ ਕਾ*
*ਇਤਨਕੁ ਲਾਗੈ ਠਨਕਾ ॥ ਅੰਗ - ੧੨੫੩*

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ ਨੇ ਕਿ ਸਰੀਰ ਦਾ ਅਭਿਮਾਨ ਨਹੀਂ ਕਰਨਾ। ਸੋ ਅਗਲੀ ਤੇਰ੍ਹਵੀਂ ਬਾਤ ਕਹਿਣ ਲੱਗੇ ਕਿ ਜਗਿਆਸੂ ਵਿਚ ਸੇਵਾ ਦੀ ਲਗਨ ਹੋਣੀ ਚਾਹੀਦੀ ਹੈ। ਜਿਥੇ ਸਤਿਸੰਗ ਹੁੰਦਾ ਹੈ, ਉਥੇ ਦਰੀਆਂ ਵਿਛਾਵੇ, ਪੱਖਾ ਝੱਲੇ, ਜਲ ਦੀ ਸੇਵਾ ਕਰੇ, ਜੋੜਿਆਂ ਦੀ ਸੇਵਾ ਕਰੇ, ਜੇ ਨਹੀਂ ਕਰਦਾ, ਕਹਿੰਦੇ, ਉਹ ਤਾਂ ਮਰਿਆ ਹੋਇਆ ਬੰਦਾ ਹੈ। ਉਹਨੂੰ ਜਿਉਂਦਿਆਂ ਵਿਚ ਨਾ ਸ਼ਾਮਿਲ ਕਰੋ ਕਿਉਂਕਿ ਸੇਵਾ ਦੀ ਲਗਨ ਹੀ ਨਹੀਂ ਜਿਹਦੇ ਵਿਚ ਉਹ ਬੰਦਾ ਕਿਸੇ ਕੰਮ ਦਾ ਨਹੀਂ ਹੋਇਆ ਕਰਦਾ। ਗਰਦ ਨਾ ਪੈ ਜਾਵੇ ਮੇਰੇ ਉਤੇ, ਗਰਦ ਕਿਤੇ ਮਾਮੂਲੀ ਬਾਤ ਹੈ। ਇਸ ਚਰਨ ਧੂੜ ਨੂੰ ਤਾਂ ਦੁਨੀਆਂ ਤਰਸਦੀ ਹੈ। ਆਸ਼ਰਮ ਵਿਚ ਕੁਝ ਵੀ ਨਹੀਂ ਦਸਦੇ, ਬਿਮਾਰ ਵੱਡੇ-ਵੱਡੇ ਆਉਂਦੇ ਨੇ। ਤੂੰ ਇਥੋਂ ਚਰਨ ਧੂੜ ਲੈ ਲਈਂ ਸੰਗਤਾਂ ਦੀ। ਝਾੜੂ ਦੇ ਲਈਂ, ਇਕੱਠੀ ਕਰ ਲਈਂ ਤੇ ਨਾਲ ਬਾਣੀ ਦਾ ਪਾਠ ਕਰ ਲਈਂ। ਇਹੋ ਜਿਹੀਆਂ ਬਿਮਾਰੀਆਂ ਠੀਕ ਹੋਈਆਂ ਨੇ ਕਿ ਹੈਰਾਨ ਹੋ ਜਾਈਦੈ। ਡਾਕਟਰ ਹੈਰਾਨ ਨੇ। ਇਹ ਚਰਨ ਧੂੜ ਐਵੇਂ ਹੀ ਨਹੀਂ ਹੋਇਆ ਕਰਦੀ ਕਿ ਐਵੇਂ ਹੀ ਹੈ। ਇਹਦੇ ਵਿਚ vibration ਹੋ ਰਹੀ ਹੈ। ਜਿਥੇ ਸੰਗਤ ਹੁੰਦੀ ਹੈ -

*ਹਰਿ ਕੀ ਕਥਾ ਹੋਤ ਹੈ ਜਹਾਂ,*
*ਗੰਗਾ ਭੀ ਚਲ ਆਵਤ ਤਹਾਂ।*

ਗੰਗਾ ਵਰਗੇ ਤੀਰਥ ਦਾ ਜਿਹੜਾ ਅਭਿਮਾਨੀ ਦੇਵਤਾ ਹੈ ਉਹ ਇਥੇ ਸੰਗਤ ਵਿਚ ਬੈਠੇ ਹੁੰਦੇ ਨੇ। 68 ਤੀਰਥਾਂ ਦੇ ਦੇਵਤੇ ਆਉਂਦੇ ਨੇ। ਇਥੋਂ ਤਕ ਕਿ ਵਾਹਿਗੁਰੂ ਵੀ ਸਾਕਾਰ ਰੂਪ ਵਿਚ, ਕਿਸੇ ਨਾ ਕਿਸੇ ਸਰੂਪ ਵਿਚ ਸੰਗਤ ਵਿਚ ਆ ਕੇ ਬੈਠ ਹੀ ਜਾਂਦੇ ਨੇ। ਜਿਥੇ ਉਹਨਾਂ ਦੇ ਚਰਨ ਲੱਗੇ ਹੋਣ, ਉਹਦੀ ਚਰਨ ਧੂੜ ਮਿਲ ਜਾਵੇ ਕੋਈ ਮਾਮੂਲੀ ਗੱਲ ਹੈ? ਕਹਿੰਦੇ, ਸੇਵਾ ਦੀ ਲਗਨ ਨਹੀਂ ਕਿਉਂਕਿ ਅੰਦਰੋਂ ਜਾਗਦਾ ਨਹੀਂ। ਅੰਨ੍ਹਾ ਹੋਇਆ-ਹੋਇਐ ਹੈ। ਸੋ ਸੇਵਾ ਦੀ ਲਗਨ ਚਾਹੀਦੀ ਹੈ। ਸੇਵਾ ਦਾ ਮੈਦਾਨ ਇਕ ਤਾਂ ਨਹੀਂ ਸਾਰੀ ਦੁਨੀਆਂ 'ਚ ਕਰਨ ਨੂੰ ਪਈ ਹੈ।

ਸੋ ਇਸ ਤੋਂ ਬਾਅਦ ਹੋਇਆ ਕਰਦੀ ਹੈ - ਦ੍ਰਿੜ੍ਹਤਾ। ਜਦੋਂ ਤਕ ਆਦਮੀ ਦੇ ਅੰਦਰ ਦ੍ਰਿੜ੍ਹਤਾ ਨਹੀਂ ਆਉਂਦੀ, ਤਤਿਕਸ਼ਾ ਨਹੀਂ ਉਹਦੇ ਅੰਦਰ ਆਉਂਦੀ, ਓਨੀਂ ਦੇਰ ਤਕ ਨਹੀਂ ਲੰਘ ਸਕਿਆ ਕਰਦਾ। ਅੰਮ੍ਰਿਤ ਵੇਲੇ ਜਾਗਣਾ, ਉਹਦੇ ਵਾਸਤੇ ਤਤਿਕਸ਼ਾ ਦੀ ਲੋੜ ਹੈ, ਦ੍ਰਿੜ੍ਹਤਾ ਦੀ ਲੋੜ ਹੈ। ਨਹੀਂ ਤਾਂ ਉਠਦਾ ਹੀ ਨਹੀਂ ਹੈ। ਅਲਾਰਮ ਵਜ ਜਾਏਗਾ, ਪਰ ਪਿਆ ਰਹਿੰਦਾ ਹੈ। ਸੋ ਦ੍ਰਿੜ੍ਹਤਾ ਦੀ ਲੋੜ ਹੈ।

ਬਾਬਾ ਫਰੀਦ 'ਚ ਕਿੰਨੀ ਦ੍ਰਿੜ੍ਹਤਾ ਸੀ। ਹੈਰਾਨ ਹੋ ਜਾਈਦੈ, ਜਦੋਂ ਉਹਨਾਂ ਦਾ ਜੀਵਨ ਪੜ੍ਹੀਦੈ। 18 ਸਾਲ ਦੀ ਉਮਰ 'ਚ ਮਾਤਾ ਨੇ ਤਪ ਕਰਨ ਭੇਜ ਦਿਤਾ ਸੀ। ਮੁਰਸ਼ਦ ਨਹੀਂ ਸੀ ਮਿਲਿਆ ਲੇਕਿਨ ਦ੍ਰਿੜ੍ਹਤਾ ਬੜੀ ਜ਼ਬਰਦਸਤ ਸੀ। ਬਾਬਾ ਫਰੀਦ ਜੀ ਚਲੇ ਗਏ, 12 ਸਾਲ ਤਪ ਕਰਿਆ। ਵਾਪਸ ਮੁੜਦੇ ਨੇ ਕਿ ਚਲੋ ਦੇਖੀਏ, ਮਾਂ ਨੂੰ ਮਿਲ ਆਈਏ। ਲੱਭਿਆ ਅਜੇ ਕੁਛ ਨਹੀਂ ਸੀ। ਰਸਤੇ 'ਚ ਆਉਂਦੇ-ਆਉਂਦੇ

ਦੇਖਣ ਲਗ ਗਏ ਕਿ ਮੇਰੇ ਵਿਚ ਸ਼ਕਤੀ ਵੀ ਹੈ? ਇਸ ਤਰ੍ਹਾਂ ਨਹੀਂ ਦੇਖਣ ਲੱਗੇ ਕਿ ਸੱਚੀ-ਮੁੱਚੀ ਦੇਖਣ ਲੱਗੇ, ਸਹਿਜ ਸੁਭਾਅ ਹੋਈ ਗੱਲ। ਬੈਠੇ ਸੀ, ਉਥੇ ਚਿੜੀਆਂ ਬਹੁਤਾ ਹੀ ਰੌਲਾ ਪਾ ਰਹੀਆਂ ਸੀ ਦਰਖ਼ਤ 'ਤੇ ਬੈਠੀਆਂ। ਚੀਂ-ਚੀਂ ਕਰਦੀਆਂ ਨੇ। ਇਹਦੇ ਮੂੰਹੋਂ ਨਿਕਲ ਗਿਆ, ਮਰ ਜਾਓ ਚਿੜੀਓ, ਰੌਲਾ ਪਾਇਐ। ਉਹ ਥੜੱਕ-ਥੜੱਕ ਕਰਕੇ ਸਾਰੀਆਂ ਹੀ ਗਿਰ ਪਈਆਂ। ਜਦੋਂ ਗਿਰੀਆਂ ਤਾਂ ਇਹਨਾਂ ਨੇ ਸੋਚਿਆ ਕਿ ਮੈਂ ਬੜਾ ਮਾੜਾ ਕੰਮ ਕਰਿਆ। ਮੂੰਹੋਂ ਨਿਕਲਿਆ, ਜਿਉਂ ਪਵੋ ਚਿੜੀਓ। ਸਾਰੀਆਂ ਚਿੜੀਆਂ ਜਿਉਂਦੀਆਂ ਹੋ ਗਈਆਂ। ਬੜੇ ਹੀ ਖੁਸ਼ ਹੋ ਗਏ ਕਿ ਲੱਭ ਗਿਆ ਮੈਨੂੰ ਕੁਛ।

ਅੱਗੇ ਜਦੋਂ ਆਏ, ਉਥੇ ਇਕ ਲੜਕੀ ਖੂਹ 'ਚੋਂ ਡੋਲ੍ਹ ਕੱਢਦੀ ਹੈ, ਉਲਟਾ ਦਿੰਦੀ ਹੈ। ਬਾਰ-ਬਾਰ ਇਸ ਤਰ੍ਹਾਂ ਕਰਦੀ ਹੈ। ਇਹਨੇ ਜਾ ਕੇ ਕਿਹਾ ਕਿ ਬੀਬਾ! ਦਰਵੇਸ ਨੂੰ ਪਾਣੀ ਪਿਲਾਓ। ਉਹਨੇ ਪਿਲਾਇਆ ਹੀ ਨਾ, ਪਾਣੀ ਡੋਲੀ ਗਈ। ਉਹ ਕਹਿੰਦੀ, ਦਰਵੇਸ ਸਾਂਈਂ! ਬੈਠ ਜ਼ਰਾ, ਅਰਾਮ ਕਰ। ਇੰਤਜ਼ਾਰ ਕਰ। ਐਨੇ ਨੂੰ ਕੋਈ ਹੋਰ ਗਿਆ, ਉਹਨੂੰ ਪਾਣੀ ਪਿਲਾ ਦਿਤਾ। ਇਹ ਫੇਰ ਗਿਆ ਕਹਿੰਦੀ, ਤੂੰ ਠਹਿਰ-ਠਹਿਰ। ਪਿਲਾਉਂਦੀ ਹਾਂ ਮੈਂ ਵਿਹਲੀ ਹੋ ਕੇ। ਇਹ ਹੈਰਾਨ ਹੋ ਗਿਆ, ਪਾਣੀ ਡੋਲ੍ਹੀ ਜਾਂਦੀ ਹੈ, ਕਹਿੰਦੀ ਮੈਂ ਵਿਹਲੀ ਹੋ ਜਾਵਾਂ? ਕਿਤੇ ਕੋਈ ਖਾਲਾ (ਨਾਲਾ) ਨਹੀਂ ਨਜ਼ਰ ਆਉਂਦਾ। ਕਿਸੇ ਖੇਤ ਨੂੰ ਨਹੀਂ ਜਾਂਦਾ। ਪਾਣੀ ਇਥੇ ਹੀ ਡੁਲ੍ਹੀ ਜਾਂਦੈ।

ਥੋੜ੍ਹਾ ਨਰਾਜ਼ ਹੋਇਆ ਕਿ ਤੂੰ ਮੈਨੂੰ ਪਾਣੀ ਕਿਉਂ ਨਹੀਂ ਪਿਲਾਉਂਦੀ? ਉਹ ਕਹਿਣ ਲੱਗੀ ਕਿ ਇਹ ਚਿੜੀਆਂ ਨਹੀਂ ਜਿਨ੍ਹਾਂ ਨੂੰ ਕਹਿ ਦੇਵੇਂਗਾ ਕਿ ਮਰ ਪਵੋ ਤੇ ਜਿਉਂ ਪਓ। ਹੈਰਾਨ ਹੋ ਗਿਆ ਕਿ ਇਹਨੂੰ ਕਿਵੇਂ ਪਤਾ ਲਗ ਗਿਆ? ਪਿਆਸ ਬੁਝ ਗਈ। ਚੁੱਪ ਕਰਕੇ ਬੈਠ ਗਿਆ। ਕਾਫੀ ਸਮੇਂ ਤੋਂ ਬਾਅਦ ਕਹਿਣ ਲੱਗੀ, ਦਰਵੇਸ ਸਾਈਂ! ਆਓ ਹੁਣ ਜਲ ਪੀਵੋ। ਕੁਰਲਾ ਕਰੋ, ਹੱਥ ਪੈਰ ਧੋਵੋ। ਹੁਣ ਮੈਂ ਵਿਹਲੀ ਹੋ ਗਈ।

ਫਰੀਦ ਜੀ ਕਹਿਣ ਲੱਗੇ, ਬੀਬਾ! ਪਹਿਲਾਂ ਮੇਰੇ ਸਵਾਲ ਦਾ ਜਵਾਬ ਦੇ, ਫੇਰ ਮੈਂ ਪਾਣੀ ਪੀਵਾਂਗਾ। ਕਹਿੰਦੇ, ਤੂੰ ਪਾਣੀ ਡੋਲ੍ਹੀ ਜਾਂਦੀ ਸੀ। ਜਦੋਂ ਕੋਈ ਬੰਦਾ ਆਉਂਦਾ ਸੀ ਉਹਨੂੰ ਪਿਲਾ ਦਿੰਦੀ ਸੀ, ਮੈਨੂੰ ਕਿਉਂ ਨਹੀਂ ਸੀ ਪਿਲਾਉਂਦੀ? ਤੈਨੂੰ ਕਿਵੇਂ ਪਤਾ ਲਗ ਗਿਆ ਕਿ ਮੈਂ ਜੰਗਲ 'ਚ ਚਿੜੀਆਂ ਮਾਰੀਆਂ ਤੇ ਜਿਉਂਦੀਆਂ ਕੀਤੀਆਂ ਸੀ? ਤੂੰ ਕਿਵੇਂ ਦੇਖ ਲਿਆ?

ਕਹਿੰਦੀ, ਦਰਵੇਸ ਸਾਈਂ! ਇਹ ਤਾਂ ਮਾਮੂਲੀ ਗੱਲਾਂ ਹੁੰਦੀਆਂ ਨੇ। ਤੂੰ ਇਹਨੂੰ ਬਹੁਤ ਵੱਡੀ ਬਾਤ ਗਿਣਦੈਂ? ਇਹ ਬਾਤ ਤਾਂ ਕੁਝ ਵੀ ਨਹੀਂ ਹੈ। ਸਾਨੂੰ ਔਰਤਾਂ ਨੂੰ ਤਾਂ ਇਹ ਚੀਜ਼ਾਂ ਪਤੀ ਦੀ ਸੇਵਾ 'ਚੋਂ ਹੀ ਮਿਲ ਜਾਇਆ ਕਰਦੀਆਂ ਨੇ। ਤੇਰੇ ਵਾਂਗ ਤਪ ਕਰਨ ਦੀ ਸਾਨੂੰ ਲੋੜ ਨਹੀਂ ਹੈ। ਪਤੀਵਰਤਾ ਇਸਤ੍ਰੀ ਹੋਵੇ, ਕਦੇ ਪਤੀ ਦਾ ਮੂੰਹ ਨਾ ਫਿਟਕਾਰਨ ਵਾਲੀ ਹੋਵੇ, ਉਹਨੂੰ ਪ੍ਰਮੇਸ਼ਰ ਸਰੂਪ ਕਰਕੇ ਮੰਨਣ ਲਗ ਜਾਵੇ, ਉਹਨੂੰ ਕੁਦਰਤੀ ਇਹ ਸ਼ਕਤੀ ਪ੍ਰਾਪਤ ਹੋ ਜਾਏਗੀ। ਸੋ ਕਹਿਣ ਲੱਗੀ, ਮੇਰਾ ਪਤੀ ਬੰਦਗੀ ਕਰਦੈ। ਮੈਂ ਉਹਦੀ ਸੇਵਾ ਪ੍ਰਮੇਸ਼ਰ ਰੂਪ ਸਮਝ ਕੇ ਕਰਦੀ ਹਾਂ ਤੇ ਮੈਨੂੰ ਇਹ ਦ੍ਰਿਸ਼ਟੀ ਹੋ ਗਈ। ਮੇਰੀ ਨਿਗ੍ਹਾ 400 ਮੀਲ ਤੱਕ ਚਲੀ ਗਈ। ਮੈਨੂੰ 400 ਮੀਲ ਦੇ ਅੰਦਰ ਸਭ ਕੁਝ ਨਜ਼ਰ ਆਉਂਦੈ। ਤੇਰੀ ਤਾਂ 12 ਕੁ ਮੀਲ ਦੀ ਹੀ ਗੱਲ ਹੈ। ਮੇਰੀ ਭੈਣ ਦੇ ਘਰ ਨੂੰ ਅੱਗ ਲੱਗੀ ਹੋਈ ਸੀ ਵੀਹ ਮੀਲ 'ਤੇ। ਉਹ ਬਾਹਰ ਕਿਤੇ ਗਈ ਹੈ ਤੇ ਮੈਂ ਤਾਂ ਅੱਗ ਬੁਝਾਈ ਹੈ ਪਾਣੀ ਡੋਲ੍ਹ ਕੇ ਉਹਦੇ ਘਰ ਦੀ। ਜਾਹ ਪਤਾ ਕਰ ਆ। ਪਤਾ ਕਰਕੇ ਆਇਆ, ਉਸ ਵੇਲੇ ਛਿੱਥਾ ਪੈ ਗਿਆ ਕਿ ਮੈਂ ਤਾਂ ਕੁਛ ਵੀ ਨਹੀਂ ਕਰਿਆ। 12 ਸਾਲ ਮੈਂ ਐਵੇਂ ਗਾਲੇ।

ਮਾਂ ਕੋਲ ਆ ਗਿਆ। ਮਾਂ ਨੇ ਕਿਹਾ, ਬੇਟਾ! ਅਜੇ ਤਾਂ ਕੁਛ ਵੀ ਨਹੀਂ ਬਣਿਆ। ਅਜੇ ਤਾਂ ਦਿੱਲੀ ਬੜੀ ਦੂਰ ਹੈ। ਦੁਬਾਰਾ ਚਲਿਆ ਗਿਆ। ਉਸ ਵੇਲੇ-

*ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ ॥*

*ਅੰਗ - ੧੩੭੯*

ਭੁੱਖਾ ਰਹਿ-ਰਹਿ ਕੇ ਘੋਰ ਤਪਸਿਆ ਕੀਤੀ। ਉਸੇ ਤਪਸਿਆ ਦੇ ਬਾਰੇ ਆਪ ਨੇ ਬਾਣੀ ਦੇ ਅੰਦਰ ਇਸ ਤਰ੍ਹਾਂ ਫੁਰਮਾਨ ਕਰਿਐ -

*ਧਾਰਨਾ - ਤਨ ਸੁੱਕ ਕੇ ਹੱਡਾਂ ਦੀ ਮੁੱਠੀ ਹੋ ਗਿਆ,*
*ਅਜੇ ਵੀ ਨਾ ਰੱਬ ਬਹੁੜਿਆ।*

*ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ ॥*
*ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ ॥*

*ਅੰਗ - ੧੩੮੨*

ਐਨੀ ਲਗਨ ਕਿ ਤਨ ਸੁੱਕ ਗਿਆ, ਪਿੰਜਰ ਬਣ ਗਿਆ। ਤਲੀਆਂ 'ਚ ਮੁਰਦਾ ਸਮਝ ਕੇ ਕਾਉਂ ਆ ਕੇ, ਠੂੰਗਾਂ ਮਾਰਦੇ ਨੇ। ਅਜੇ ਦ੍ਰਿੜ੍ਹਤਾ ਨਹੀਂ

ਛੱਡੀ। ਆਸ ਨਹੀਂ ਛੱਡੀ। ਆਸ ਵਿਚ ਲੱਗਿਆ ਹੋਇਐ। ਇਥੋਂ ਤਕ ਨੌਬਤ ਆ ਗਈ ਕਿ ਹੱਥ ਬਾਂਹ-ਹਿੱਲਣ ਤੋਂ ਹਟ ਗਏ। ਬਿਲਕੁਲ ਮੁਰਦੇ ਸਮਾਨ ਪਿਐ। ਕੇਵਲ ਸਵਾਸ ਚੱਲ ਰਹੇ ਨੇ। ਉਸ ਵੇਲੇ ਕਾਉਂ ਨੇ ਸਿਰ ਦੇ ਉਤੇ ਬੈਠ ਕੇ ਅੱਖ ਦੇ ਉਤੇ ਚੁੰਝ ਮਾਰਨ ਦਾ ਯਤਨ ਕੀਤਾ ਕਿ ਪੱਕੀ ਤਰ੍ਹਾਂ ਬਗੈਰ ਡਰ ਤੋਂ ਹੀ ਖਾਈਏ। ਕਿਉਂਕਿ ਪਹਿਲਾਂ ਇਹ ਅੱਖ ਦੇ ਉਤੇ ਚੁੰਝ ਮਾਰਦੇ ਹੁੰਦੇ ਨੇ। ਸੋ ਉਸ ਵੇਲੇ ਬਾਬੇ ਫਰੀਦ ਨੇ ਇਕ ਤਰਲਾ ਲਿਆ, ਸਾਧਸੰਗਤ ਜੀ!

*ਧਾਰਨਾ - ਓ ਕਾਗਾ! ਇਹ ਦੋਏ ਨੈਣਾਂ ਮਤ ਛੇੜਿਓ,*
*ਮੈਨੂੰ ਪਿਰ ਦੇਖਣ ਦੀ ਆਸ।*

*ਕਾਗਾ ਕਰੰਗ ਢਢੋਲਿਆ ਸਗਲਾ ਖਾਇਆ ਮਾਸੁ ॥*
*ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ ॥*

*ਅੰਗ - ੧੩੮੨*

ਸੁਣ ਕੇ, ਪੜ੍ਹ ਕੇ ਹੈਰਾਨ ਹੋ ਜਾਈਦੈ, ਐਡੀ ਲਗਨ। ਸਾਡੇ ਮਨ ਵਿਚ ਤਾਂ ਇਹ ਲਗਨ ਆਉਂਦੀ ਨਹੀਂ ਹੈ। ਮਹਾਰਾਜ ਕਹਿੰਦੇ, ਭਾਈ ਮੰਝ! ਐਨੀ ਲਗਨ ਹੋਣੀ ਚਾਹੀਦੀ ਹੈ ਆਦਮੀ ਦੇ ਮਨ ਦੇ ਅੰਦਰ, ਜੇ ਇਸ ਰਸਤੇ ਤੁਰਨਾ ਚਾਹੁੰਦੈਂ। ਦ੍ਰਿੜ੍ਹਤਾ ਹੋਣੀ ਚਾਹੀਦੀ ਹੈ, ਇਹ ਨਹੀਂ ਹੈ ਕਿ ਏਧਰੋਂ ਚੱਲੇ, ਰਸਤੇ 'ਚ ਜਾ ਕੇ ਖਤਮ ਹੋ ਗਈ। ਵੈਰਾਗ ਤਾਂ ਉਠਦੈ ਸਾਰਿਆਂ ਦੇ ਮਨ ਵਿਚ, ਪਰ ਵੈਰਾਗ ਦੀਆਂ ਕਿਸਮਾਂ ਹੋਇਆ ਕਰਦੀਆਂ ਨੇ। ਇਕ ਨੂੰ ਗਧਾ ਵੈਰਾਗ ਕਹਿੰਦੇ ਨੇ, ਇਕ ਨੂੰ ਘੋੜਾ, ਇਕ ਨੂੰ ਸ਼ੇਰ ਵੈਰਾਗ। ਨਾਉਂ ਤਾਂ ਇਹਨਾਂ ਦੇ ਹੋਰ ਨੇ, ਪਰ ਸਮਝਾਉਣ ਵਾਸਤੇ ਇਹ ਸ਼ਬਦ ਵਰਤੇ ਜਾਂਦੇ ਨੇ। ਨਾਉਂ ਹੈਗੇ, ਤੀਬਰ ਵੈਰਾਗ, ਤੀਬਰ ਤਰ ਵੈਰਾਗ, ਤੀਬਰ-ਤਰ-ਤਮ ਵੈਰਾਗ। ਮੋਟੀ ਗੱਲ ਇਸ ਤਰ੍ਹਾਂ ਹੈ ਕਿ ਇਕ ਨੂੰ ਵੈਰਾਗ ਲਗ ਜਾਂਦੈ। ਘਰ 'ਚੋਂ ਚਲੇ ਗਏ, ਉਪਦੇਸ਼ ਸੁਣਿਆ, ਕਿਸੇ ਸਤਿਸੰਗ ਦੇ ਵਿਚ ਚੋਟ ਖਾਧੀ ਕਿ ਚਲੋ, ਮਾਨਸ ਜਨਮ ਇਸ ਕਰਕੇ ਮਿਲਿਆ ਹੈ ਕਿ ਪ੍ਰਭੂ ਪ੍ਰਾਪਤੀ ਕਰੀਏ। ਕੋਈ ਪਰਿਵਾਰਕ ਦੁਖ ਆ ਗਿਆ, ਉਹਦੇ ਨਾਲ ਸੱਟ ਖਾਧੀ ਕਿ ਬੱਚਿਆਂ ਨੇ ਸਾਥ ਨਹੀਂ ਦਿਤਾ। ਘਰਵਾਲੀ ਨੇ ਸਾਥ ਨਹੀਂ ਦਿਤਾ ਤੇ ਮੈਂ ਐਵੇਂ ਮਿਹਨਤਾਂ ਕਰਦਾ ਰਿਹਾ। ਕੁਛ ਸੱਟ ਖਾ ਕੇ ਚਲਿਆ ਗਿਆ। ਇਸੇ ਤਰ੍ਹਾਂ ਕੋਈ ਦੁਖ ਆ ਗਿਆ, ਕੋਈ ਸਰੀਰਕ ਰੋਗ ਆ ਗਿਆ ਕਿ ਇਹ ਤਾਂ ਬਹੁਤ ਔਖਾ ਹੈ। ਰੱਬ ਦਾ ਵੀ ਨਾਉਂ ਨਾ ਜਪਿਆ, ਚਲ ਕੇ। ਉਥੇ ਜਾ ਕੇ ਜਦੋਂ ਦੁਖ ਦੂਰ ਹੋ ਜਾਂਦੈ, ਫੇਰ ਮਨ ਸਿਥਲ ਹੋ ਜਾਂਦੈ ਕਿਉਂਕਿ ਜਿਹੜੀ ਦ੍ਰਿੜ੍ਹਤਾ ਹੈ ਉਹ ਪੂਰੀ ਤਰ੍ਹਾਂ ਨਹੀਂ ਹੈ। ਥੋੜ੍ਹੀ ਜਿਹੀ ਹੈ ਦੁਖ ਦੂਰ ਹੋਣ ਤੱਕ ਦੀ। ਜਦੋਂ ਦੁੱਖ ਦੂਰ ਹੋਇਆ, ਸੁਖਾਲਾ ਹੋਇਆ ਮੁੜ ਕੇ ਫੇਰ ਉਥੇ ਹੀ ਆ ਜਾਂਦੈ। ਚਾਹੇ ਡੇਰੇ 'ਚ ਰਹੇ, ਚਾਹੇ ਘਰ ਰਹੇ ਕਿਤੇ। ਵੈਰਾਗ ਹਟ ਜਾਇਆ ਕਰਦੈ। ਦੂਸਰਾ ਇਸ ਤੋਂ ਜ਼ਿਆਦਾ ਹੁੰਦੈ। ਪਹਿਲੇ ਨੂੰ ਗਧਾ ਵੈਰਾਗ ਕਹਿੰਦੇ ਨੇ। ਜਿਵੇਂ ਗਧਾ ਘਰ 'ਚੋਂ ਬਾਹਰ ਰੂੜੀਆਂ 'ਤੇ ਚਲਿਆ ਜਾਂਦੈ, ਮਾਲਕ ਜਾਂਦੈ, ਡੰਡਾ ਮਾਰ ਕੇ ਕੰਨ ਤੋਂ ਫੜ ਕੇ ਲੈ ਆਉਂਦੈ। ਉਵੇਂ ਹੀ ਇਹ ਕਰਦੈ। ਦੂਜਾ ਘੋੜਾ ਵੈਰਾਗ ਹੁੰਦੈ। ਇਹ ਥੋੜ੍ਹਾ ਜਿਹਾ ਤਕੜਾ ਹੁੰਦੈ। ਇਹ ਕਾਫੀ ਦੇਰ ਤਾਂ ਕਰਦੈ ਪਾਠ ਵੀ, ਬਾਣੀ ਵੀ ਪੜ੍ਹਦੈ, ਨਾਮ ਵੀ ਜਪਦੈ। ਫੇਰ ਉਥੇ ਖਾਣ ਪੀਣ 'ਤੇ ਝਗੜੇ ਕਰਨ ਲਗ ਗਿਆ, ਕੱਪੜਿਆਂ 'ਤੇ ਕਰਨ ਲਗ ਗਿਆ, ਡਿਊਟੀਆਂ 'ਤੇ ਕਰਨ ਲਗ ਗਿਆ। ਹੌਲੀ-ਹੌਲੀ ਦੇਖਦੈ ਕੁਝ ਬੰਦੇ ਇਹੋ ਜਿਹੇ ਹੁੰਦੇ ਨੇ ਜਿਹੜੇ ਐਵੇਂ ਹੀ ਆਏ ਹੁੰਦੇ ਨੇ, ਉਹਨਾਂ ਨੂੰ ਦੇਖ ਕੇ ਆਪ ਵੀ ਆਦੀ ਹੋ ਜਾਂਦੈ। ਇਹ ਵੈਰਾਗ ਵੀ ਖਤਮ ਹੋ ਜਾਂਦੈ। ਇਕ ਹੁੰਦੈ ਸ਼ੇਰ ਵੈਰਾਗ, ਉਹ ਵੈਰਾਗ, ਜਦੋਂ ਤਕ ਪ੍ਰਾਪਤੀ ਨਹੀਂ ਹੁੰਦੀ, ਪਿੱਛੇ ਹਟਣਾ ਹੀ ਨਹੀਂ -

*ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ ॥*

*ਅੰਗ - ੧੦੯੬*

ਪਿੱਛੇ ਨਹੀਂ ਹਟਣਾ, ਅੱਗੇ ਨੂੰ ਹੀ ਵਧਣੈ। ਸੋ ਇਸ ਤਰ੍ਹਾਂ ਦੇ ਨਾਲ ਦ੍ਰਿੜ੍ਹਤਾ ਹੋਣੀ ਚਾਹੀਦੀ ਹੈ ਕਿ ਪ੍ਰਮੇਸ਼ਰ ਨੂੰ ਮਿਲਣੈ। ਆਖਰੀ ਦਮ ਤਕ ਜੂਝਣਾ ਚਾਹੀਦੈ। ਜੇ ਨਹੀਂ ਵੀ ਮਿਲਿਆ ਅਖੀਰਲੇ ਸਵਾਸ ਤਕ ਜੂਝਣਾ ਚਾਹੀਦੈ ਕਿ ਸ਼ਾਇਦ ਹੁਣੇ ਹੋ ਜਾਵੇ, ਇਕ ਸਵਾਸ ਤਾਂ ਰਹਿ ਗਿਆ। ਐਨੀ ਦ੍ਰਿੜ੍ਹਤਾ ਹੋਵੇ ਤਾਂ ਲਗਨ ਹੋਇਆ ਕਰਦੀ ਹੈ। ਵਿਚ-ਵਿਚਾਲੇ ਐਵੇਂ ਰੂਟੀਨ ਜਿਹਾ ਬਣਾ ਲੈਣਾ, ਇਹਦੇ ਨਾਲ ਪ੍ਰਾਪਤੀ ਨਹੀਂ ਹੁੰਦੀ।

ਉਸ ਤੋਂ ਅਗਲੀ ਪੰਦਰਵੀਂ ਗੱਲ ਮਹਾਰਾਜ ਕਹਿਣ ਲੱਗੇ, ਭਾਈ ਮੰਝ! ਇਕ ਦੇ ਉਤੇ ਭਰੋਸਾ ਹੋਵੇ। ਗਾਈਡ ਇਕ ਹੋਣਾ ਚਾਹੀਦੈ। ਇਹ ਨਹੀਂ ਕਿ ਫਲਾਣੇ ਸੰਤ ਕੋਲ ਚਲੇ ਗਏ, ਉਹਦੇ ਕੋਲ ਚਲੇ ਗਏ। ਉਹ ਆਦਮੀ ਤਾਂ ਲੰਘਿਆ ਹੀ ਨਹੀਂ ਕਰਦਾ ਕਿਉਂਕਿ ਸੰਤਾਂ ਨੂੰ ਪਤਾ ਹੁੰਦੈ, ਸੰਤ ਚੁਪ ਰਹਿੰਦੇ ਨੇ ਬਾਤ ਓਨੀਓਂ ਦਸਦੇ ਨੇ ਜਿੰਨਾ ਕੁ ਕੋਈ ਅਧਿਕਾਰੀ ਹੁੰਦੈ। ਵੱਡੀ ਬਾਤ ਜਿਹੜੀ ਭੇਤ ਦੀ ਹੈ ਉਹ, ਓਨੀਂ ਦੇਰ ਤਕ ਨਹੀਂ ਦਸਦੇ, ਜਦੋਂ ਤਕ ਪੂਰਾ

ਅਧਿਕਾਰੀ ਨਾ ਆ ਜਾਏ ਤੇ ਟੈਸਟ ਪਾਸ ਨਾ ਕਰ ਲਵੇ। ਜਿਉਂਦਾ ਜਦੋਂ ਤਕ ਮਰ ਨਾ ਜਾਵੇ, ਓਨੀਂ ਦੇਰ ਤਕ ਚੁੱਪ ਰਹਿੰਦੇ ਨੇ। ਕਿਉਂਕਿ ਉਹ ਹਿਰਦਾ ਸਾਂਭ ਨਹੀਂ ਸਕਦਾ ਜਿਹੜਾ ਜਿਉਂਦਾ ਨਹੀਂ ਮਰਦਾ। ਉਥੇ ਗੱਲ ਕਰਕੇ ਐਵੇਂ ਗਵਾਉਣਾ ਹੋਇਆ ਕਰਦੈ। ਇਕ ਗੁਰੂ ਦੇ ਉਤੇ ਭਰੋਸਾ ਹੋਵੇ।

ਇਥੇ ਕਈ ਮੇਰੇ ਕੋਲ ਆਉਂਦੇ ਨੇ। ਕਹਿੰਦੇ, ਜੀ ਉਵੇਂ ਤਾਂ ਗੁਰੂ 'ਤੇ ਭਰੋਸਾ ਹੈ ਪਰ ਸਾਨੂੰ ਕਹਿੰਦੇ ਨੇ ਫਲਾਣੇ ਥਾਉਂ ਮੱਥਾ ਟੇਕੋ, ਕੰਮ ਹੋ ਜਾਏਗਾ। ਹੁਣ ਜੇ ਅਸੀਂ ਫਲਾਣੇ ਥਾਉਂ ਮੱਥਾ ਟੇਕਣ ਲੱਗੀਏ, ਫਲਾਣੇ ਥਾਉਂ ਮੱਥਾ ਟੇਕਣੈ। ਮੈਂ ਕਿਹਾ, ਟੇਕੀ ਜਾਓ, ਕਿਉਂਕਿ ਤੁਹਾਨੂੰ ਭਰੋਸਾ ਹੀ ਨਹੀਂ ਹੈ। ਤੁਸੀਂ ਗੱਲ ਹੀ ਨਾ ਮੇਰੇ ਕੋਲ ਇਹ ਕਰਦੇ ਜੇ ਤੁਹਾਨੂੰ ਭਰੋਸਾ ਹੁੰਦਾ। ਜੇ ਇਕ ਗੁਰੂ 'ਤੇ ਭਰੋਸਾ ਹੈ ਤਾਂ ਉਹਦੀ ਗੱਲ ਮੰਨ ਕੇ ਤੁਰੋ। ਅੰਦਰੋਂ ਤਾਂ ਤੁਹਾਡੇ ਹੈ ਕਿ ਮੱਥਾ ਟੇਕ ਦੇਈਏ, ਨਾਲੇ ਸੋਚਦੈ ਕਿ ਮੈਨੂੰ ਲੋਕ ਕਹਿਣਗੇ ਫਲਾਣੇ ਥਾਉਂ ਮੱਥੇ ਟੇਕਦੈ ਕਬਰਾਂ ਨੂੰ। ਜੇ ਭਰੋਸਾ ਹੋਵੇ ਤਾਂ ਤੁਹਾਡਾ ਇਥੇ ਹੀ ਕੰਮ ਹੋ ਜਾਏ। ਕੀ ਸ੍ਰੀ ਗੁਰੂ ਨਾਨਕ ਸਾਹਿਬ ਹੀ ਨਹੀਂ ਸੁਣਦੇ ਜੋ ਬਾਕੀ ਸੁਣ ਲੈਂਦੇ ਨੇ ਸਾਰੇ? ਕੀ ਸਮਝਦੇ ਹੋਂ ਤੁਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ। ਸੋ ਇਸ ਤਰ੍ਹਾਂ ਭਰੋਸਾ ਨਹੀਂ ਕਰਦਾ। ਮਹਾਰਾਜ ਕਹਿੰਦੇ, ਇਕ 'ਤੇ ਭਰੋਸਾ ਹੋਣਾ ਚਾਹੀਦੈ। ਇਕ ਕਿਸ਼ਤੀ ਪਾਰ ਲੰਘਾਉਂਦੀ ਹੈ। ਜੇ ਰਾਹ ਵਿਚ ਹੀ ਬਦਲੀ ਜਾਓ ਕਿਸ਼ਤੀਆਂ ਸਮੁੰਦਰ ਦੇ ਵਿਚਾਲੇ, ਡੁੱਬਣ ਦਾ ਡਰ ਰਹਿੰਦੈ। ਸੋ ਭਰੋਸਾ ਇਕ 'ਤੇ ਰੱਖਣਾ ਚਾਹੀਦੈ। ਕਹਿਣ ਲੱਗੇ, ਦੇਖ ਤੈਨੂੰ ਉਪਦੇਸ਼ ਦਿਤੈ। ਭਰੋਸਾ ਇਕ 'ਤੇ ਰੱਖ। ਦੂਜਾ ਹੈ ਕਿ ਧਰਮ ਕਮਾਉਣੈ। ਸਾਰੇ ਮਾੜੇ ਕੰਮਾਂ ਤੋਂ ਬਚਣੈ। ਹਿਰਦੇ ਦੇ ਵਿਚ ਗੁਣ ਪੈਦਾ ਕਰਨੇ ਨੇ। ਧੀਰਜ ਦੇ, ਖਿਮਾ ਦੇ, ਦਇਆ ਦੇ, ਸਤਿ ਦੇ, ਬ੍ਰਹਮਚਰੀਆ ਦੇ, ਸੰਤੋਖ ਦੇ, ਅਹਿੰਸਾ ਦੇ; ਇਹ ਗੁਣ ਪੈਦਾ ਕਰਨੇ ਨੇ। ਇਨ੍ਹਾਂ ਦੇ ਵਿਪਰੀਤ ਜੋ ਅਵਗੁਣ ਨੇ ਉਹ ਛੱਡਣੇ ਨੇ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਈਰਖਾ, ਨਿੰਦਿਆ, ਚੁਗਲੀ ਤੇ ਜਿੰਨੇ ਮਾੜੇ ਕੰਮ ਨੇ ਸਾਰੇ ਛੱਡਣੇ ਨੇ। ਜਦੋਂ ਛੱਡ ਦਿੰਦੈ, ਫੇਰ ਨਾਮ ਦਾ ਅਧਿਕਾਰੀ ਹੁੰਦੈ। ਪ੍ਰੇਮੀਆਂ! ਆਖਰੀ ਗੱਲ ਹੁਣ ਅਸੀਂ ਤੈਨੂੰ ਕਹਿੰਦੇ ਹਾਂ ਕਿ ਤੇਰਾ ਭਰੋਸਾ, ਇਕ ਪਾਸੇ ਤਾਂ ਤੂੰ ਬਣਿਆ ਹੋਇਐ, ਸਰਵਰੀਆ। ਤੇਰੇ ਘਰ ਵਿਚ ਬਣਿਆ ਹੋਇਐ ਮੁਕਾਮ। ਉਥੇ ਤੂੰ ਵੀਰਵਾਰ ਨੂੰ ਦੀਵਾ ਜਾਲਦੈਂ ਤੇ ਫੇਰ ਸਾਰੇ ਪਿੰਡ ਵਾਸੀ ਇਕੱਠੇ ਹੋ ਕੇ ਆਉਂਦੇ ਨੇ, ਤੂੰ ਉਥੇ ਖੇਲ੍ਹ ਪਾਉਂਦੈਂ, ਇਹ ਦੋ ਗੱਲਾਂ ਤਾਂ ਚੱਲਣੀਆਂ ਨਹੀਂ। ਦੋ ਕਿਸ਼ਤੀਆਂ 'ਤੇ ਜਿਹੜਾ ਬੈਠੇਗਾ, ਉਹ ਸਮੁੰਦਰ ਵਿਚ ਗਿਰ ਕੇ ਮਰੇਗਾ। ਇੱਕ ਰੱਖ ਲੈ। ਅਸੀਂ ਤੈਨੂੰ ਸਲਾਹ ਦਿੰਦੇ ਹਾਂ ਕਿ ਜਿਥੇ ਤੂੰ ਹੈਗਾ ਇਹੀ ਰਹਿਣ ਦੇ। ਤੈਨੂੰ ਤਕਲੀਫ ਬੜੀ ਹੋਊ, ਇਹ ਔਖਾ ਕੰਮ ਹੈ। ਇਕ ਦੇ ਉਤੇ ਭਰੋਸਾ ਰੱਖ, ਚਾਹੇ ਇਧਰ ਰੱਖ, ਚਾਹੇ ਓਧਰ ਰੱਖ।

ਕਹਿਣ ਲੱਗਿਆ, ਸੱਚੇ ਪਾਤਸ਼ਾਹ! ਉਹ ਤਾਂ ਡੋਬਣ ਵਾਲਾ ਥਾਂ ਹੈ। ਮੈਨੂੰ ਤਾਂ ਆਪ ਦੀ ਸੰਗਤ ਵਿਚ ਆ ਕੇ ਰੂਹਾਨੀਅਤ ਦਾ ਪਤਾ ਲੱਗਿਐ। ਪਹਿਲਾਂ ਤਾਂ ਪਤਾ ਹੀ ਨਹੀਂ ਸੀ ਕਿ ਇਹ ਵੀ ਗੱਲ ਹੁੰਦੀ ਹੈ –

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*

ਫੇਰ ਕਹਿੰਦੇ ਜੇ ਇਕ 'ਤੇ ਭਰੋਸਾ ਹੈ ਭਾਈ, ਫੇਰ ਇੱਕੋ ਹੀ ਮਾਸਟਰ ਹੋਣਾ ਚਾਹੀਦੈ। ਮਾਸਟਰ ਅਨੇਕ ਨੇ, ਫਾਰਮੂਲੇ ਅਨੇਕ ਨੇ, ਦੱਸਣ ਦੇ ਢੰਗ ਅਨੇਕ ਨੇ। ਸੋ ਇਕ ਦੇ ਉਤੇ ਭਰੋਸਾ ਰੱਖਣ 'ਤੇ ਉਹਨੂੰ ਪਤਾ ਹੁੰਦੈ ਕਿ ਸਬਜੈਕਟ ਕਿਵੇਂ ਚੱਲ ਰਹੇ ਨੇ? ਕੀ ਕੋਰਸ ਹੈ? ਕਿਸ ਤਰ੍ਹਾਂ ਦੇ ਨਾਲ ਇਹਨੂੰ ਪਾਰ ਲੰਘਾਉਣੈ? ਇਕ ਸਾਕਾਰ ਰੂਪ ਵਾਲੀ ਪੂਜਾ ਦੇ ਮਹਾਤਮਾ ਨੇ ਇਕ ਨਿਰਾਕਾਰ ਦੀ ਪੂਜਾ ਵਾਲੇ ਨੇ। ਹੁਣ ਉਹਦਾ ਉਪਦੇਸ਼ ਹੋਰ ਹੈ, ਸਾਕਾਰ ਵਾਲੇ ਕੋਲ ਜਾਓ ਉਹਦਾ ਹੋਰ ਹੈ। ਇਕ ਕਰਮ ਕਾਂਡੀ ਨੇ ਉਹਨਾਂ 'ਚ ਕਰਮਕਾਂਡ ਪ੍ਰਵਿਰਤ ਹੋ ਜਾਏਗਾ। ਸੋ ਜਿਹੋ ਜਿਹਾ ਕੋਈ ਹੈ ਉਹੋ ਜਿਹਾ ਹੀ ਹੋਏਗਾ। ਇਕ ਨੂੰ ਧਾਰ ਲੈ, ਬਹੁਤਿਆਂ ਥਾਵਾਂ 'ਤੇ ਨਾ ਫਿਰ। ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ –

*ਧਾਰਨਾ – ਜੇ ਤੈਂ ਭਵਜਲ ਵਿਚੋਂ ਤਰਨੈਂ,*
*ਇਕ 'ਤੇ ਰੱਖ ਡੋਰੀਆਂ।*

ਮਹਾਰਾਜ ਕਹਿਣ ਲੱਗੇ, ਇਕ ਨੂੰ ਜਿਹੜਾ ਧਿਆਉਂਦੈ, ਇਕ ਦਾ ਹੀ ਹੋ ਜਾਂਦੈ, ਉਹ ਤਾਂ ਲੰਘ ਜਾਂਦੈ, ਜਿਹੜਾ ਬਹੁਤਿਆਂ ਦੇ ਪਿੱਛੇ ਲਗ ਜਾਵੇ। ਉਹ ਰੁਕ ਜਾਇਆ ਕਰਦੈ।

ਇਕ ਵਾਰੀ ਲਾਹੌਰ ਦੇ ਅੰਦਰ ਦੋ ਪ੍ਰੇਮੀ ਰਿਹਾ ਕਰਦੇ ਸੀ। ਇਕ ਦਾ ਨਾਉਂ ਭਾਈ ਪਤੰਗ ਸੀ, ਇਕ ਦਾ ਨਾਉਂ ਭਾਈ ਜਮਾਲ ਸੀ। ਜਮਾਲ ਮੁਸਲਮਾਨ ਸੀ, ਪਠਾਣ ਸੀ। ਭਾਈ ਪਤੰਗ ਗੁਰੂ ਦਾ ਸਿੱਖ ਸੀ।

ਇਹਦੀ ਨੇਕੀ ਐਨੀ ਫੈਲੀ ਕਿ ਨਵਾਬ ਵੀ ਇਸ ਦੀ ਨੇਕੀ ਤੋਂ ਕਾਇਲ ਹੋ ਗਿਆ, ਸਾਰਾ ਸ਼ਹਿਰ ਕਾਇਲ ਹੋ ਗਿਆ। ਇਸ ਕੋਲ ਲੋਕ ਅਮਾਨਤਾਂ ਰਖਦੇ ਸੀ। ਸਾਲ ਬਾਅਦ ਲੈ ਲਓ। 10 ਸਾਲ ਬਾਅਦ ਲੈ ਲਓ। 50 ਸਾਲ ਬਾਅਦ ਲੈ ਲਓ ਜੇ ਕਹਿ ਦਿਤਾ ਕਿ ਮੇਰੇ ਪੋਤੇ ਨੂੰ ਦੇ ਦਿਓ, ਪੋਤੇ ਨੂੰ ਦੇ ਦਿੰਦੇ ਸੀ। ਸੋ ਮਸ਼ਹੂਰ ਸੀਗੇ। ਉਧਰ ਭਾਈ ਜਮਾਲ ਨਾ ਝੂਠ ਬੋਲਦੈ, ਨਾ ਬੇਈਮਾਨੀ ਕਰਦੈ ਤੇ ਉਹ ਭਾਈ ਪਤੰਗ ਦੇ ਕੋਲ ਆਇਆ ਅਤੇ ਕਹਿਣ ਲੱਗਿਆ, ਭਾਈ ਪਤੰਗ! ਮੈਂ ਯੁੱਧ ਨੂੰ ਜਾ ਰਿਹਾ ਹਾਂ। ਪਤਾ ਨਹੀਂ ਹੁੰਦਾ ਲੜਾਈ 'ਚ ਗਏ ਹੋਏ ਕਿ ਮੁੜ ਕੇ ਆਈਏ ਕਿ ਨਾ ਆਈਏ। ਆਹ 500 ਤਾਂ ਮੈਂ ਆ ਗਿਆ ਫੇਰ ਤਾਂ ਠੀਕ ਹੈ। ਜੇ ਮੈਂ ਨਾ ਆਇਆ ਤਾਂ ਕਿਤੇ ਰੱਬ ਦੇ ਲੇਖੇ ਲਾ ਦਿਓ।

ਸੋ ਭਾਈ ਪਤੰਗ ਕਹਿਣ ਲੱਗੇ, ਅੱਛਾ! ਰੱਖ ਦਿਓ। ਭੀੜ ਬਹੁਤੀ ਸੀ, ਉਹਨਾਂ ਨੇ ਚੁੱਕੀ, ਚੁੱਕ ਕੇ ਗੱਦੀ ਦੇ ਹੇਠਾਂ ਰੱਖ ਦਿਤੀ। ਉਸ ਤੋਂ ਬਾਅਦ ਇਹ ਲਿਖਣਾ ਭੁੱਲ ਗਏ ਤੇ ਨਾ ਕਿਸੇ ਪੇਟੀ ਵਿਚ ਰੱਖੀ। ਛੇ ਮਹੀਨੇ ਤੋਂ ਬਾਅਦ ਭਾਈ ਜਮਾਲ ਆਇਆ। ਆ ਕੇ ਕਹਿਣ ਲੱਗਿਆ, ਭਾਈ ਪਤੰਗ! ਮੈਂ ਤੁਹਾਡੇ ਕੋਲ ਮੋਹਰਾਂ ਰਖ ਗਿਆ ਸੀ? ਕਹਿਣ ਲੱਗੇ, ਕੋਈ ਨੰਬਰ ਤੁਹਾਡੇ ਕੋਲ ਹੋਣੈ। ਕਹਿੰਦੇ, ਨੰਬਰ ਤਾਂ ਦਿਤਾ ਨਹੀਂ ਸੀ ਤੁਸੀਂ, ਕੋਈ ਪੇਟੀ ਦਾ। ਤੁਹਾਨੂੰ ਇਤਬਾਰ ਹੈ ਕਿ ਤੁਸੀਂ ਰੱਖ ਗਏ ਸੀ? ਕਹਿੰਦੇ, ਹਾਂ, ਮੈਂ ਰੱਖ ਕੇ ਗਿਆ ਹਾਂ, ਐਨੇ ਬੰਦੇ ਖੜ੍ਹੇ ਸੀ। ਉਹ ਭੁੱਲ ਗਏ, ਬਿਲਕੁਲ ਹੀ ਭੁੱਲ ਗਏ, ਯਾਦ ਹੀ ਨਹੀਂ ਉਹਨਾਂ ਨੂੰ। ਕਹਿੰਦੇ, ਅੱਛਾ ਭਾਈ ਦੇਖੋ, ਇਹ ਕਹਿੰਦੇ ਨੇ ਰੱਖੀਆਂ ਨੇ। ਖਾਤੇ ਚੈੱਕ ਕਰੋ? ਕਹਿੰਦੇ ਜੀ ਖਾਤਾ ਤਾਂ ਇਹਨਾਂ ਦਾ ਨਿਕਲਿਆ ਹੀ ਨਹੀਂ ਕਿਤੇ। ਕਹਿੰਦੇ, ਚਲੋ ਖਾਤਾ ਨਹੀਂ ਤਾਂ ਸਾਰਾ ਸਮਾਨ ਖੋਲ੍ਹ ਕੇ ਦੇਖੋ, ਪੇਟੀਆਂ ਸਭ ਖੋਲ੍ਹੀਆਂ।

ਕਹਿਣ ਲੱਗੇ, ਭਾਈ ਜਮਾਲ! ਜੇ ਅਮਾਨਤ ਤੂੰ ਰੱਖੀ ਹੁੰਦੀ ਤਾਂ ਜਿਥੇ ਸਾਰੀਆਂ ਪਈਆਂ ਨੇ, ਤੇਰੇ ਤੋਂ ਵੀ ਪੁਰਾਣੀਆਂ-ਪੁਰਾਣੀਆਂ ਪਈਆਂ ਨੇ, ਤੇਰੀ ਵੀ ਇਥੇ ਹੁੰਦੀ। ਅਖੀਰ ਗੱਲ ਵਧਦੀ-ਵਧਦੀ ਨਵਾਬ ਤਕ ਚਲੀ ਗਈ। ਨਵਾਬ ਸੋਚਦੈ ਕਿ ਮੁਕੱਦਮਾ ਬੜਾ ਅਜੀਬ ਹੈ। ਭਾਈ ਪਤੰਗ ਐਨਾ ਈਮਾਨਦਾਰ ਹੈ ਕਿ ਸਾਰਾ ਸ਼ਹਿਰ ਕਹਿ ਰਿਹਾ ਹੈ ਕਿ ਇਹ ਸੱਚਾ ਹੈ ਤੇ ਜਮਾਲ ਝੂਠਾ ਹੈ। ਹੁਣ ਫੈਸਲਾ ਕਿਵੇਂ ਹੋਵੇ? ਅਖੀਰ ਉਸ ਨੇ ਕਿਹਾ ਕਿ ਰੱਬ ਦੇ ਬੰਦੇ ਦਾ ਫੈਸਲਾ ਰੱਬ ਹੀ ਕਰਦਾ ਹੁੰਦੈ। ਉਹਨੇ ਐਲਾਨ ਕਰ ਦਿਤਾ ਕਿ ਭਾਈ ਜਮਾਲ! ਤੂੰ ਵੀ ਖੁਦਾ ਦਾ ਬੰਦਾ ਹੈਂ। ਇਹ ਵੀ ਖੁਦਾ ਦਾ ਬੰਦਾ ਹੈ। ਤੁਹਾਡਾ ਫੈਸਲਾ ਮੈਂ ਨਹੀਂ ਕਰਨਾ, ਖੁਦਾ ਨੇ ਕਰਨਾ ਹੈ ਕਿਉਂਕਿ ਉਹ ਕਹਿੰਦੇ ਨੇ, ਮੇਰੇ ਕੋਲ ਰੱਖੀ ਨਹੀਂ ਤੇ ਤੂੰ ਕਹਿੰਦਾ ਹੈਂ ਮੈਂ ਰੱਖ ਕੇ ਗਿਆ ਹਾਂ। ਨਾ ਗਵਾਹ ਤੇਰਾ ਹੈ ਨਾ ਉਹਦਾ ਹੈ ਤੇ ਹੁਣ ਫੈਸਲਾ ਰੱਬੀ ਹੋਏਗਾ। ਇਹ ਹੋਏਗਾ ਕਿ ਇਕ ਕੜਾਹੀ ਤੇਲ ਦੀ ਉਬਾਲ ਕੇ ਜਦੋਂ ਉਹ ਖਦ-ਖਦ ਕਰਨ ਲਗ ਜਾਏਗੀ, ਉਸ ਵੇਲੇ ਉਹਦੇ ਵਿਚ ਦੋ ਰੁਪਏ ਸੁੱਟੇ ਜਾਣਗੇ ਤੇ ਇਕ-ਇਕ ਰੁਪਈਆ ਚੁੱਕਣੈ। ਇਕ ਤੂੰ ਚੁੱਕਣੈ, ਇਕ ਉਹਨੇ ਚੁੱਕਣੈ। ਖੁਦਾ ਦਾ ਇਨਸਾਫ ਆਪਣੇ ਆਪ ਹੀ ਹੋ ਜਾਏਗਾ। ਜਿਹੜਾ ਝੂਠਾ ਹੈ ਉਹਦਾ ਹੱਥ ਜਲ ਜਾਏਗਾ, ਉਸ ਤੋਂ ਚੁੱਕ ਨਹੀਂ ਹੋਣਾ। ਸੱਚਾ ਜਿਹੜਾ ਹੈ ਉਹ ਚੁੱਕ ਲਏਗਾ। ਫੈਸਲਾ ਸੁਣਾ ਦਿਤਾ ਗਿਆ, ਵੱਡੀ ਤਾਦਾਦ ਵਿਚ ਦੁਨੀਆਂ ਇਕੱਠੀ ਹੋ ਗਈ। ਖੁੱਲ੍ਹੇ ਦੇ ਵਿਚ ਕੜਾਹੀ ਉਬਾਲੀ ਗਈ। ਤੇਲ ਉਬਲ ਰਿਹੈ। ਕਿਹਾ ਕਿ ਤੁਸੀਂ ਫੇਰ ਸੋਚ ਲਓ, ਹੁਣ ਰੱਬੀ ਫੈਸਲਾ ਹੋਣ ਲੱਗਿਐ।

ਪਹਿਲੇ ਜ਼ਮਾਨਿਆਂ 'ਚ ਰੱਬੀ ਫੈਸਲੇ ਹੋਇਆ ਕਰਦੇ ਸੀ। ਹੁਣ ਨਹੀਂ ਹੈਗੇ। ਚਲਾਕ ਹੋ ਗਏ ਲੋਕ। ਕੈਮੀਕਲਜ਼ ਆ ਗਏ ਜਿਹਦੇ ਨਾਲ ਸੇਕ ਹੀ ਨਾ ਲੱਗੇ। ਸੋ ਉਸ ਤੋਂ ਬਾਅਦ ਦੋਵੇਂ ਅੱਖਾਂ ਮੀਚੀਂ ਬੈਠੇ ਨੇ। ਰੁਪਏ ਸੁੱਟ ਦਿਤੇ ਗਏ ਕਿ ਚੁੱਕੋ ਤਾਂ ਭਾਈ ਪਤੰਗ ਨੇ ਹੱਥ ਪਾਇਆ, ਜਿਵੇਂ ਠੰਡੇ ਪਾਣੀ 'ਚੋਂ ਹੱਥ ਕੱਢ ਲਈਦੈ, ਐਵੇਂ ਕੱਢ ਲਿਆ। ਭਾਈ ਜਮਾਲ ਜਦੋਂ ਹੱਥ ਨੇੜੇ ਲੈ ਕੇ ਗਿਆ, ਇਹਨੇ ਕਿਹਾ ਕਿ ਮੈਂ ਤਾਂ ਰੱਖੀਆਂ ਹੀ ਨੇ, ਇਹਨੇ ਕਾਹਲੀ ਨਾਲ ਹੱਥ ਪਾਉਣ ਦਾ ਯਤਨ ਕਰਿਆ। ਜਿੰਨਾਂ ਹੱਥ ਪੈ ਗਿਆ, ਓਨਾਂ ਹੀ ਜਲ ਗਿਆ। ਇਕ ਦਮ ਬਾਹਰ ਕੱਢ ਲਿਆ। ਦਰਦ ਹੋਣ ਲਗ ਗਿਆ। ਹਾਏ ਅੱਲਾਹ-ਹਾਏ ਅੱਲਾਹ ਕਰਦਾ ਰੋਣ ਲਗ ਗਿਆ। ਹੇ ਅੱਲਾਹ ਤਾਲਾ! ਐਨੀ ਗਲਤ ਗੱਲ। ਮੈਂ ਸੱਚਾ, ਮੇਰਾ ਹੱਥ ਜਲ ਗਿਆ। ਇਹ ਝੂਠਾ ਇਹਦਾ ਹੱਥ ਨਹੀਂ ਜਲਿਆ। ਨਿਰਾਸ਼ ਹੋ ਗਿਆ, ਹੁਣ ਅਪੀਲ ਕੀਹਦੇ ਕੋਲ ਕਰਨੀ ਸੀ, ਸੁਪਰੀਮ ਕੋਰਟ ਦੇ ਵਿਚ ਫੈਸਲਾ ਹੋ ਗਿਆ। ਘਰ ਚਲਿਆ ਗਿਆ, ਜਾ ਕੇ ਕਰਾਹ ਰਿਹੈ, ਦਰਦ ਦੇ ਨਾਲ ਤੇ ਉਤੇ ਮਲ੍ਹਮਾਂ ਵਗੈਰਾ ਲਾ ਰਹੇ ਨੇ। ਇਧਰੋਂ ਇਹਨੇ ਕਿਹਾ ਕਿ ਇਹ ਐਨਾ ਪੱਕਾ ਹੈ ਕਿ ਦੇਖੀਏ ਤਾਂ ਸਹੀ, ਸਾਰਾ ਸਮਾਨ ਬਾਹਰ ਕੱਢਣ ਲਗ ਗਏ। ਜਦੋਂ ਗੱਦੀ ਚੁੱਕੀ ਤਾਂ ਹੈਰਾਨ ਹੋ ਗਏ ਕਿ ਉਹਦੇ ਥੱਲੇ ਉਵੇਂ ਜਿਵੇਂ ਹੀ ਪਈਆਂ 500

ਮੋਹਰਾਂ। ਗਿਣੀਆਂ ਤਾਂ ਪੂਰੀਆਂ 500। ਲੈ ਕੇ ਦਰਵਾਜ਼ਾ ਖੜਕਾਇਆ ਭਾਈ ਜਮਾਲ ਦਾ। ਅੰਦਰੋਂ ਹਾਏ-ਹਾਏ ਦੀ ਅਵਾਜ਼ ਆਉਂਦੀ ਹੈ। ਕਹਿੰਦੇ, ਭਾਈ ਜਮਾਲ! ਦਰਵਾਜ਼ਾ ਖੋਲ੍ਹ, ਮੈਂ ਪਤੰਗ ਹਾਂ। ਮਾਫੀ ਮੰਗਣ ਆਇਆ ਹਾਂ ਤੇਰੇ ਤੋਂ। ਦਰਵਾਜ਼ਾ ਖੁਲ੍ਹਿਆ। ਕਹਿੰਦਾ, ਕਾਹਦੀ ਮਾਫ਼ੀ? ਕਹਿੰਦੇ, ਤੂੰ ਸੱਚਾ, ਮੈਂ ਝੂਠਾ। ਕਹਿੰਦਾ, ਹੁਣ ਤਾਂ ਮੈਂ ਝੂਠਾ ਖੁਦਾ ਨੇ ਕਰ ਦਿਤਾ ਤੇ ਹੁਣ ਤੂੰ ਸੱਚਾ ਹੈਂ। ਮੋਹਰਾਂ ਤੂੰ ਹੀ ਰੱਖ, ਮੈਂ ਨਹੀਂ ਰੱਖਣੀਆਂ। ਉਹ ਕਹਿੰਦੇ, ਮੈਂ ਤਾਂ ਤੇਰੀ ਅਮਾਨਤ ਨਹੀਂ ਰੱਖਣੀ, ਮੈਂ ਦਰਗਾਹ ਵਿਚ ਜਾ ਕੇ ਕਿਵੇਂ ਮੋੜਾਂਗਾ?

ਕਹਿੰਦਾ, ਚੰਗਾ। ਮੈਂ ਤੇਰੇ ਪੀਰ ਨੂੰ ਮਿਲਣਾ ਚਾਹੁੰਦਾ ਹਾਂ।

ਸ੍ਰੀ ਗੁਰੂ ਅਰਜਨ ਦੇਵ ਪਾਤਸ਼ਾਹ ਦੇ ਪਾਸ ਆ ਗਏ। ਕਹਿੰਦਾ, ਪਾਤਸ਼ਾਹ! ਖੁਦਾ ਦੋ ਨੇ ਕਿ ਇਕ ਹੈ? ਹਿੰਦੂ ਦਾ ਖੁਦਾ ਅੱਡ ਹੈ ਤੇ ਮੁਸਲਮਾਨ ਦਾ ਖੁਦਾ ਹੋਰ ਹੈ ਕੀ?

ਮਹਾਰਾਜ ਕਹਿੰਦੇ, ਖੁਦਾ ਇੱਕੋ ਹੀ ਹੈ।

ਕਹਿੰਦਾ, ਮਹਾਰਾਜ! ਮੇਰਾ ਹੱਥ ਕਿਉਂ ਜਲਿਆ, ਇਹਦਾ ਕਿਉਂ ਨਾ ਜਲਿਆ?

ਗੁਰੂ ਮਹਾਰਾਜ ਕਹਿਣ ਲੱਗੇ, ਭਾਈ ਜਮਾਲ! ਭਾਈ ਪਤੰਗ ਬਿਲਕੁਲ ਸੱਚਾ ਸੀ। ਇਹਨੂੰ ਕੋਈ ਪਤਾ ਨਹੀਂ ਸੀ ਕਿ ਤੇਰੀਆਂ ਮੋਹਰਾਂ ਨੇ। ਜੇ ਝੂਠਾ ਹੁੰਦਾ ਤਾਂ ਜਦੋਂ ਲੱਭ ਗਈਆਂ ਤੈਨੂੰ ਕਿਉਂ ਦੇਣ ਜਾਂਦਾ? ਦੂਜੀ ਗੱਲ ਇਹ ਹੈ ਕਿ ਇਹਨੇ ਸ੍ਰੀ ਗੁਰੂ ਨਾਨਕ ਪਾਤਸ਼ਾਹ ਦਾ ਧਿਆਨ ਧਰਿਆ। ਪਾਤਸ਼ਾਹ! ਮੈਂ ਚਾਹੇ ਸੱਚਾ ਹਾਂ, ਚਾਹੇ ਝੂਠਾ ਹਾਂ ਮੇਰੀ ਲਾਜ ਰੱਖੋ। ਤੂੰ ਜਦੋਂ ਹੱਥ ਪਾਉਣ ਲੱਗਿਆ ਸੀ, ਤੂੰ ਪਹਿਲਾਂ ਪੰਜ ਪੀਰਾਂ ਨੂੰ ਮਨਾਇਆ। ਇਕ ਨੂੰ, ਦੂਜੇ ਨੂੰ, ਤੀਜੇ ਨੂੰ, ਚੌਥੇ ਨੂੰ, ਪੰਜਵੇਂ ਨੂੰ ਫੇਰ ਤੇਰੀ ਸੁਰਤ ਕਦੇ ਪਹਿਲੇ 'ਤੇ ਖੜ੍ਹ ਜਾਇਆ ਕਰੇ ਕਦੇ ਚੌਥੇ 'ਤੇ, ਕਦੇ ਤੀਜੇ 'ਤੇ ਕਦੇ ਦੂਜੇ 'ਤੇ, ਫੇਰ ਕਹੇ ਆਹ ਪੀਰ ਆਉਂਦੈ, ਕਦੇ ਆਹ ਆਉਂਦੈ। ਜਿਹੜਾ ਬਹੁਤਿਆਂ ਨੂੰ ਮੰਨਦਾ ਹੁੰਦੈ, ਫੇਰ ਕੋਈ ਵੀ ਨਹੀਂ ਆਉਂਦਾ ਹੁੰਦਾ। ਉਹ ਕਹਿੰਦੇ ਨੇ ਦੂਜਾ ਆਏਗਾ ਤਾਂ ਮੈਂ ਕਿਉਂ ਜਾਣੈ। ਮੈਨੂੰ ਕਿਹੜਾ ਇਹ ਪੂਰਾ ਮੰਨਦੈ।

ਸੋ ਜਦੋਂ ਤੱਕ ਪੂਰੀ ਤਰ੍ਹਾਂ ਸ਼ਰਧਾ ਨਹੀਂ ਨਾ ਆਉਂਦੀ, ਓਨੀਂ ਦੇਰ ਤਕ ਗੱਲ ਨਹੀਂ ਬਣਦੀ। ਮਹਾਰਾਜ ਕਹਿੰਦੇ, ਇਹਨੇ ਇਕੱਲੇ ਸ੍ਰੀ ਗੁਰੂ ਨਾਨਕ ਸਾਹਿਬ 'ਤੇ ਡੋਰੀ ਰੱਖੀ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਬਹੁੜ ਗਏ।

ਸੋ ਇਸ ਤਰ੍ਹਾਂ ਗੁਰੂ ਪੰਜਵੇਂ ਪਾਤਸ਼ਾਹ ਕਹਿਣ ਲੱਗੇ, ਭਾਈ ਮੰਝ! ਤੇਰਾ ਵਿਸ਼ਵਾਸ਼ ਪੀਰ ਦੇ ਉਤੇ ਵੀ ਹੈ, ਘਰ 'ਚ ਤੇਰੇ ਮੁਕਾਮ ਬਣਿਆ ਹੋਇਐ। ਤੈਨੂੰ ਉਹਦੀਆਂ ਕਰਾਮਾਤਾਂ 'ਤੇ ਭਰੋਸਾ ਹੈ। ਇਕ ਪਾਸੇ ਹੋ ਜਾ -

*ਜਿਨ ਸਰਧਾ ਰਾਮ ਨਾਮਿ ਲਗੀ*
*ਤਿਨ੍ ਦੂਜੈ ਚਿਤੁ ਨ ਲਾਇਆ ਰਾਮ ॥*
*ਜੇ ਧਰਤੀ ਸਭ ਕੰਚਨੁ ਕਰਿ ਦੀਜੈ*
*ਬਿਨੁ ਨਾਵੈ ਅਵਰੁ ਨ ਭਾਇਆ ਰਾਮ ॥* *ਅੰਗ - ੪੪੪*

ਚਾਹੇ ਦੂਸਰਾ ਸਾਰੀ ਧਰਤੀ ਸੋਨੇ ਦੀ ਬਣਾ ਦੇਵੇ ਤਾਂ ਵੀ ਦੂਜੇ ਪਾਸੇ ਨਹੀਂ ਜਾਂਦੇ, ਨਾਮ ਨੂੰ ਛੱਡ ਕੇ।

ਕਹਿੰਦਾ, ਸੱਚੇ ਪਾਤਸ਼ਾਹ! ਮੈਂ ਹੁਣੇ ਫੈਸਲਾ ਕਰ ਆਉਂਦਾ ਹਾਂ। ਘਰ ਨੂੰ ਚਲਿਆ ਗਿਆ। ਦੋ ਦਿਨਾਂ 'ਚ ਪਹੁੰਚ ਗਿਆ। ਘਰ ਵਾਲੇ ਹੈਰਾਨ ਨੇ ਕਿ ਇਹ ਤਾਂ ਹੋਰ ਤਰ੍ਹਾਂ ਦਾ ਹੀ ਹੋ ਗਿਆ, ਅੱਗੇ ਵਰਗਾ ਰਿਹਾ ਹੀ ਨਹੀਂ ਹੈ। ਗੁਰੂ ਦੇ ਦਰਸ਼ਨ ਦੇ ਨਾਲ ਹੀ ਕਾਂਇਆ ਕਲਪ ਹੋ ਗਈ। ਸੁਭਾਅ 'ਚ ਬਦਲੀ ਆ ਗਈ। ਅੱਗੇ ਆਦਮ ਬੋ-ਆਦਮ ਬੋ ਕਰਦਾ ਆਉਂਦਾ ਸੀ। ਹੁਣ ਨਰਮੀ ਨਾਲ ਬੋਲ ਰਿਹੈ। ਘਰਵਾਲੀ ਨੂੰ ਬੁਲਾਇਆ, ਉਹ ਕਹਿੰਦੀ, ਤੂੰ ਸੰਗ ਨਾਲ ਨਹੀਂ ਗਿਆ? ਕਹਿੰਦਾ, ਮੈਂ ਜਿੱਥੇ ਜਾਣਾ ਸੀ ਚਲਿਆ ਗਿਆ। ਕਹਿੰਦੀ, ਬੜੀ ਮਾੜੀ ਗੱਲ ਕਰੀ ਤੂੰ, ਪੀਰ ਨੂੰ ਛੱਡ ਕੇ ਗੁਰੂਆਂ ਦਾ ਬਣ ਗਿਆ। ਉਹ ਕਹਿੰਦਾ, ਭੋਲੀਏ! ਮਾੜੀ ਨਹੀਂ ਕਰੀ, ਮੈਂ ਤਾਂ ਖਰਾ ਸੌਦਾ ਲੈ ਲਿਆ। ਪਹਿਲਾਂ ਸਾਰੀ ਮਾੜੀ ਗੱਲ ਹੋ ਰਹੀ ਸੀ। ਕਹੀ ਚੁੱਕ ਲਈ, ਜਦੋਂ ਮੁਕਾਮ ਢਾਹੁਣ ਲੱਗਿਆ, ਘਰਵਾਲੀ ਆ ਕੇ ਚਿੰਬੜ ਗਈ, ਬਾਹਾਂ ਫੜ ਲਈਆਂ, ਕਹਿੰਦੀ, ਬਾਲ ਬੱਚੇ ਮਰਵਾ ਬੈਠੇਂਗਾ। ਡੰਗਰ ਮਰ ਜਾਣਗੇ, ਪੀਰ ਬੜਾ ਜਾਹਲ ਹੈ। ਡਰ ਪੀਰ ਤੋਂ, ਲੋਕ ਇਕੱਠੇ ਹੋ ਗਏ। ਲੋਕ ਨੱਠ-ਨੱਠ ਆਉਂਦੇ ਨੇ ਕਿ ਪਾਗ਼ਲ ਹੋ ਗਿਆ। ਕਮਲਾ ਕਰ ਦਿਤਾ ਪੀਰ ਨੇ। ਸੋ ਉਸ ਵੇਲੇ ਸਾਰੀ ਮੁਕਾਲਫ਼ਤ ਦੇ ਬਾਵਜੂਦ, ਮੁਕਾਮ ਢਾਹ ਕੇ ਕਹਿਣ ਲੱਗਿਆ, ਹੁਣ ਮੈਂ ਚੱਲਿਆ। ਹੁਣ ਮੇਰਾ ਇੰਤਜ਼ਾਰ ਕਰੀਂ, ਮੈਂ ਗੁਰੂ ਦਾ ਸਿੱਖ ਬਣ ਕੇ ਹੀ ਆਉਂਗਾ।

ਸੋ ਉਸ ਵੇਲੇ ਵਾਪਸ ਚਲਿਆ ਗਿਆ, ਗੁਰੂ ਮਹਾਰਾਜ ਕੋਲ। ਗੁਰੂ ਮਹਾਰਾਜ ਨੇ ਦੇਖਿਆ ਕਿ ਦ੍ਰਿੜ੍ਹ ਲਗਨ ਹੈ ਇਸ ਬੰਦੇ ਦੀ ਤੇ ਅੰਦਰੋਂ ਸੰਸਕਾਰ

ਦੇਖੇ, ਦੇਖ ਕੇ ਗੁਰੂ ਮਹਾਰਾਜ ਨੇ ਕੋਲ ਬੁਲਾ ਲਿਆ, ਚਰਨਾਮ੍ਰਿਤ ਦਿਤਾ। ਫੇਰ ਉਸ ਤੋਂ ਬਾਅਦ ਗੁਰਮੰਤ੍ਰ ਦੇ ਦਿਤਾ। ਇਸ ਤਰ੍ਹਾਂ ਨਾਲ ਲਿਖਿਐ –

*ਧਾਰਨਾ – ਗੁਰ ਸ਼ਬਦ ਸੁਣਾਇਆ ਜੀ,*
*ਵੇਦ ਕਤੇਬ ਅਗੋਚਰਾ।*

*ਨਿਰੰਕਾਰ ਆਕਾਰੁ ਕਰਿ ਜੋਤਿ ਸਰੂਪ ਅਨੂਪ ਦਿਖਾਇਆ।*
*ਬੇਦ ਕਤੇਬ ਅਗੋਚਰਾ ਵਹਿਗੁਰੂ ਗੁਰ ਸਬਦੁ ਸੁਣਾਇਆ।*
*ਚਾਰਿ ਵਰਨ ਚਾਰ ਮਜਹਬਾ*
*ਚਰਣ ਕਵਲ ਸਰਣਾਗਤਿ ਆਇਆ। ਭਾਈ ਗੁਰਦਾਸ ਜੀ*

ਸ਼ਬਦ ਸੁਣਾ ਦਿਤਾ। ਜਿਹੜਾ ਵੇਦਾਂ, ਕਤੇਬਾਂ, ਕੁਰਾਨ ਸ਼ਰੀਫ, ਬਾਈਬਲ ਸਾਰਿਆਂ ਦੇ ਵਿਚ ਅੱਜ ਤੱਕ ਸ਼ਬਦ ਨਹੀਂ ਸੀ ਦਿਤਾ ਉਹ ਸ਼ਬਦ ਦੇ ਦਿਤਾ।

*ਪਾਰਸ ਪਰਸਿ ਅਪਰਸ ਜਗਿ*
*ਅਸਟਧਾਤੁ ਇਕੁ ਧਾਉ ਕਰਾਇਆ।*
*ਪੈਰੀ ਪਾਇ ਨਿਵਾਇਕੈ ਹਉਮੈ ਰੋਗੁ ਅਸਾਧੁ ਮਿਟਾਇਆ।*
*ਹੁਕਮਿ ਰਜਾਈ ਚਲਣਾ ਗੁਰਮੁਖਿ ਗਾਡੀ ਰਾਹੁ ਚਲਾਇਆ।*
*ਪੂਰੇ ਪੂਰਾ ਥਾਟੁ ਬਣਾਇਆ। ਭਾਈ ਗੁਰਦਾਸ ਜੀ*

ਸੋ ਨਾਲ ਜੁਗਤ ਦਸ ਦਿਤੀ ਕਿ ਭਾਈ ਮੰਝ! ਨਾਮ ਰਸਨਾ ਤੋਂ ਸ਼ੁਰੂ ਹੋਇਆ ਕਰਦੈ। ਰਸਨਾ ਨਾਲ ਜਪੀਂ, ਬੋਲ ਕੇ ਜਪ ਲਈਂ, ਫੇਰ ਰਸਨਾ ਨਾਲ ਖਾਮੋਸ਼ੀ ਨਾਲ ਜਪ ਲਈਂ, ਕੰਠ ਵਿਚ ਜਪ ਲਈਂ ਦਸ ਗੁਣਾਂ ਫਲ ਵਧ ਜਾਏਗਾ। ਹਿਰਦੇ 'ਚ ਜਪ ਲਈਂ ਸੌ ਗੁਣਾਂ ਫਲ ਵਧ ਜਾਏਗਾ। ਨਾਭੀ 'ਚ ਜਪ ਲਈਂ ਇਕ ਹਜ਼ਾਰ ਗੁਣਾਂ ਫਲ ਵਧ ਜਾਏਗਾ। ਇਕ ਹਜ਼ਾਰ ਵਾਰੀ ਬੋਲ ਕੇ ਕਹਿ ਦੇਈਂ, ਇਕ ਵਾਰੀ ਨਾਭੀ 'ਚ ਕਹਿ ਦੇਈਂ ਪੂਰਨ silence ਦੇ ਅੰਦਰ, ਹਾਜ਼ਰੀ ਵਾਹਿਗੁਰੂ ਦੀ ਮਹਿਸੂਸ ਕਰਕੇ। ਫੇਰ ਉਸ ਤੋਂ ਬਾਅਦ ਇਹਦੇ ਨਾਲ ਇਹ ਰੱਖਣੈ ਕਿ ਸੁਰਤ ਤੇ ਸ਼ਬਦ ਦਾ ਮੇਲ ਕਰਨੈ। ਕਿਉਂਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੋ ਮਾਰਗ ਹੈ ਇਹ ਨਾ ਹੱਠ ਮੰਗਦੈ, ਨਾ ਇਹ ਧੂਣੀਆਂ ਤਾਪਣੀਆਂ, ਨਾ ਜਲ ਧਾਰੇ ਕਰਨ ਨੂੰ ਕਹਿੰਦਾ ਹੈ। ਨਾ ਪੁੱਠੇ ਲਟਕਣੈ, ਨਾ ਕੰਡਿਆਂ 'ਤੇ ਸੌਣੈ, ਨਾ ਭੁੱਖੇ ਰਹਿਣੈ। ਇਹ ਤਾਂ ਸਿਰਫ ਦੋ ਚੀਜ਼ਾਂ ਨੇ। ਇਕ ਸੁਰਤ ਹੈ ਤੇ ਇਕ ਸ਼ਬਦ ਹੈ। ਸੁਰਤਿ ਤੇ ਸ਼ਬਦ ਨੂੰ ਲਾਉਣਾ ਹੈ।

ਸਿੱਧਾਂ ਨੇ ਪੁੱਛਿਆ ਸੀ, ਹੇ ਨਾਨਕ! ਤੁਸੀਂ ਕਹੀ ਜਾਂਦੇ ਹੋਂ ਕਿ ਗ੍ਰਿਹਸਤ ਵਿਚ ਰਹੋ, ਬੜੀ ਬਹਿਸ ਹੋਈ। ਤੁਸੀਂ ਕਿਵੇਂ ਲੰਘਾ ਦਿਓਂਗੇ? ਗ੍ਰਿਹਸਤੀਆਂ ਦੀ ਤਾਂ ਸੁਰਤ ਖਿੰਡੀ ਪਈ ਹੁੰਦੀ ਹੈ। ਇਹਨਾਂ ਦੀ ਸੁਰਤ ਤਾਂ ਕਿਤੇ ਟਿਕਾਣੇ ਆ ਹੀ ਨਹੀਂ ਸਕਦੀ।

ਮਹਾਰਾਜ ਕਹਿਣ ਲੱਗੇ, ਅਸੀਂ ਉੱਚੀ ਸੁਰਤ ਪੈਦਾ ਕਰ ਦੇਵਾਂਗੇ। ਉਹ ਸੁਰਤ ਖਾਲੀ ਨਹੀਂ ਰੱਖਣੀ। ਸ਼ਬਦ ਦੇ ਨਾਲ ਲਾ ਦੇਵਾਂਗੇ। ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ –

*ਧਾਰਨਾ – ਨਾਨਕ ਨਾਮ ਵਖਾਣੇ ਜੀ,*
*ਸੁਰਤਿ ਸਬਦਿ ਭਵਸਾਗਰ ਤਰੀਐ।*

*ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥*
*ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥*
*ਅੰਗ – ੯੩੮*

ਜਿਸ ਤਰ੍ਹਾਂ ਜਲ ਦੇ ਅੰਦਰ ਮੁਰਗਾਬੀ ਦੇ ਖੰਭ ਨਹੀਂ ਭਿੱਜਿਆ ਕਰਦੇ, ਇਸੇ ਤਰ੍ਹਾਂ ਜਦੋਂ ਸ਼ਬਦ ਦੇ ਨਾਲ ਸੁਰਤ ਲਗ ਜਾਏਗੀ, ਮਾਇਆ ਦੇ ਚਿੱਕੜ 'ਚ ਅਭਿਆਸੀ ਦੀ ਬਿਰਤੀ ਨਹੀਂ ਭਿੱਜੇਗੀ। ਰਹੇਗਾ ਤਾਂ ਪਰਿਵਾਰ ਵਿਚ ਪਰ ਪਰਿਵਾਰ ਵਿਚ ਰਹਿੰਦਾ ਹੋਇਆ ਦੁਖ ਸੁਖ ਤੋਂ ਅਲੇਪ ਹੋ ਕੇ ਰਹੇਗਾ –

*ਰਹਹਿ ਇਕਾਂਤਿ ਏਕੋ ਮਨਿ ਵਸਿਆ*
*ਆਸਾ ਮਾਹਿ ਨਿਰਾਸੋ ॥ ਅੰਗ – ੯੩੮*

ਕੋਈ ਫੁਰਨਾ ਕਰਨਾ ਹੀ ਨਹੀਂ –

*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥*
*ਅੰਗ – ੧*

ਜਿਵੇਂ ਵਾਹਿਗੁਰੂ ਕਰਾਉਂਦੈ, ਹੋਈ ਜਾਂਦੈ। ਜੋ ਕੁਛ ਹੋਣੈ, ਹੋਈ ਜਾਂਦੈ।

*ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕੁ ਤਾ ਕਾ ਦਾਸੋ ॥ ਅੰਗ – ੯੩੮*

ਸੋ ਕਹਿਣ ਲੱਗੇ, ਬਈ ਗੁਰੂ ਦੇ ਦੋ ਰੂਪ ਨੇ। ਇਕ ਤਾਂ ਆਹ ਰੂਪ ਹੈ ਜੋ ਗੁਰੂ ਸਾਕਾਰ ਨਜ਼ਰ ਆਉਂਦੈ, ਦੂਸਰਾ ਸਰੂਪ ਹੁੰਦੈ ਜੋ ਅੰਦਰ ਗੁਰੂ ਹਰੇਕ ਦੇ ਨਾਲ ਹੈ। ਉਹਨੂੰ ਸ਼ਬਦ ਗੁਰੂ ਕਹਿੰਦੇ ਨੇ। ਗੁਰੂ ਓਹੀ ਸਾਕਾਰ ਹੋ ਕੇ ਸਰੀਰ ਧਾਰੀ ਹੋਇਆ ਕਰਦੈ। ਸ਼ਬਦ ਜਿਹੜਾ ਹੈ ਉਹ –

*ਨਿਰੰਕਾਰੁ ਆਕਾਰੁ ਹੋਇ ਏਕੰਕਾਰੁ ਅਪਾਰੁ ਸਦਾਇਆ।*
*ਏਕੰਕਾਰਹੁ ਸਬਦੁ ਧੁਨਿ ਓਅੰਕਾਰ ਅਕਾਰੁ ਬਣਾਇਆ।*
*ਭਾਈ ਗੁਰਦਾਸ ਜੀ*

ਸ਼ਬਦ ਧੁਨ ਜਿਹੜੀ ਹੈ ਇਹ ਗੁਰੂ ਹੋ ਜਾਇਆ ਕਰਦੈ, ਅੰਦਰ। ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਇਥੇ ਹੀ ਸਮਾਪਤੀ ਹੈ। ਅਗਲੀ ਵਿਚਾਰ ਅਗਲੇ ਦੀਵਾਨ ਵਿਚ ਹੋਵੇਗੀ।

*ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ, ਹੁਕਮਨਾਮਾ।*

***(ਵੀਡੀਓ ਫਿਲਮ ਦੀਵਾਨ ਨੰ: 120 ਦੀ ਬਾਕੀ)***

# ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ

## ਤਿਨ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥

### (ਅੰਮ੍ਰਿਤ ਵੇਲੇ ਆਸਾ ਕੀ ਵਾਰ ਦੇ ਕੀਰਤਨ ਦੀ ਸਮਾਪਤੀ ਉਪਰੰਤ ਕੀਤੇ ਬਚਨ)

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

*(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ-20)*

ਸੋ ਉਸ ਪ੍ਰੇਮੀ ਨੇ ਵਿਚਾਰਿਆ ਕਿ ਮਹਾਂਪੁਰਸ਼ਾਂ ਦੀ ਸੇਵਾ ਕਰਾਂ, ਕੋਈ ਬਚਨ ਕਰ ਦੇਣ, ਮੇਰੇ ਘਰ ਦਾ ਗੁਜ਼ਾਰਾ ਚਲ ਪਵੇ ਤਾਂ ਚੰਗਾ ਹੈ। ਸੇਵਾ ਕਰਦਾ ਰਿਹਾ, ਮਹਾਂਪੁਰਸ਼ ਕਹਿਣ ਲੱਗੇ, "ਪ੍ਰੇਮੀਆਂ! ਤੂੰ ਕਿਵੇਂ ਆਇਆ ਹੈਂ?" "ਮਹਾਰਾਜ ਗੁਜ਼ਾਰਾ ਨਹੀਂ ਚਲਦਾ।" ਮਹਾਤਮਾ ਕਹਿੰਦੇ, "ਗੁਜ਼ਾਰਾ ਤਾਂ ਚਲ ਜਾਊਗਾ। ਪਰ ਤੇਰੇ ਅੰਦਰ ਜਿਹੜੀ ਤ੍ਰਿਸ਼ਨਾ ਹੈ ਉਹ ਨਹੀਂ ਰੱਜਣੀ। ਕਹਿੰਦਾ, "ਨਾ ਮਹਾਰਾਜ, ਮੈਨੂੰ ਤਾਂ ਮਾਮੂਲੀ ਗੱਲ ਹੈ। ਚੰਗਾ ਤੈਨੂੰ ਅਸੀਂ ਚਾਰ ਬੱਤੀਆਂ ਦੇਨੇ ਹਾਂ ਇਹ ਤੂੰ ਲੈ ਜਾ। ਆਹ ਜਿਹੜੀ ਨੰਬਰ ਇਕ ਬੱਤੀ ਹੈ ਇਹਨੂੰ ਜਲਾ ਕੇ ਰਾਤ ਨੂੰ ਅੱਧੀ ਰਾਤ - ਮੱਸਿਆ ਦੀ ਰਾਤ, ਤੂੰ ਜਲਾ ਕੇ ਚਲ ਪਈਂ ਤੇ ਪੂਰਬ ਦਿਸ਼ਾ ਨੂੰ ਚਲਿਆ ਜਾਈਂ। ਜਿਥੇ ਜਾ ਕੇ ਬੁਝ ਜਾਏਗੀ ਉਥੇ ਖਜ਼ਾਨਾ ਦੱਬਿਆ ਹੋਇਆ ਹੈ। ਆਹ ਦੋ ਨੰਬਰ ਬੱਤੀ ਹੈ, ਜੇ ਤੇਰੇ ਕੋਲ ਪੈਸਾ ਮੁੱਕ ਗਿਆ ਤਾਂ ਇਹ ਜਲਾ ਲਈਂ। ਇਹ ਪੱਛਮ ਵਲ ਨੂੰ ਚਲਿਆ ਜਾਈਂ। ਜਿਥੇ ਇਹ ਬੁਝੇ, ਉਥੇ ਤੈਨੂੰ ਹੋਰ ਧਨ ਮਿਲ ਜਾਏਗਾ, ਪਰ ਸੰਕੋਚ ਨਾਲ ਖਰਚ ਕਰੀ ਜਾਈਂ, ਮੁਕਦਾ ਨਹੀਂ ਐਨਾ ਧਨ ਹੈ। ਜੇ ਮੁਕ ਜਾਵੇ ਤਾਂ ਇਸੇ ਤਰ੍ਹਾਂ ਤੀਜੀ ਬੱਤੀ ਪੱਛਮ ਦਿਸ਼ਾ ਵੱਲ ਚਲ ਕੇ ਜਾਈਂ। ਆਹ ਚੌਥੀ ਜਿਹੜੀ ਬੱਤੀ ਹੈ ਇਹ ਨਾ ਜਲਾਈਂ, ਇਹ ਜਲਾਏਂਗਾ, ਦੱਖਣ ਦਿਸ਼ਾ ਵਲ ਨੂੰ ਜਾਏਂਗਾ, ਦੁਖੀ ਹੋਏਂਗਾ।" ਕਹਿੰਦਾ, "ਠੀਕ ਹੈ ਮਹਾਰਾਜ! ਇਹਨੂੰ ਤਾਂ ਮੈਂ ਹੱਥ ਹੀ ਨਹੀਂ ਲਾਉਂਦਾ।" ਘਰ ਆ ਗਿਆ, ਆ ਕੇ ਬੱਤੀਆਂ ਰੱਖ ਦਿਤੀਆਂ। ਰਾਤ ਨੂੰ ਨੀਂਦ ਨਹੀਂ ਆਉਂਦੀ। ਮੱਸਿਆ ਨੂੰ ਉਡੀਕੀ ਜਾਂਦੈ। ਮੱਸਿਆ ਦੀ ਰਾਤ ਆ ਗਈ, ਬੱਤੀ ਜਲਾ ਲਈ, ਜਲਾ ਕੇ ਚਲਿਆ ਜਾਂਦਾ ਹੈ, ਜਾ ਕੇ ਜਿਥੇ ਬੁਝ ਗਈ ਉਥੇ ਕਹੀ ਲੈ ਕੇ, ਪੁੱਟਣ ਲਗ ਗਿਆ। ਜਦ ਥੋੜ੍ਹਾ ਜਿਹਾ ਹੀ ਪੁੱਟਿਆ - ਤਿੰਨ ਚਾਰ ਫੁੱਟ, ਉਹਦੇ 'ਚੋਂ ਤਾਂਬਾ ਨਿਕਲਣਾ ਸ਼ੁਰੂ ਹੋ ਗਿਆ - ਤਾਂਬੇ ਦੇ ਪੈਸੇ। ਪਹਿਲੇ ਜਮਾਨਿਆਂ 'ਚ ਤਾਂਬੇ ਦੇ ਪੈਸੇ ਹੁੰਦੇ ਸੀ। ਅੱਜਕੱਲ੍ਹ ਤਾਂ ਪਤਾ ਹੀ ਨਹੀਂ ਹੈ ਕਿ ਤਾਂਬੇ ਦੇ ਪੈਸੇ ਕਿਹੋ ਜਿਹੇ ਹੁੰਦੇ ਨੇ। ਸੋ ਦੇਖਿਆ ਕਿ ਬਹੁਤ ਪਏ ਨੇ, ਬੜਾ ਖੁਸ਼ ਹੋਇਆ, ਮਿੱਟੀ ਭਰ ਕੇ ਟੋਆ ਭਰ ਦਿਤਾ ਕਿ ਵਿਹਲੇ ਵੇਲੇ ਪੰਡ ਭਰ ਕੇ ਲੈ ਜਾਇਆ ਕਰਾਂਗਾ। ਜਦ ਮੁੱਕਣ ਲੱਗੇ, ਫੇਰ ਲੈ ਜਾਇਆ ਕਰੂੰ। ਲੇਕਿਨ ਘਰ ਜਾ ਕੇ ਟਿਕਿਆ ਨਹੀਂ ਗਿਆ, ਨੀਂਦ ਨਹੀਂ ਆਉਂਦੀ। ਕਹਿੰਦਾ, ਐਧਰਲਾ ਵੀ ਦੇਖਣਾ ਚਾਹੀਦਾ ਹੈ। ਦੂਸਰੀ ਰਾਤ ਆਈ, ਬੱਤੀ ਜਲਾਈ ਤੇ ਉੱਤਰ ਨੂੰ ਚਲਿਆ ਗਿਆ। ਪਹਾੜ ਵਲ ਨੂੰ ਹੋ ਗਿਆ ਤੇ ਜਿਥੇ ਜਾ ਕੇ ਬੁਝ ਗਈ ਉਥੇ ਜਾ ਕੇ ਪੁੱਟਿਆ ਤਾਂ ਰੁਪਈਆਂ ਦਾ ਖਜ਼ਾਨਾ ਨਿਕਲ ਆਇਆ। ਬਹੁਤ ਖੁਸ਼ ਹੋ ਗਿਆ ਕਿ ਲੈ ਕਿੰਨਾਂ ਤਾਂਬਾ ਚੁੱਕਣਾ ਸੀ ਐਵੇਂ। ਹੁਣ ਤਾਂ ਰੁਪਈਏ ਹੀ ਲੈ ਜਾਇਆ ਕਰਾਂਗੇ, ਤਾਂਬੇ ਨੂੰ ਪਿਛੋਂ ਦੇਖ ਲਵਾਂਗੇ। ਫੇਰ ਘਰ ਆ ਕੇ ਸੋਚ ਹੋ ਗਈ ਕਿ ਆਹ ਵੀ ਤੀਜੀ ਬੱਤੀ ਦੇਖ ਲੈਣੀ ਚਾਹੀਦੀ ਹੈ। ਇਹਦੇ ਵਿਚ ਕੀ ਹਰਜ਼ ਹੈ। ਤੀਸਰੇ ਦਿਨ ਪੱਛਮ ਵਾਲੀ ਬੱਤੀ ਜਲਾ ਕੇ ਤੁਰ ਜਾਂਦਾ ਹੈ। ਅੱਗੇ ਜਾ ਕੇ ਕੀ ਦੇਖਦਾ ਹੈ, ਜਦ ਪੁਟਾਈ ਕਰੀ ਤਾਂ ਹੀਰੇ ਨਿਕਲਣੇ ਸ਼ੁਰੂ ਹੋ ਗਏ। ਕਹਿੰਦਾ, ਕਿੰਨੇ-ਕਿੰਨੇ ਹਜ਼ਾਰ ਰੁਪਏ ਦਾ ਇਕੋ ਹੀਰਾ ਹੈ ਆਹ ਤਾਂ ਖਜ਼ਾਨਾ ਹੀ ਬਹੁਤਾ ਵਧੀਆ ਨਿਕਲ ਆਇਆ। ਸੋਨੇ ਦੀਆਂ ਮੋਹਰਾਂ ਦਾ ਨਿਕਲ ਆਇਆ ਤੇ ਇਹ ਤਾਂ ਬਹੁਤ ਵਧੀਆ ਖਜ਼ਾਨਾ ਹੈ। ਪਹਿਲਾਂ ਆਹੀ ਵਰਤਾਂਗਾ ਦੂਜਿਆਂ ਦੀ ਲੋੜ ਹੀ ਨਾ ਪਵੇ। ਫੇਰ ਵੀ ਨੀਂਦ ਨਾ ਆਈ, ਘਰ ਜਾ ਕੇ ਕਹਿਣ ਲੱਗਿਆ, ਦੱਖਣ 'ਚ ਵੀ ਦੇਖਣਾ ਚਾਹੀਦਾ ਹੈ। ਨਾਲ ਯਾਦ ਆ ਗਿਆ ਕਿ ਮਹਾਤਮਾ ਨੇ ਕਿਹਾ ਸੀ ਕਿ ਦੱਖਣ ਦਿਸ਼ਾ 'ਚ ਨਾ ਜਾਈਂ, ਕਰੂਰ ਦਿਸ਼ਾ ਹੁੰਦੀ ਹੈ, ਇਹ ਭੂਤਾਂ-ਪ੍ਰੇਤਾਂ ਦੀ ਦਿਸ਼ਾ ਹੁੰਦੀ ਹੈ,

ਐਧਰ ਨਾ ਜਾਈਂ। ਪਰ ਟਿਕਿਆ ਨਹੀਂ, ਲਾਲਚ ਦੇ ਵਸ ਹੋ ਕੇ ਅਗਲੇ ਦਿਨ ਬੱਤੀ ਜਗਾ ਕੇ ਤੁਰ ਪਿਆ। ਐਧਰ ਵੀ ਜਾ ਕੇ ਫੇਰ ਪੁੱਟਣ ਲਗ ਗਿਆ। ਪੁੱਟਦੇ-ਪੁੱਟਦੇ ਕੋਈ ਦਰਵਾਜ਼ਾ ਬੰਦ ਸੀ, ਨਿਕਲ ਆਇਆ। ਉਹਨੂੰ ਖੋਲ੍ਹਿਆ ਉਹਦੇ ਅੰਦਰ ਚਲਿਆ ਗਿਆ। ਫੇਰ ਜਾਂਦੇ ਸਾਰ ਇਕ ਚੱਕਰ ਉਹਦੇ ਮੱਥੇ 'ਚ ਘੁੰਮ ਕੇ, ਆ ਕੇ ਲੱਗਣਾ ਸ਼ੁਰੂ ਹੋ ਗਿਆ। ਬਾਹਰ ਨੂੰ ਨਿਕਲਦਾ ਹੈ ਤਾਂ ਲਗਦਾ ਹੈ। ਇਹਦੇ ਵਿਚ ਸੁਰੰਗ ਸੀ ਉਸ ਵਿਚ ਤੁਰੀ ਗਿਆ ਅਤੇ ਇਕ ਥਾਂ ਪਹੁੰਚ ਗਿਆ। ਉਥੇ ਕੀ ਦੇਖਦਾ ਹੈ ਕਿ ਇਕ ਪ੍ਰੇਮੀ ਬੈਠਾ ਚੱਕੀ ਚਲਾ ਰਿਹਾ ਹੈ। ਉਹਨੂੰ ਜਾ ਕੇ ਪੁੱਛਣ ਲੱਗਿਆ ਕਿ ਐਥੇ ਅੱਗੇ ਕੋਈ ਖਜ਼ਾਨਾ ਵੀ ਹੈ। ਕਹਿੰਦਾ, ''ਬਹੁਤ ਵੱਡਾ ਖਜ਼ਾਨਾ ਹੈ ਤੈਨੂੰ ਮੈਂ ਦਸ ਦਿੰਦਾ ਹਾਂ, ਆਹ ਚੱਕੀ ਦੇ ਹੱਥੇ ਦੇ ਨਾਲ ਤੂੰ ਹੱਥ ਲਾ ਲੈ, ਫੇਰ ਮੈਂ ਦੱਸੂੰ। ਜਿਸ ਵਕਤ ਹੱਥ ਲਾਇਆ, ਉਹਦਾ ਹੱਥ ਹੱਥੇ ਦੇ ਨਾਲ ਹੀ ਜੁੜ ਗਿਆ ਤੇ ਪਹਿਲਾਂ ਵਾਲੇ ਦਾ ਹੱਥ ਛੁਟ ਗਿਆ। ਉਹ ਕਹਿਣ ਲੱਗਿਆ ਕਿ ਮੈਂ ਤਾਂ ਐਥੇ ਫਸ ਗਿਆ ਤੇ ਮੇਰਾ ਛੁਟਕਾਰਾ? ਕਹਿੰਦੇ ਤੇਰੇ ਨਾਲੋਂ ਵੀ ਵੱਧ ਕੋਈ ਲਾਲਚੀ ਬੰਦਾ ਆਊ - ਤ੍ਰਿਸ਼ਨਾਲੂ, ਉਹ ਤੈਨੂੰ ਛੁਡਾਊ, ਮੈਂ ਵੀ ਐਵੇਂ ਹੀ ਫਸਿਆ ਸੀ। ਸੋ ਮਹਾਰਾਜ ਕਹਿੰਦੇ ਹਨ -

*ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ ॥ ੧ ॥ ਰਹਾਉ ॥*
*ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ ॥*
*ਪਰੈ ਪਰੈ ਹੀ ਕਉ ਲੁਝੀ ਹੇ ॥* *ਅੰਗ - ੨੧੩*

ਦੇਸ਼ਾਂ-ਪ੍ਰਦੇਸ਼ਾਂ 'ਚ ਆਦਮੀ ਤੁਰਿਆ ਫਿਰਦਾ ਹੈ, ਬੜੇ ਉਚੇ ਕੰਮ ਕਰਦਾ ਹੈ, ਧਰਤੀ ਦੇ ਪੇਟ ਵਿਚ ਵੜਦਾ ਹੈ ਖਾਨਾਂ 'ਚ ਸਮੁੰਦਰ ਦੇ ਥੱਲੇ ਜਾਂਦਾ ਹੈ, ਅਸਮਾਨਾਂ 'ਚ ਤੁਰਿਆ ਫਿਰਦਾ ਹੈ, ਪਹਾੜਾਂ 'ਤੇ ਫਿਰਦਾ ਹੈ, ਉਹਦੀ ਤ੍ਰਿਸ਼ਨਾ ਦੀ ਅੱਗ ਨਹੀਂ ਬੁਝਦੀ। ਸੋ ਮਨ ਦੀ ਭੁੱਖ ਐਡੀ ਵੱਡੀ ਹੈ ਕਿ ਸਰੀਰ ਦੀਆਂ ਭੁੱਖਾਂ ਮਿਟ ਜਾਂਦੀਆਂ ਹਨ - ਪ੍ਰਸ਼ਾਦਾ ਛਕ ਕੇ ਲੇਕਿਨ ਮਨ ਦੀ ਭੁੱਖ ਨਹੀਂ ਮਿਟਦੀ। ਸੋ ਇਸ ਦਾ ਖਾਤਮਾ ਨਹੀਂ ਹੁੰਦਾ। ਮਨ ਅਜੇ ਟਿਕਿਆ ਨਹੀਂ ਹੈ - 'ਪਰੈ ਪਰੈ ਹੀ ਕਉ ਲੁਝੀ ਹੇ।' ਪਰ੍ਹੇ ਹੀ ਪਰ੍ਹੇ ਚਲਦਾ-ਚਲਦਾ ਅਖੀਰ ਸੁਆਸ ਖਤਮ ਹੋ ਜਾਂਦੇ ਨੇ ਤੇ ਇਥੋਂ ਤੁਰ ਜਾਂਦਾ ਹੈ ਤੇ ਅਗਲਾ ਦੁਖ ਸਾਮ੍ਹਣੇ ਆ ਜਾਂਦਾ ਹੈ -

*ਇਕੁ ਦੁਖੁ ਸਕਤਵਾਰ ਜਮਦੂਤ॥* *ਅੰਗ - ੧੨੫੯*

ਜਮਦੂਤਾਂ ਦੇ ਨਾਲ ਸਾਡਾ ਵਾਹ ਪੈ ਜਾਂਦਾ ਹੈ। ਉਹ ਕਹਿੰਦੇ, ਤੂੰ ਨਾਮ ਤਾਂ ਜਪਿਆ ਨਹੀਂ ਹੈ ਤੇ ਹੁਣ ਤਾਂ ਤੂੰ ਸਾਡੇ ਹੀ ਕਾਬੂ ਆਏਂਗਾ ਕਿਉਂਕਿ ਜੇ ਨਾਮ ਜਪੇਂ ਤਾਂ ਮਹਾਰਾਜ ਕਹਿੰਦੇ ਫੇਰ ਸਾਰੇ ਆਦਰ ਦਿੰਦੇ ਨੇ -

*ਰੇ ਰੇ ਦਰਗਹ ਕਹੈ ਨ ਕੋਊ ॥*
*ਆਉ ਬੈਠੁ ਆਦਰੁ ਸੁਭ ਦੇਊ ॥* *ਅੰਗ - ੨੫੨*

ਕਿਉਂਕਿ ਨਾਮ ਜਪਿਆ ਹੋਇਆ ਹੈ। ਜਿਹੜੇ ਦੂਜੇ ਨੇ, ਉਹ ਜਾਂਦੇ ਨੇ ਤੇ ਉਨ੍ਹਾਂ ਨੂੰ ਮਾਰ ਪੈਂਦੀ ਹੈ, ਬਹੁਤ ਜ਼ਿਆਦਾ।

*ਬਾਰਿ ਵਿਡਾਨੜੈ ਹੁੰਮਸ ਧੁੰਮਸ ਕੂਕਾ ਪਈਆ ਰਾਹੀ ॥*
*ਅੰਗ- ੫੨੦*

ਕੂਕਾਂ ਮਾਰਦੇ ਜਾਂਦੇ ਨੇ। ਕਹਿੰਦੇ, ਬਰਬਾਦ ਕਰਿਆ ਹੋਇਆ ਹੈ ਤੂੰ ਜ਼ਿੰਦਗੀ ਨੂੰ, ਤੈਨੂੰ ਪਤਾ ਹੈ 84 ਲੱਖ ਸਰੀਰ ਤੂੰ ਪਹਿਲਾਂ ਭੋਗੇ ਨੇ, ਕੁੱਤਾ ਵੀ ਬਣਿਆ ਹੈਂ, ਬਿੱਲਾ ਵੀ ਬਣਿਆ ਹੈ, ਸੱਪ ਵੀ ਬਣਿਆ ਹੈਂ, ਸੂਰ ਵੀ ਬਣਿਆ ਹੈਂ, ਬਲਦ ਵੀ ਬਣਿਆ ਹੈਂ, ਝੋਟਾ ਵੀ ਬਣਿਆ, ਮੱਝ ਵੀ ਬਣਿਆ। ਕਿਹੜੀ ਚੀਜ਼ ਹੈ ਜਿਹੜੀ ਤੂੰ ਨਹੀਂ ਬਣਿਆ? ਅੱਖਾਂ ਨਾਲ ਦੇਖ ਤਾਂ ਸਹੀ -

*ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥*
*ਅੰਗ - ੧੫੬*

ਕਿਤੇ ਤਾਂ ਅਸੀਂ ਰੁੱਖ ਬਣ ਗਏ, ਬਿਰਖ ਬਣ ਗਏ,ਕਿਤੇ ਅਸੀਂ ਪਸ਼ੂ ਬਣਦੇ ਰਹੇ ਹਾਂ -

*ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥*
*ਅੰਗ - ੧੫੬*

ਕਿਤੇ ਰੱਬ ਨੇ ਲੱਤਾਂ ਹੀ ਨਾ ਦਿਤੀਆਂ, ਪੇਟ ਦੇ ਭਾਰ ਤੁਰਦੇ ਸੀ -

ਕਿਤੇ ਅਸੀਂ ਫੰਘਾਂ ਦੇ ਨਾਲ ਉਡਦੇ ਫਿਰਦੇ ਹਾਂ। ਉਹ ਕਹਿੰਦੇ, ਤੈਨੂੰ ਗਿਆਨ ਨਾ ਰਿਹਾ, ਤੈਨੂੰ ਪਤਾ ਨਾ ਰਿਹਾ, ਤੈਨੂੰ ਸੰਤ ਦਸਦੇ ਨਹੀਂ ਸੀ? ਕਹਿੰਦਾ, ਦਸਦੇ ਤਾਂ ਸੀ। ਫੇਰ?

ਹੁਣ ਤਾਂ ਤੇਰੇ ਤੇ ਮਾਰ ਹੀ ਪੈਣੀ ਹੈ, ਹੁਣ ਤੂੰ ਰੋਵੇਂਗਾ ਕਿਉਂਕਿ ਨਾ ਤਾਂ ਤੂੰ ਗੁਰੂ ਧਾਰਿਆ ਹੈ, ਨਾ ਤੂੰ ਗੁਰੂ ਦਾ ਬਚਨ ਮੰਨਿਆ ਹੈ। ਤੂੰ ਨਿਗੁਰੇ ਨੇ ਜਨਮ

ਬਰਬਾਦ ਕੀਤਾ ਹੈ - ਮਨ ਦੇ ਪਿੱਛੇ ਲਗ ਕੇ।

*ਮਨਮੁਖੁ ਦੁਖ ਕਾ ਖੇਤੁ ਹੈ ਦੁਖੁ ਬੀਜੇ ਦੁਖੁ ਖਾਇ ॥*
*ਦੁਖ ਵਿਚਿ ਜੰਮੈ ਦੁਖਿ ਮਰੈ ਹਉਮੈ ਕਰਤ ਵਿਹਾਇ ॥*
*ਅੰਗ- ੯੪੭*

*ਮਨਮੁਖਿ ਆਵੈ ਮਨਮੁਖਿ ਜਾਵੈ ॥*
*ਮਨਮੁਖਿ ਫਿਰਿ ਫਿਰਿ ਚੋਟਾ ਖਾਵੈ ॥*
*ਜਿਤਨੇ ਨਰਕ ਸੇ ਮਨਮੁਖਿ ਭੋਗੈ*
*ਗੁਰਮੁਖਿ ਲੇਪੁ ਨ ਮਾਸਾ ਹੇ ॥ ਅੰਗ - ੧੦੭੩*

ਜਿਤਨੇ ਨਰਕ ਨੇ, ਸਾਰੇ ਮਨਮੁਖਾਂ ਦੇ ਸਿਰ ਪੈਂਦੇ ਨੇ। ਮਹਾਰਾਜ ਜੀ ਕਹਿੰਦੇ ਹਨ, ਮਨਮੁੱਖ ਦੁਖ ਪਾਉਂਦੇ ਹਨ। ਇਹ ਦੁੱਖ ਬਹੁਤ ਔਖਾ ਹੈ ਇਹਦੇ ਨਾਲ ਸਾਰਿਆਂ ਦਾ ਵਾਹ ਪੈਂਦਾ ਹੈ। ਤੁਹਾਡਾ ਵੀ ਪੈਣਾ ਹੈ, ਮੇਰਾ ਵੀ ਪੈਣਾ ਹੈ। ਹੋਰ ਵੀ ਜਿੰਨੀ ਦੁਨੀਆਂ ਹੈ, ਚਾਹੇ ਰਾਜਾ ਹੈ, ਚਾਹੇ ਵੱਡੇ ਤੋਂ ਵੱਡਾ ਕੋਈ ਹੋਰ ਹੈ ਸਭ ਦਾ ਵਾਹ ਅੰਤ ਸਮੇਂ ਮੌਤ ਦੇ ਫਰਿਸ਼ਤੇ ਨਾਲ ਪੈਣਾ ਹੈ -

*ਕਬੀਰ ਜਮ ਕਾ ਠੇਂਗਾ ਬੁਰਾ ਹੈ*
*ਓਹੁ ਨਹੀ ਸਹਿਆ ਜਾਇ ॥*
*ਏਕੁ ਜੁ ਸਾਧੂ ਮੋੁਹਿ ਮਿਲਿਓ*
*ਤਿਨ੍ਹਿ ਲੀਆ ਅੰਚਲਿ ਲਾਇ ॥ ਅੰਗ - ੧੩੭੯*

ਉਹ ਸਹਿਆ ਨਹੀਂ ਜਾਂਦਾ, ਐਡਾ ਜ਼ਬਰਦਸਤ ਹੈ ਇਹ। ਦਸਦੇ ਨੇ ਕਿ 400 ਤਲਵਾਰ ਇਕ ਥਾਂ 'ਤੇ ਲੱਗੇ ਤੇ ਜਿੰਨਾਂ ਦੁਖ ਹੁੰਦਾ ਹੈ ਜਾਂ ਸੌ ਬਿੱਛੂ ਆ ਕੇ ਲੜ ਜਾਵੇ ਇਕੱਠਾ ਹੀ, ਜਿੰਨਾ ਇਹ ਦੁਖ ਹੁੰਦਾ ਹੈ ਐਨਾ ਦੁਖ ਜਮਦੂਤਾਂ ਦੇ ਹੰਟਰ ਦਾ ਹੁੰਦਾ ਹੈ। ਕਹਿੰਦੇ, ਇਹਦੇ ਨਾਲ ਵਾਹ ਪੈਣਾ ਹੈ, ਇਹ ਦੁਖ ਵੀ ਬਹੁਤ ਵੱਡਾ ਹੈ। ਜਿਹੜੇ ਨਾਮ ਜਪਦੇ ਨੇ ਉਹਦਾ ਤਾਂ ਆਦਰ ਹੁੰਦਾ ਹੈ, ਆਦਰ ਦਿੰਦੇ ਨੇ ਕਿ ਧੰਨ ਹੋ ਤੁਸੀਂ -

*ਧੰਨਿ ਧੰਨਿ ਕਹੈ ਸਭੁ ਕੋਇ ॥*
*ਮੁਖ ਊਜਲ ਹਰਿ ਦਰਗਹ ਸੋਇ ॥ ਅੰਗ - ੨੯੩*

ਲੇਕਿਨ ਅਸੀਂ ਤਾਂ ਸਮਝਦੇ ਹੀ ਨਹੀਂ, ਅਸੀਂ ਤਾਂ ਕਹਿੰਨੇ ਹਾਂ, 'ਆਹ ਜਗ ਮਿੱਠਾ ਅਗਲਾ ਕਿਨ ਡਿੱਠਾ।' ਦੇਖੀ ਜਾਊ ਜਦੋਂ ਆਊਗਾ ਇਹ ਸਮਾਂ। ਦੇਖੀ ਜਾਊ ਕਹਿਣਾ, ਇਹ ਤਾਂ ਕਮਲਿਆਂ ਦੀ ਬੇਅਕਲੀ ਹੁੰਦੀ ਹੈ। ਅਕਲ ਵਾਲਾ ਤਾਂ ਨਹੀਂ ਕਹਿੰਦਾ ਕਦੇ ਵੀ ਕਿ ਦੇਖੀ ਜਾਊ। ਉਹ ਤਾਂ ਪਹਿਲਾਂ ਬੰਦਾ ਬਿਮਾਰ ਹੈ, ਕੈਂਸਰ ਹੋਇਆ-ਹੋਇਆ ਹੈ। ਉਹਨੂੰ ਡਾਕਟਰ ਕਹਿੰਦੇ ਨੇ ਤੂੰ ਮਰ ਜਾਏਂਗਾ, ਕੁਛ ਕਰ ਲੈ ਜੇ ਕਰਨਾ ਹੈ, ਪੁੰਨ ਦਾਨ ਕਰ ਲੈ। ਕਹਿੰਦਾ ਹੈ, ਦੇਖੀ ਜਾਊ ਜਦ ਮੈਂ ਮਰ ਜਾਊਂ, ਮਰਨਾ ਤਾਂ ਹੈ ਹੀ। ਐਸੀ ਅਕਲ ਦਾ ਬੰਦਾ, ਉਹ ਤਾਂ ਮੂਰਖਾਂ 'ਚ ਗਿਣਿਆ ਜਾਂਦਾ ਹੈ। ਮਹਾਰਾਜ ਕਹਿੰਦੇ -

*ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ ॥*
*ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ ॥*
*ਅੰਗ - ੨੫੧*

ਆ ਗਿਆ ਸੀ ਦੁਨੀਆਂ 'ਚ ਲੇਕਿਨ ਢੋਰ ਰਿਹਾ, ਗਧਾ ਰਿਹਾ, ਮਨੁੱਖ ਬਣ ਕੇ ਪਤਾ ਨਹੀਂ ਇਹਨੂੰ ਲਗ ਸਕਿਆ। ਜਿਹੋ ਜਿਹਾ ਕੰਮ ਗਧਾ ਕਰਦਾ ਹੈ, ਸਾਰਾ ਦਿਨ ਇੱਟਾਂ ਢੋਈ ਗਿਆ, ਮਿੱਟੀ ਢੋਈ ਗਿਆ, ਫੇਰ ਰੂੜੀਆਂ ਤੇ ਚਲਿਆ ਜਾਂਦਾ ਹੈ। ਐਹੋ ਜਿਹਾ ਹੀ ਹਾਲ ਉਸ ਮਨੁੱਖ ਦਾ ਹੁੰਦਾ ਹੈ ਜਿਹੜਾ ਸਮਝਦਾ ਨਹੀਂ ਬੰਦਾ। ਸੋ ਏਸ ਕਰਕੇ ਮਹਾਰਾਜ ਕਹਿੰਦੇ ਸਮਝਣ ਦਾ ਯਤਨ ਕਰ ਪ੍ਰੇਮੀਆਂ! ਜੇ ਤੂੰ ਐਨੀਓਂ ਗੱਲ ਨਹੀਂ ਸਮਝਦਾ ਫੇਰ ਤੈਨੂੰ ਦੁਨੀਆਂ ਤੇ ਆਉਣ ਦਾ ਕੀ ਫਾਇਦਾ -

*ਜਿਨੀ ਐਸਾ ਹਰਿ ਨਾਮੁ ਨ ਚੇਤਿਓ*
*ਸੇ ਕਾਹੇ ਜਗਿ ਆਏ ਰਾਮ ਰਾਜੇ ॥*
*ਇਹੁ ਮਾਣਸ ਜਨਮੁ ਦੁਲੰਭੁ ਹੈ*
*ਨਾਮ ਬਿਨਾ ਬਿਰਥਾ ਸਭੁ ਜਾਏ ॥*
*ਹੁਣਿ ਵਤੈ ਹਰਿ ਨਾਮੁ ਨ ਬੀਜਿਓ*
*ਅਗੈ ਭੁਖਾ ਕਿਆ ਖਾਏ ॥*
*ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ ॥*
*ਅੰਗ- ੪੫੦*

ਉਹ ਕਹਿੰਦੇ, "ਤੂੰ ਸੰਤਾਂ ਦੀ ਸੰਗਤ ਨਹੀਂ ਕਰੀ। ਉਹ ਦਿਨ ਰਾਤ ਰੌਲਾ ਪਾਉਂਦੇ ਨੇ। ਕਹਿੰਦਾ, ਨਹੀਂ, ਮੈਨੂੰ ਵਿਹਲ ਨਹੀਂ ਮਿਲਿਆ। ਮਹਾਰਾਜ ਜੀ ਕਹਿੰਦੇ ਹਨ ਕਿ ਜਿਨ੍ਹਾਂ ਨੇ ਬੰਦਗੀ ਕੀਤੀ ਹੈ, ਗੁਰੂ ਨੂੰ ਨਮਸ਼ਕਾਰ ਕਰੀ ਹੈ, ਗੁਰਸਿੱਖਾਂ ਨੂੰ ਨਮਸ਼ਕਾਰ ਕਰੀ ਹੈ, ਪਿਆਰ ਨਾਲ ਬੁਲਾਉਂਦੇ ਨੇ। ਉਹਦਾ ਕੀ ਹਾਲ ਹੁੰਦਾ ਹੈ? ਉਨ੍ਹਾਂ ਨੂੰ ਆਦਰ ਮਿਲਦਾ ਹੈ -

*ਜੇ ਕੋ ਜੀਉ ਕਹੈ ਓਨਾ ਕਉ ਜਮ ਕੀ ਤਲਬ ਨ ਹੋਈ॥*
*ਅੰਗ - ੧੩੨੮*

ਉਨ੍ਹਾਂ ਕੋਲ ਤਾਂ ਜਮਦੂਤ ਵੀ ਨਹੀਂ ਆਉਂਦੇ। ਇਕ ਮਹਾਤਮਾ ਸੀ, ਗੁਰੂ ਛੇਵੇਂ ਪਾਤਸ਼ਾਹ ਵੇਲੇ ਤੇ ਗੁਰੂ ਛੇਵੇਂ ਪਾਤਸ਼ਾਹ ਬਾਬਾ ਬੁੱਢਾ ਜੀ ਦੇ ਪਾਸ ਜਾ

ਰਹੇ ਨੇ। ਬਾਬਾ ਬੁੱਢਾ ਜੀ ਦਾ ਸੁਨੇਹਾ ਆ ਗਿਆ ਕਿ ਮੈਂ ਸਰੀਰ ਛੱਡਣਾ ਹੈ, ਤੁਸੀਂ ਜਲਦੀ ਆ ਜਾਓ। ਮਹਾਰਾਜ ਜੀ, ਜਾ ਕੇ ਪਹਿਲਾਂ ਲਾਹੌਰ ਠਹਿਰੇ। ਜਿਸ ਦਿਨ ਉਥੇ ਠਹਿਰੇ ਤਾਂ ਇਕ ਮਹਾਤਮਾ, ਜਿਨ੍ਹਾਂ ਦਾ ਨਾਮ 'ਜਲ੍ਹਣ ਜੀ' ਸੀ, ਉਹ ਗੁਰੂ ਮਹਾਰਾਜ ਜੀ ਕੋਲ ਆਏ। ਉਹ ਮਹਾਤਮਾ ਬੜੇ ਉਚ ਕੋਟੀ ਵਾਲੇ ਸੀ। ਇਕ ਵਾਰੀ ਉਹਦੇ ਮਨ 'ਚ ਆਇਆ ਕਿ ਮੇਰੀ ਮਾਨਤਾ ਜ਼ਿਆਦਾ ਹੋਣ ਲਗ ਗਈ। ਲੋਕ ਮੇਰੇ ਕੋਲ ਜ਼ਿਆਦਾ ਆਉਂਦੇ ਨੇ, ਮੇਰਾ ਆਹ ਹੋ ਜਾਏ ਜੀ ਮੇਰਾ ਔਹ ਹੋ ਜਾਏ ਜੀ, ਮੇਰੀ ਮੱਝ ਰਾਜ਼ੀ ਹੋ ਜਾਏ ਜੀ, ਦੁੱਧ ਨਹੀਂ ਦਿੰਦੀ ਜੀ, ਥਣ ਮਰ ਗਿਆ ਜੀ, ਉਹਦੇ 'ਚ ਖ਼ੂਨ ਆਉਂਦਾ ਹੈ ਜੀ, ਹੋਰ ਕੋਈ ਗੱਲ ਨਹੀਂ ਕਹਿੰਦੇ – ਨਾਮ ਜਪਣ ਦੀ। ਆਹੀ ਗੱਲਾਂ ਨੇ। ਉਹ ਤਾਂ ਵਿਰਲਾ ਹੁੰਦਾ ਹੈ ਜਿਹੜਾ ਨਾਮ ਦੀ ਗੱਲ ਕਰਦਾ ਹੈ। ਬਾਕੀ ਤਾਂ ਆਹੀ ਹੁੰਦਾ ਹੈ। ਫੇਰ ਸਾਰੇ ਨਾਮ ਨਹੀਂ ਜਪਦੇ, ਬੰਦਗੀ ਨਹੀਂ ਕਰਦੇ। ਸੋ ਉਹਦੇ ਮਨ 'ਚ ਆਇਆ ਕਿ ਆਪਾਂ ਪਾਸੇ ਹਟ ਜਾਈਏ, ਥੋੜ੍ਹੀ ਭੀੜ ਘਟ ਜਾਊ। 100 ਕੁ ਮੀਲ ਤੇ ਜਾ ਕੇ ਇਕ ਸੇਠ ਦੀ ਮਜ਼ੂਰੀ ਕਰਨ ਲਗ ਗਏ। ਉਥੇ ਬਹੁਤ ਸਾਰੇ ਮਜ਼ਦੂਰ ਸਨ।

ਉਥੇ ਜਿਹੜਾ ਬਾਬੂ ਸੀ – ਹਾਜ਼ਰੀਆਂ ਲਾਉਣ ਵਾਲਾ, ਉਹ ਪੈਸੇ ਖਾ ਜਾਂਦਾ ਸੀ – ਸਾਰਿਆਂ ਦੇ। ਸੇਠ ਤੋਂ ਛੇ ਰੁਪਏ ਲੈਣੇ ਤੇ ਦੇਣੇ ਚਾਰ। ਦੋ ਖਾ ਲੈਣੇ। ਭਗਤ ਜਲ੍ਹਣ ਨੂੰ ਕਹਿਣ ਲੱਗਿਆ, ਨਾਉਂ ਕੀ ਹੈ? ਕਹਿਣ ਲੱਗੇ, ਮੇਰਾ ਨਾਉਂ 'ਜਲ੍ਹਣ ਜੀ' ਹੈ। 'ਜੀ' ਨਾਲ ਲਿਖਾ ਦਿਤਾ। ਉਹ ਹਾਕ ਮਾਰਿਆ ਕਰੇ 'ਜਲ੍ਹਣ ਜੀ' ਲੈ ਲਓ ਪੈਸੇ ਤੁਸੀਂ ਵੀ। ਜਲਣ ਜੀ! ਹਾਜ਼ਰ ਓਂ? ਕਹਿੰਦੇ, ਹਾਂ ਜੀ ਹਾਜ਼ਰ ਹਾਂ। ਉਹ 'ਜੀ' ਕਹਿੰਦਾ ਰਿਹਾ, ਬਾਕੀਆਂ ਨੂੰ ਟੁੱਟ-ਟੁੱਟ ਪੈਂਦਾ ਸੀ। ਬਾਕੀ ਚੁੱਪ ਕਰਕੇ ਬੈਠੇ ਰਹਿੰਦੇ ਸੀ। ਜਦ ਹਾਕ ਮਾਰਦਾ ਸੀ ਫੇਰ ਉਹ ਜਾਂਦੇ ਸੀ। ਇਕ ਦਿਨ ਜਲ੍ਹਣ ਜੀ ਬੈਠੇ ਨੇ – ਸਮਾਧੀ ਦੇ ਅੰਦਰ, ਕੀ ਦੇਖਦੇ ਨੇ ਕਿਸੇ ਅਦਿੱਖ ਮੰਡਲ ਦੇ ਵਿਚੋਂ ਰੋਣ ਦੀ ਅਵਾਜ਼ ਆ ਰਹੀ ਹੈ। ਉਹ ਅਵਾਜ਼ ਸੁਣ ਕੇ ਜਿਥੋਂ ਅਵਾਜ਼ ਆਉਂਦੀ ਸੀ ਉਥੇ ਸੂਖਮ ਸਰੀਰ ਸਹਿਤ ਚਲੇ ਗਏ। ਉਥੇ ਜਾ ਕੇ ਜਮਦੂਤਾਂ ਨੂੰ ਕਹਿਣ ਲੱਗੇ ਕਿ ਤੁਸੀਂ ਇਹ ਕੀ ਲਈ ਜਾਨੇ ਓਂ? ਕਹਿੰਦੇ ਜੀ, ਅਸੀਂ ਰੂਹ ਲਈ ਜਾਨੇ ਹਾਂ ਫੜ ਕੇ। ਮਰ ਗਿਆ ਇਹ ਬੰਦਾ। ਕਹਿੰਦੇ, ਮਾਰਦੇ ਕਿਉਂ ਹੋ? ਕਹਿੰਦੇ, ਇਹਨੇ ਸਾਰੀ ਜ਼ਿੰਦਗੀ ਪਾਪ ਕਰੇ ਨੇ, ਸੋ ਅਸੀਂ ਐਥੇ ਵੀ ਮਾਰਦੇ ਹਾਂ ਅਗਾਂਹਾਂ ਬੰਨ੍ਹ ਕੇ ਮਾਰਾਂਗੇ। ਕਹਿੰਦੇ ਕੌਣ ਹੈ? ਦੇਖਾਂ ਮੈਂ! ਪਛਾਣ ਲਿਆ ਕਿ ਇਹ ਤਾਂ ਸਾਡੇ ਬਾਬੂ ਜੀ ਨੇ, ਮੁਨਸ਼ੀ ਜੀ ਨੇ; ਕਹਿੰਦੇ, ਜੀ ਇਨ੍ਹਾਂ ਨੂੰ ਨਾ ਮਾਰੋ। ਕਹਿੰਦੇ ਮਹਾਰਾਜ! ਸਾਨੂੰ ਚਿਤਰਗੁਪਤ ਨੇ ਦੱਸਿਆ ਹੈ ਕਿ ਇਹਦਾ ਕੋਈ ਪੁੰਨ ਨਹੀਂ, ਸਾਰੇ ਪਾਪ ਹੀ ਪਾਪ ਇਕੱਠੇ ਕਰੇ ਹੋਏ ਨੇ ਇਹਨੇ। ਹੁਕਮ ਦਿਤਾ ਕਿ ਇਹਨੂੰ ਚੰਗੀ ਤਰ੍ਹਾਂ ਮਾਰਦੇ ਕੁੱਟਦੇ ਲੈ ਕੇ ਆਉ। ਅਸੀਂ ਤਾਂ ਹੁਕਮ ਨਾਲ ਮਾਰਦੇ ਹਾਂ। ਸੰਤਾਂ ਨੇ ਕਿਹਾ ਕਿ ਇਹਨੂੰ ਨਹੀਂ ਮਾਰਨਾ। ਧਰਮਰਾਜ ਦੇ ਕੋਲ ਮੈਂ ਤੁਹਾਡੇ ਨਾਲ ਚਲਦਾ ਹਾਂ। ਨਾਲ ਹੀ ਚਲੇ ਗਏ, ਧਰਮਰਾਜ ਨੂੰ ਕਹਿਣ ਲੱਗੇ, "ਇਹਨੂੰ ਮਾਰਨ ਦਾ ਕਿਉਂ ਹੁਕਮ ਦਿਤਾ ਹੈ?" ਧਰਮਰਾਜੇ ਨੇ ਕਿਹਾ, "ਬਾਬਾ ਜੀ! ਇਹਨੇ ਪਾਪ ਕਰੇ ਨੇ।" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਕਹਿੰਦੇ ਨੇ ਕਿ ਸਾਧੂਆਂ ਦਾ ਕਿਹਾ ਹੋਇਆ –

*ਜਾ ਕਾ ਕਹਿਆ ਦਰਗਹ ਚਲੈ ॥*
*ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥* *ਅੰਗ – ੧੮੬*

ਦਰਗਾਹ 'ਚ ਚਲਦੀ ਹੈ ਉਨ੍ਹਾਂ ਦੀ ਗੱਲ।

ਦੁਨੀਆਂ ਦੇ ਰਾਜੇ ਦੀ ਤਾਂ ਨਹੀਂ ਚਲਦੀ। ਰਾਜੇ ਇਨ੍ਹਾਂ ਦੇ ਦਰ ਤੇ ਖੜ੍ਹੇ ਹੋ ਕੇ ਮੰਗਦੇ ਨੇ। ਉਹ ਕਹਿਣ ਲੱਗੇ ਇਹਨੂੰ ਕਿਉਂ ਮਾਰਿਆ ਹੈ? ਕਹਿਣ ਲੱਗੇ, ਮਹਾਰਾਜ! ਇਹ ਤਾਂ ਬੜਾ ਮਾੜਾ ਬੰਦਾ ਹੈ। ਉਹ ਕਹਿਣ ਲੱਗੇ, ਤੁਹਾਨੂੰ ਪਤਾ ਨਹੀਂ ਹੈ ਇਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਰਾਜ ਹੈ – ਸਾਰੇ ਬ੍ਰਹਿਮੰਡਾਂ 'ਚ, ਅਕਾਲ ਪੁਰਖ ਦੀਆਂ ਜਿੰਨੀਆਂ ਸ੍ਰਿਸ਼ਟੀਆਂ ਹਨ, ਸਾਰਿਆਂ ਦੇ ਉਤੇ ਗੁਰੂ ਨਾਨਕ ਦਾ ਰਾਜ ਚਲਦਾ ਹੈ। ਜਿਹਦਾ ਰਾਜ ਹੁੰਦਾ ਹੈ, ਉਹਦਾ ਹੀ ਕਾਨੂੰਨ ਚਲਦਾ ਹੁੰਦਾ ਹੈ, ਪਿਛਲੇ ਕਾਨੂੰਨ ਸਾਰੇ ਰੱਦ ਹੋ ਜਾਂਦੇ ਨੇ। ਧਰਮਰਾਜ ਨੇ ਕਿਹਾ, ਮਹਾਰਾਜ! ਆਪ ਕ੍ਰਿਪਾ ਕਰਕੇ ਦੱਸੋ ਕਿ ਸ੍ਰੀ ਗੁਰੂ ਨਾਨਕ ਜੀ ਦਾ ਕੀ ਹੁਕਮ ਹੈ? ਤਾਂ ਉਨ੍ਹਾਂ ਦੱਸਿਆ–

*ਜੇ ਕੋ ਜੀਉ ਕਹੈ ਓਨਾ ਕਉ*
*ਜਮ ਕੀ ਤਲਬ ਨ ਹੋਈ ॥* *ਅੰਗ – ੧੩੨੮*

ਜੇ ਕੋਈ ਸਾਧੂਆਂ ਨੂੰ ਜੀਉ ਕਹਿ ਕੇ ਵੀ ਬੁਲਾ ਲਵੇ – ਪਿਆਰ ਦੇ ਨਾਲ, ਉਹਨੂੰ ਭੀ ਬਹੁਤ ਲਾਭ

ਪ੍ਰਾਪਤ ਹੁੰਦਾ ਹੈ। ਇਕ ਬੰਦੇ ਐਸੇ ਹੁੰਦੇ ਨੇ, ਉਹ ਜਦੋਂ ਸੰਤਾਂ ਨੂੰ ਦੇਖਦੇ ਨੇ ਤਾਂ ਦੇਖਦੇ ਸਾਰ ਹੀ ਉਨ੍ਹਾਂ ਦੇ ਮਨ 'ਚ ਨਫਰਤ ਆਉਣੀ ਸ਼ੁਰੂ ਹੋ ਜਾਂਦੀ ਹੈ, ਵੈਰ ਭਾਵਨਾ ਸ਼ੁਰੂ ਹੋ ਜਾਂਦੀ ਹੈ - ਬਗੈਰ ਮਤਲਬ ਦੇ। ਸਾਧੂਆਂ ਦਾ ਕਿਸੇ ਨਾਲ ਵੈਰ ਨਹੀਂ ਹੁੰਦਾ। ਉਹ ਤਾਂ ਸੱਚੇ ਦਿਲ ਨਾਲ ਕਹਿੰਦੇ ਹਨ -

*ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਕਾ ਭਲਾ।*

ਪਾਪ ਕਰਨ ਵਾਲਾ ਵੀ ਜੋ ਹੈ, ਉਹਦਾ ਵੀ ਭਲਾ ਮੰਗਦੇ ਹਨ ਕਿ ਇਹਨੂੰ ਨਾਮ ਦੀ ਸੋਝੀ ਹੋਣੀ ਚਾਹੀਦੀ ਹੈ। ਨਸ਼ੇ ਪੀਣ ਵਾਲਿਆਂ ਦਾ ਵੀ ਭਲਾ ਮੰਗਦੇ ਹਨ। ਬੇਇਮਾਨੀ ਕਰਨ ਵਾਲਿਆਂ ਦਾ ਵੀ ਭਲਾ ਮੰਗਦੇ ਨੇ ਕਿ ਸੱਚੇ ਪਾਤਸ਼ਾਹ! ਇਨ੍ਹਾਂ ਨੂੰ ਵੀ ਸੁਮੱਤ ਦੇਹ। ਜਲ੍ਹਣ ਜੀ ਕਹਿਣ ਲੱਗੇ ਕਿ ਇਹ 'ਜੀਉ' ਕਹਿੰਦਾ ਸੀ ਰੋਜ਼। ਮੈਨੂੰ ਜਲ੍ਹਣ ਜੀਉ ਕਹਿ ਕੇ ਬੁਲਾਉਂਦਾ ਸੀ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹ ਕਿਹਾ ਹੈ ਕਿ ਜੇ ਕੋਈ ਸੰਤਾਂ ਨੂੰ ਜੀਉ ਕਹਿ ਕੇ ਫਤਹਿ ਬੁਲਾ ਦੇਵੇ, ਆਦਰ ਨਾਲ ਉਠ ਕੇ ਖੜ੍ਹਾ ਹੋ ਜਾਵੇ, ਉਹਨੂੰ ਜਮ ਦੀ ਤਲਬ ਨਹੀਂ ਹੁੰਦੀ। ਸੋ ਇਸ ਤਰ੍ਹਾਂ ਦੇ ਨਾਲ ਜਿਹੜੇ ਬੰਦਗੀ ਕਰਨ ਵਾਲੇ ਹੁੰਦੇ ਨੇ - ਪੁਰਸ਼, ਉਨ੍ਹਾਂ ਦਾ ਆਦਰ ਦਰਗਾਹ ਵਿਚ ਹੁੰਦਾ ਹੈ। ਮਹਾਰਾਜ ਕਹਿੰਦੇ ਹਨ ਕਿ ਤੂੰ ਕਿਉਂ ਨਹੀਂ ਨਾਮ ਜਪਦਾ? ਕੀ ਫਾਇਦਾ ਤੇਰਾ ਸੰਸਾਰ 'ਤੇ ਆਉਣ ਦਾ?

*ਜਿਨੀ ਐਸਾ ਹਰਿ ਨਾਮੁ ਨ ਚੇਤਿਓ*
*ਸੇ ਕਾਹੇ ਜਗਿ ਆਏ ਰਾਮ ਰਾਜੇ ॥*
*ਇਹੁ ਮਾਣਸ ਜਨਮੁ ਦੁਲੰਭੁ ਹੈ*
*ਨਾਮ ਬਿਨਾ ਬਿਰਥਾ ਸਭੁ ਜਾਏ ॥*
*ਹੁਣਿ ਵਤੈ ਹਰਿ ਨਾਮੁ ਨ ਬੀਜਿਓ*
*ਅਗੈ ਭੁਖਾ ਕਿਆ ਖਾਏ ॥*
*ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ ॥*

*ਅੰਗ - ੪੫੦*

ਫਾਇਦਾ ਕੀ ਹੋਇਆ ਸੰਸਾਰ 'ਤੇ ਆਉਣ ਦਾ? ਜੇ ਕਹੇ ਕਿ ਅਸੀਂ ਬੱਚੇ ਵੀ ਪਾਲਦੇ ਹਾਂ, ਬੱਚੇ ਵੀ ਹੋਣੇ ਨੇ ਸਾਡੇ; ਬੱਚੇ ਤਾਂ ਪਸ਼ੂਆਂ ਦੇ ਵੀ ਹੁੰਦੇ ਨੇ, ਉਹ ਵੀ ਤਾਂ ਪਾਲਦੇ ਨੇ; ਜਿਹੜੇ ਪੰਛੀ ਨੇ ਉਨ੍ਹਾਂ ਦੇ ਵੀ ਤਾਂ ਬੱਚੇ ਹੁੰਦੇ ਹਨ ਤੇ ਜਿਨ੍ਹਾਂ ਦਾ ਕਿਤੇ ਸਟੋਰ ਨਹੀਂ ਹੁੰਦਾ। ਅੱਜ ਖਾ ਕੇ, ਚੋਗ ਚੁਗ ਕੇ, ਕੱਲ੍ਹ ਨੂੰ ਫੇਰ ਚੁਗ ਲੈਂਦੇ ਨੇ। ਕੋਈ ਮਰਦਾ ਦੇਖਿਆ ਹੈ ਭੁੱਖਾ? ਆਦਮੀ ਤਾਂ ਮਰ ਜਾਂਦਾ ਹੈ, ਪੰਛੀ ਨਹੀਂ ਮਰਦਾ। ਇਹ ਭਰੋਸਾ ਰਖਦੇ ਹਨ - ਵਾਹਿਗੁਰੂ ਜੀ ਉੱਪਰ। ਉਹਨੇ ਅੱਜ ਦਿਤਾ ਹੈ, ਕਲ੍ਹ ਨੂੰ ਫੇਰ ਦੇਵੇਗਾ।

*ਫਰੀਦਾ ਹਉ ਬਲਿਹਾਰੀ ਤਿਨ੍ ਪੰਖੀਆ*
*ਜੰਗਲਿ ਜਿੰਨ੍ਾ ਵਾਸੁ ॥*
*ਕਕਰੁ ਚੁਗਨਿ ਥਲਿ ਵਸਨਿ ਰਬ ਨ ਛੋਡਨਿ ਪਾਸੁ ॥*

*ਅੰਗ - ੧੩੮੩*

ਰੱਬ ਦਾ ਆਸਰਾ ਨਹੀਂ ਛੱਡਦੇ। ਪ੍ਰਮੇਸ਼ਰ ਸਭ ਨੂੰ ਰੋਜ਼ੀ ਦਿੰਦਾ ਹੈ। ਫੁਰਮਾਨ ਹੈ -

*ਕਾਹੇ ਰੇ ਮਨ ਚਿਤਵਹਿ ਉਦਮੁ*
*ਜਾ ਆਹਰਿ ਹਰਿ ਜੀਉ ਪਰਿਆ ॥*
*ਸੈਲ ਪਥਰ ਮਹਿ ਜੰਤ ਉਪਾਏ*
*ਤਾ ਕਾ ਰਿਜਕੁ ਆਗੈ ਕਰਿ ਧਰਿਆ ॥* *ਅੰਗ - ੧੦*

ਗੁਰੂ ਮਹਾਰਾਜ ਜੀ ਦਾ ਸਿਧਾਂਤ ਹੈ ਕਿ ਪਿਆਰਿਆ! ਤੇਰੇ ਦੁਖਾਂ ਦਾ ਖਾਤਮਾ ਨਾਮ ਜਪ ਕੇ ਹੋਵੇਗਾ। ਤੂੰ ਸੰਸਾਰ ਵਿਚ ਨਾਮ ਜਪਣ ਆਇਆ ਹੈਂ। ਤੁਸੀਂ ਸਾਰੀ ਸੰਗਤ ਅੰਮ੍ਰਿਤ ਵੇਲੇ ਉੱਦਮ ਧਾਰ ਕੇ, ਇਸ਼ਨਾਨ ਕਰਕੇ, ਪ੍ਰਭੂ ਵਲ ਮਨ ਲਾ ਕੇ, ਸ੍ਰੀ ਆਸਾ ਕੀ ਵਾਰ ਦਾ ਕੀਰਤਨ ਸਰਵਣ ਕਰਦੇ ਹੋਂ। ਇਹ ਬਹੁਤ ਵੱਡਾ ਲਾਹਾ ਖਟਦੇ ਹੋਂ ਜਿਸ ਦੇ ਫਲਸਰੂਪ ਸੁਖਾਂ ਦੀ ਪ੍ਰਾਪਤੀ ਅਵੱਸ਼ ਹੋਣੀ ਹੀ ਹੈ। ਅੱਗੇ ਜਿਥੇ ਸਰੀਰ ਛੱਡ ਕੇ ਜਾਣਾ ਹੈ ਉਥੇ ਸੁਖ ਦੀ ਪ੍ਰਾਪਤੀ ਹੋਵੇਗੀ। ਬਾਣੀ ਨੂੰ ਸੁਣੋ, ਮੰਨੋ, ਫਿਰ ਆਪਣੇ ਜੀਵਨ ਵਿਚ ਕਮਾਓ। ਵਾਹਿਗੁਰੂ ਜੀ ਤੁਹਾਡੇ ਅੰਦਰ ਹੈ, ਅੰਦਰੋਂ ਖੋਜੋ। ਸੰਤ ਮਹਾਂਪੁਰਸ਼ ਮਦਦ ਕਰਦੇ ਹਨ। ਆਪ ਨਾਮ ਜਪਦੇ ਹਨ ਅਤੇ ਹੋਰਨਾਂ ਨੂੰ ਜਪਾਉਂਦੇ ਹਨ। ਜੀਵਨ ਦਾ ਪਰਮ ਮਨੋਰਥ ਹੈ -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥* *ਅੰਗ - ੧੨*

ਰਸਨਾ ਨਾਲ, ਸੁਆਸ ਨਾਲ, ਚਿੱਤ ਦੀ ਇਕਾਗਰਤਾ ਨਾਲ, ਨਾਮ ਜਪੋ। ਨਾਮ ਦਾ ਧਨ ਜਮ੍ਹਾਂ ਕਰੋ। ਜਦੋਂ ਸੰਸਾਰ ਤੋਂ ਜਾਵਾਂਗੇ ਤਾ ਧੰਨ-ਧੰਨ ਸਾਰੇ ਹੋਵੇਗੀ।

# ਸਾਈ ਨਾਮੁ ਅਮੋਲੁ.........॥

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

***(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ-30)***

ਸੋ ਨਾਮ ਦੀ ਮਹਿਮਾ ਬਾਰੇ ਗੁਰੂ ਮਹਾਰਾਜ ਫੁਰਮਾਨ ਕਰਦੇ ਨੇ ਕਿ ਇਕ ਪੰਡਤ ਦਾ ਲੜਕਾ ਸੀ, ਜਿਸਦਾ ਨਾਮ ਅਜਾਮਲ ਸੀ। ਬੜਾ ਹੀ ਸੁੰਦਰ, ਸਡੌਲ ਸਰੀਰ ਵਾਲਾ। ਪੜ੍ਹਨ ਦੇ ਵਿਚ ਉਹਦਾ ਇਹ ਸੀ ਕਿ ਜਿਵੇਂ ਕੰਪਿਊਟਰ ਹੈ, ਇਸ ਤਰ੍ਹਾਂ। ਇਕ ਵਾਰੀ ਪੜ੍ਹ ਲਿਆ ਸਾਰਾ ਯਾਦ ਹੋ ਜਾਂਦਾ ਸੀ ਉਸ ਨੂੰ। ਚਾਰੇ ਵੇਦ, ਛੇਈ ਸਾਸ਼ਤਰ, ਸਤਾਈ ਸਿਮ੍ਰਤੀਆਂ, ਉਪਨਿਸ਼ਦਾਂ, ਗੀਤਾ, ਕੋਈ ਧਰਮ ਗ੍ਰੰਥ ਨਹੀਂ ਸੀ ਜਿਹੜਾ ਉਸ ਦੇ ਯਾਦ ਨਾ ਹੋਵੇ। ਸਾਰੇ ਭਾਰਤ ਵਰਸ਼ ਵਿਚ ਉਹਦੀ ਮਸ਼ਹੂਰੀ ਹੋ ਗਈ। ਸਭ ਜਾਣਦੇ ਸੀ। 18 ਸਾਲ ਦਾ ਹੋਇਆ ਤਾਂ ਉਹਦੇ ਪਿਤਾ ਨੇ ਕਿਹਾ, ਬੇਟਾ! ਪੰਜ ਮਦ ਹੁੰਦੇ ਨੇ, ਅਹੰਕਾਰ ਹੁੰਦੇ ਨੇ ਬਹੁਤ ਬੁਰੇ ਦੁਨੀਆਂ 'ਚ, ਜਿਹੜੇ ਆਦਮੀ ਨੂੰ ਸੁੱਟ ਲੈਂਦੇ ਨੇ - ਰਾਜ, ਮਾਲ, ਰੂਪ, ਜਾਤ, ਜੋਬਨ ਤੇ ਇਹ ਵਿਦਿਆ। ਤੂੰ ਹੋ ਗਿਆ ਵਿਦਵਾਨ, ਉਮਰ ਹੈ ਤੇਰੀ ਨਿਆਣੀ। ਵਿਦਿਆ ਜੇ ਕਮਾਈ ਨਾ ਜਾਵੇ, ਵਿਕਾਰਾਂ 'ਚ ਪਾ ਦਿੰਦੀ ਹੈ ਤੇ ਤੂੰ ਅਜੇ ਕਮਾਈ ਨਹੀਂ ਕੀਤੀ। ਪੜ੍ਹਿਆ ਜ਼ਰੂਰ ਹੈਂ, ਇਹ ਗੱਲ ਮੈਂ ਤੈਨੂੰ ਕਹਿੰਦਾ ਹਾਂ, ਤੂੰ ਵੇਸਵਾਵਾਂ ਦੇ ਬਜ਼ਾਰ ਵਿਚੋਂ ਨਾ ਲੰਘੀਂ। ਇਹ ਕਹਿਣ ਲੱਗਿਆ, ਗੁਰੂ ਜੀ ਤੁਹਾਨੂੰ ਮੇਰੇ 'ਤੇ ਸ਼ੱਕ ਹੋ ਗਿਆ? ਮੈਂ ਚਾਰੇ ਵੇਦ ਪੜ੍ਹਿਆ ਹੋਇਆ ਹਾਂ, ਮੈਨੂੰ ਪਤਾ ਹੈ ਕਿ ਜੇ ਇਹੋ ਜਿਹਾ ਮਾੜਾ ਕੰਮ ਕਰ ਲਓ ਤਾਂ ਰੌਰਵ ਨਰਕ ਦੇ ਵਿਚ ਤੱਤੇ ਥੰਮਾਂ ਦੇ ਨਾਲ ਲਾ ਦਿੰਦੇ ਨੇ। ਉਥੇ ਰੂਹ ਕਲਪਦੀ ਰਹਿੰਦੀ ਹੈ। ਮੈਂ ਕਿਵੇਂ ਇਹੋ ਜਿਹਾ ਕੰਮ ਕਰ ਲਵਾਂਗਾ? ਕਹਿਣ ਲੱਗੇ, ਨਹੀਂ, ਬੇਟਾ! ਸੰਗਤ ਦਾ ਅਸਰ ਹੋ ਜਾਂਦਾ ਹੈ। ਨਾ ਮੰਨਿਆ, ਮਨ 'ਚ ਵਿਦਿਆ ਦਾ ਅਭਿਮਾਨ ਆ ਗਿਆ ਕਿ ਮੈਂ ਬਹੁਤ ਵੱਡਾ ਵਿਦਵਾਨ ਹਾਂ। ਬਜ਼ਾਰ 'ਚ ਜਾਣ ਲਗ ਗਿਆ, ਹੌਲੀ-ਹੌਲੀ ਉਥੇ ਅੱਜ ਹੋਰ, ਕੱਲ੍ਹ ਹੋਰ, ਕੁਸੰਗ ਦੇ ਵਿਚ ਪੈ ਗਿਆ, ਵੇਸਵਾਗਾਮੀ ਹੋ ਗਿਆ। ਰੌਲਾ ਪੈ ਗਿਆ ਕਿ ਜਵਾਨ ਪੜ੍ਹਿਆ ਲਿਖਿਆ, ਸਾਰੀ ਦੁਨੀਆਂ 'ਚ ਮਸ਼ਹੂਰ, ਆਹ ਕੰਮ ਕਰ ਰਿਹੈ। ਰਾਜੇ ਕੋਲ ਸ਼ਿਕਾਇਤ ਹੋਈ, ਰਾਜੇ ਨੇ ਉਸ ਨੂੰ ਬਾਹਰ ਕੱਢ ਦਿਤਾ ਸ਼ਹਿਰ ਤੋਂ। ਵੇਸਵਾ ਦੇ ਨਾਲ ਰਹਿਣਾ ਸ਼ੁਰੂ ਕਰ ਦਿਤਾ। ਸੋ ਉਥੇ -

*ਪਤਿਤ ਅਜਾਮਲੁ ਪਾਪ ਕਰਿ*
*ਜਾਇ ਕਲਾਵਤਣੀ ਦੇ ਰਹਿਆ।*
*ਗੁਰੁ ਤੇ ਬੇਮੁਖੁ ਹੋਇ ਕੈ ਪਾਪ ਕਮਾਵੈ ਦੁਰਮਤਿ ਦਹਿਆ।*
*ਬਿਰਥਾ ਜਨਮੁ ਗਵਾਇਅਨੁ*
*ਭਵਜਲ ਅੰਦਰਿ ਫਿਰਦਾ ਵਹਿਆ।* *ਭਾਈ ਗੁਰਦਾਸ ਜੀ*

ਗੁਰੂ ਤੋਂ ਬੇਮੁਖ ਹੋ ਗਿਆ ਤੇ ਆਪਣਾ ਜਨਮ ਬਰਬਾਦ ਕਰ ਲਿਆ। ਹੁੰਦੇ-ਹੁੰਦੇ ਛੇ ਪੁੱਤਰ ਹੋ ਗਏ ਉਸ ਦੇ, ਘਰ ਵਿਚ ਕਲੇਸ਼ ਪੈਣ ਲਗ ਗਿਆ। ਕਿਉਂਕਿ ਭੋਗਾਂ ਦਾ saturation point ਹੁੰਦੈ। ਜਿਥੇ ਜਾ ਕੇ ਫੇਰ ਕੋਈ ਰਸ ਨਹੀਂ ਰਹਿੰਦਾ ਉਹਦਾ। ਛੇ ਪੁੱਤਰ ਹੋ ਗਏ। ਘਰ ਵਿਚ ਕਲੇਸ਼ ਰਹਿਣ ਕਰਕੇ, ਅਖੀਰ ਇਹਨੇ ਕਿਹਾ ਕਿ ਇਹਦੇ ਨਾਲੋਂ ਤਾਂ ਮਰ ਜਾਣਾ ਹੀ ਚੰਗਾ ਹੈ। ਖੁਦਕੁਸ਼ੀ ਕਰਨ ਵਾਸਤੇ ਚਲ ਪਿਆ। ਰਾਹ ਵਿਚ ਓਹੀ ਮਹਾਤਮਾ, ਇਹਨੇ ਦੂਰੋਂ ਦੇਖੇ, ਇਹਨੇ ਕਿਹਾ, ਨਮਸ਼ਕਾਰ ਕਰ ਦੇਵਾਂ ਮੈਂ। ਨਮਸ਼ਕਾਰ ਕਰਨ ਲੱਗਿਆ ਤਾਂ ਇਹਨੇ ਦੇਖਿਆ ਇਹ ਤਾਂ ਮੇਰੇ ਹੀ ਗੁਰੂ ਨੇ। ਇਹ ਰੋ-ਰੋ ਕੇ ਉਹਨਾਂ ਦੇ ਚਰਨਾਂ 'ਤੇ ਢਹਿ ਪਿਆ। ਕਹਿੰਦੇ, ਬੇਟਾ! ਤੂੰ ਕਿਉਂ ਕਹੀ ਜਾਨੈਂ ਕਿ ਮੇਰੇ ਨਾਲ ਦਾ ਕੋਈ ਦੂਜਾ ਪਾਪੀ ਨਹੀਂ। ਤੇਰੇ ਪੁੰਨ ਨਹੀਂ ਗਲੇ ਅਜੇ ਵੀ। ਜੇ ਪੁੰਨ ਗਲ ਜਾਣ, ਸੰਤਾਂ ਦਾ ਦਰਸ਼ਨ ਨਹੀਂ ਹੁੰਦਾ ਕਦੇ ਵੀ-

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ ॥* *ਅੰਗ - ੨੦੪*

ਪੁੰਨ ਕਰਮ ਬਚਦੇ ਹੋਣ ਤਾਂ ਆਦਮੀ ਸਤਿਸੰਗ 'ਚ ਆਉਂਦੈ। ਪੁੰਨ ਕਰਮ ਫਲ ਦੇਣ ਨੂੰ ਤਿਆਰ ਹੋਣ ਤਾਂ ਉਹ ਤੱਤ ਬੇਤੇ ਮਹਾਂਪੁਰਸ਼ ਦੇ ਦਰਸ਼ਨ ਕਰਦੈ, ਨਹੀਂ ਤਾਂ ਹੋਇਆ ਨਹੀਂ ਕਰਦੇ -

*ਬਿਨੁ ਭਾਗਾ ਸਤਸੰਗੁ ਨ ਲਭੈ*
*ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥* *ਅੰਗ - ੯੫*

ਬੇਟਾ, ਤੇਰੇ ਪੁੰਨ ਅਜੇ ਬਚੇ ਹੋਏ ਨੇ। ਤਾਂ ਹੀ ਤੂੰ ਸਾਡੇ ਕੋਲ ਆ ਗਿਆ ਨਾ। ਮਰ ਨਾ, ਜਾਹ ਕਰਮ ਭੋਗ। ਹੁਣ ਇਸ ਤਰ੍ਹਾਂ ਕਰੀਂ ਜਦੋਂ ਤੇਰੇ ਅਗਲਾ ਪੁੱਤਰ ਆਏਗਾ, ਉਹਨੂੰ ਤੂੰ ਮੇਰੇ ਕੋਲ

ਲਿਆਈਂ। ਮੈਂ ਉਹਦਾ ਨਾਉਂ ਰੱਖਾਂਗਾ -

*ਪੁਤੁ ਉਪੰਨਾਂ ਸਤਵਾਂ ਨਾਉ ਧਰਣ ਨੋ ਚਿਤ ਉਮਹਿਆ।*

*ਭਾਈ ਗੁਰਦਾਸ ਜੀ*

ਚਿਤ ਵਿਚ ਆਇਆ ਕਿ ਮੈਂ ਮਹਾਤਮਾ ਤੋਂ ਜਾ ਕੇ ਨਾਮ ਰਖਾਵਾਂ-

*ਗੁਰੂ ਦੁਆਰੈ ਜਾਇ ਕੈ ਗੁਰਮੁਖਿ ਨਾਉ ਨਰਾਇਣੁ ਕਹਿਆ।*

*ਭਾਈ ਗੁਰਦਾਸ ਜੀ*

ਗੁਰੂ ਦੇ ਦੁਆਰ ਨੂੰ ਗੁਰਦੁਆਰਾ ਕਹਿੰਦੇ ਨੇ। ਉਥੇ ਜਾ ਕੇ ਨਾਮ ਰੱਖਿਆ ਤਾਂ ਕਹਿਣ ਲੱਗੇ, ਲੈ ਭਾਈ! 'ਨਰਾਇਣ' ਇਹਦਾ ਨਾਉਂ ਰੱਖ ਦਿਤਾ ਅਸੀਂ। ਤੂੰ ਨਰਾਇਣ-ਨਰਾਇਣ-ਨਰਾਇਣ-ਨਰਾਇਣ ਕਹੀ ਜਾਈਂ।ਉਹਨਾਂ ਨੇ ਕਿਹਾ ਕਿ ਜੇ ਇਹਨੂੰ ਹੁਣ ਭਜਨ ਕਰਨ ਲਾਇਆ, ਐਨਾ ਜ਼ਿਆਦਾ ਮੈਲਾ ਹੋਇਆ-ਹੋਇਆ ਹੈ, ਭਜਨ ਇਸ ਤੋਂ ਹੋਣਾ ਨਹੀਂ। ਉਸੇ ਤਰ੍ਹਾਂ ਦੇ ਨਾਲ ਕਰਦਾ ਰਿਹਾ। ਜਿਸ ਵਕਤ ਅੰਤ ਸਮਾਂ ਆਇਆ, ਉਸ ਵੇਲੇ ਜਮਦੂਤਾਂ ਨੇ ਆਉਣਾ ਸੀ ਲੈਣ ਵਾਸਤੇ, ਕਿਉਂਕਿ ਸਾਰੀ ਜ਼ਿੰਦਗੀ ਪਾਪ ਕਰੇ ਨੇ। ਜਦੋਂ ਜਮਦੂਤ ਦੇਖੇ, ਡਰ ਗਿਆ। ਅਵਾਜ਼ ਦੇ ਦਿਤੀ ਪੁੱਤਰ ਨੂੰ, ਪੁੱਤਰ ਨਰਾਇਣ!, ਨਰਾਇਣ ਕਹਿੰਦੇ ਸਾਰ ਉਹਦਾ ਚਿਤ ਭਗਵਾਨ ਵਲ ਚਲਿਆ ਗਿਆ। ਮਹਾਰਾਜ ਕਹਿੰਦੇ, ਦੇਖੋ, ਅਵਾਜ਼ ਤਾਂ ਦਿਤੀ ਪੁੱਤਰ ਨੂੰ -

*ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ*
*ਕਰਿ ਨਾਰਾਇਣ ਬੋਲਾਰੇ ॥*
*ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ*
*ਜਮਕੰਕਰ ਮਾਰਿ ਬਿਦਾਰੇ ॥* ਅੰਗ - ੯੫

ਉਸੇ ਵੇਲੇ ਦੇਵਗਣ ਆ ਗਏ। ਧਰਮਰਾਜ ਨੇ ਕਿਹਾ ਕਿ ਇਹ ਕੀ ਹੋਇਆ? ਪੂਰਾ ਜਨਮ ਇਹਨੇ ਪਾਪਾਂ 'ਚ ਲੰਘਾਇਆ ਹੈ। ਇਹ ਬੈਕੁੰਠ ਨੂੰ ਕਿਉਂ ਜਾ ਰਿਹਾ ਹੈ? ਉਹ ਕਹਿਣ ਲੱਗੇ, ਇਸ ਦੀ ਸੁਰਤ ਜਿਹੜੀ ਸੀ, ਆਖਰੀ ਸਮੇਂ, ਇਕ ਸਾਹ ਵਿਚ ਪ੍ਰਮੇਸ਼ਰ ਵਲ ਚਲੀ ਗਈ, ਜਦੋਂ ਇਹਨੇ ਆਪਣੇ ਪੁੱਤਰ ਨੂੰ ਅਵਾਜ਼ ਮਾਰੀ -

*ਅੰਤਕਾਲ ਜਮਦੂਤ ਵੇਖਿ ਪੁਤ ਨਰਾਇਣੁ ਬੋਲੈ ਛਹਿਆ।*

*ਭਾਈ ਗੁਰਦਾਸ ਜੀ*

ਨਤੀਜਾ ਕੀ ਹੋਇਆ? ਸਾਰੇ ਜਿਹੜੇ ਪਾਪ ਸੀ ਉਹ ਢਹਿ ਗਏ ਤੇ ਉੱਤਮ ਗਤੀ ਉਹਨੂੰ ਪ੍ਰਾਪਤ ਹੋ ਗਈ।

*ਧਾਰਨਾ - ਗਤੀ ਮਿਲ ਗਈ ਜੋਗੀਆਂ ਵਾਲੀ,*
*ਇਕ ਵਾਰੀ ਰਾਮ ਬੋਲ ਕੇ।*

*ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ ॥*
*ਜਾਂ ਗਤਿ ਕਉ ਜੋਗੀਸੁਰ ਬਾਛਤ*
*ਸੋ ਗਤਿ ਛਿਨ ਮਹਿ ਪਾਈ ॥* ਅੰਗ - ੯੦੨

ਜੋਗੀਆਂ 'ਚ ਵੀ ਵੱਡੇ ਜੋਗੀ 'ਸੋ ਗਤਿ ਛਿਨ ਮਹਿ ਪਾਈ ॥' ਹੁਣ ਇਹ ਤਾਂ ਧੁਰ ਦੀ ਬਾਣੀ ਹੈ ਸਾਧਸੰਗਤ ਜੀ, ਕੋਈ ਕਵਿਤਾ ਤਾਂ ਹੈ ਨਹੀਂ ਕਿ ਅੱਖਰ ਨਾਲ ਅੱਖਰ ਜੋੜੇ ਨੇ ਮਹਾਰਾਜ ਜੀ ਨੇ। ਮਿਸਾਲਾਂ ਦਿੰਦੇ ਨੇ ਕਿ ਪਿਆਰਿਓ! ਤੁਸੀਂ ਐਡੇ ਕੀਮਤੀ ਨਾਮ ਨੂੰ ਭੁੱਲੀਂ ਬੈਠੇ ਓਂ? -

*ਜਮਗਣ ਮਾਰੇ ਹਰਿ ਜਨਾਂ ਗਇਆ ਸੁਰਗ ਜਮਡੰਡੁ ਨ ਸਹਿਆ। ਨਾਇ ਲਏ ਦੁਖੁ ਡੇਰਾ ਢਹਿਆ।*

*ਭਾਈ ਗੁਰਦਾਸ ਜੀ*

ਡੇਰਾ ਢਹਿ ਗਿਆ ਇਕ ਵਾਰੀ ਨਾਮ ਲੈਣ ਨਾਲ, ਨਰਕਾਂ ਨੂੰ ਜਾਂਦਾ-ਜਾਂਦਾ ਉਸੇ ਵੇਲੇ ਛੁਡਾ ਦਿਤਾ।

*ਏਕ ਚਿਤ ਜਿਹ ਇਕ ਛਿਨ ਧਿਆਇਓ,*
*ਕਾਲ ਫਾਸ ਕੇ ਬੀਚ ਨ ਆਇਓ।*

ਸੋ ਐਸਾ ਜੋ ਨਾਮ ਹੈ, ਤੁਸੀਂ ਸਤਿਸੰਗ ਕਰਦੇ ਹੋਂ, ਆਪਣੇ ਕਾਰੋਬਾਰ ਛੱਡ ਕੇ ਆਏ ਹੋਂ, ਸਾਨੂੰ ਵਿਚਾਰਨਾ ਚਾਹੀਦਾ ਹੈ ਕਿ ਨਾਮ ਮੈਂ ਜਪਦਾ ਹਾਂ, ਇਹਦਾ ਕਿੱਡਾ ਫਲ ਹੈ? ਅਸੀਂ ਤਾਂ 'ਜਪੁਜੀ ਸਾਹਿਬ' ਪੜ੍ਹਦੇ ਹਾਂ, ਸਾਨੂੰ ਤਾਂ ਪਤਾ ਹੀ ਨਹੀਂ ਲਗਦਾ, ੴ ਤੋਂ ਸ਼ੁਰੂ ਕਰਕੇ, 'ਕੇਤੀ ਛੁਟੀ ਨਾਲਿ' 'ਤੇ ਪਤਾ ਲਗਦਾ ਹੈ ਕਿ ਹੈਂ ਪੂਰਾ ਹੋ ਗਿਆ ਬਈ ਜਪੁਜੀ ਸਾਹਿਬ ਤਾਂ। ਨਾਹੁੰਦੇ-ਨਾਹੁੰਦੇ ਹੀ ਪੜ੍ਹ ਲੈਂਦੇ ਹਾਂ। ਇਹ ਤਰੀਕਾ ਨਹੀਂ ਹੁੰਦਾ। ਸੰਤਾਂ ਨੂੰ ਪਤਾ ਹੁੰਦੈ, ਜੁਗਤ ਦਾ। ਉਹਨਾਂ ਦੀ ਸੰਗਤ ਕਰਦੇ-ਕਰਦੇ, ਹੌਲੀ-ਹੌਲੀ ਆਦਮੀ ਤਰੱਕੀ ਕਰਦੈ। ਬੇਅੰਤ ਮਿਸਾਲਾਂ ਨੇ ਗੁਰੂ ਘਰ ਦੇ ਅੰਦਰ। ਹੁਣ ਇਹਨੂੰ ਕਿੱਡੀ ਵੱਡੀ ਗਤੀ ਮਿਲ ਗਈ - ਜੋਗੀਸ਼ਰਾਂ ਦੀ। ਜੋਗੀਸ਼ਰ ਬਾਰੇ ਦੱਸਿਆ ਹੈ ਕਿ ਉਹ ਕਿੰਨੀਆਂ ਸਾਧਨਾਂ ਕਰਦੇ ਨੇ। ਉਹ ਸਾਰੀਆਂ ਤੁਹਾਨੂੰ ਓਪਰੀਆਂ ਲੱਗਣਗੀਆਂ ਕਿ ਇਹ ਤਾਂ ਗੱਲਾਂ ਹੋਰ ਤਰ੍ਹਾਂ ਦੀਆਂ ਹੁੰਦੀਆਂ ਨੇ, ਸਾਡੇ ਤਾਂ ਸਮਝ ਵਿਚ ਨਹੀਂ ਆ ਰਹੀਆਂ। ਉਹ ਉਮਰਾਂ ਗਾਲ੍ਹ ਦਿੰਦੇ ਨੇ ਗੁਫਾਵਾਂ 'ਚ ਬੈਠ ਕੇ। ਸਾਧਨ ਸਾਧਦੇ ਨੇ, ਪ੍ਰਾਣਾਯਾਮ ਨਾਲ ਬਿਰਤੀਆਂ ਖਿੱਚਦੇ ਨੇ। ਦਸਵੇਂ ਦੁਆਰ ਵਿਚ ਲਿਜਾਂਦੇ ਨੇ। ਜਿਹੜੀ ਗਤੀ ਉਹਨੂੰ ਮਿਲਦੀ ਹੈ ਸਾਰੀ ਜ਼ਿੰਦਗੀ 'ਚ ਉਹ ਇਕ ਵਾਰੀ ਨਰਾਇਣ ਕਹਿਣ ਨਾਲ ਮਿਲ ਗਈ, ਵਾਹਿਗੁਰੂ ਕਹਿਣ ਨਾਲ ਮਿਲ ਗਈ। ਕਿੱਡੀ ਸ਼ਕਤੀਸ਼ਾਲ ਚੀਜ਼ ਹੈ। ਐਡਾ ਤਾਕਤ ਵਾਲਾ ਨੁਸਖਾ ਕੋਈ ਦੁਨੀਆਂ 'ਚ ਹੈ? ਜਿਹੜਾ ਮਰੇ ਪਏ ਨੂੰ ਜਿਉਂਦਾ ਕਰ ਦੇਵੇ। ਇਹ

ਕੇਵਲ 'ਨਾਮ' ਹੈ, ਸਾਧਸੰਗਤ ਜੀ। ਜੁਗਾਂ-ਜੁਗਾਤਰਾਂ ਦੇ ਕੀਤੇ ਹੋਏ ਸਾਰੇ ਪਾਪਾਂ ਦਾ ਖਾਤਮਾ ਕਰਨ ਵਾਲਾ ਪ੍ਰਮੇਸ਼ਰ ਦਾ ਨਾਮ ਹੈ। ਰਾਜਾ ਜਨਕ ਇਕੋ ਵਾਰੀ ਬੋਲਿਆ ਸੀ, ਰਾਮ -

*ਗਹਿਣੇ ਧਰਿਅਨੁ ਇਕ ਨਾਉ*
*ਪਾਪਾ ਨਾਲਿ ਕਰੈ ਨਿਰਜਾਸੀ।* *ਭਾਈ ਗੁਰਦਾਸ ਜੀ*

ਇਹ ਜਿਹੜਾ 'ਰਾਮ' ਅੱਖਰ ਮੈਂ ਬੋਲਿਆ ਹੈ, ਇਹ ਇਕ ਤੱਕੜੀ 'ਚ ਪਾ ਲਓ। ਦੂਜੇ 'ਚ ਪਾ ਲਓ, ਸਾਰੇ ਨਰਕਾਂ ਦੇ ਪਾਪੀਆਂ ਦੇ ਪਾਪ, ਉਹ ਪਾਸਕੂ ਵੀ ਨਾ ਬਣੇ, ਪ੍ਰਮੇਸ਼ਰ ਦੇ ਨਾਮ ਦੇ ਅੱਗੇ। ਸੋ ਇਸ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਮਿਸਾਲ ਦਿੰਦੇ ਹੋਏ ਸਾਨੂੰ ਸਮਝਾਉਂਦੇ ਨੇ ਕਿ ਪਿਆਰਿਓ -

*ਮਨ ਰੇ ਪ੍ਰਭ ਕੀ ਸਰਨਿ ਬਿਚਾਰੋ॥* *ਅੰਗ - ੬੩੨*

ਹੋਰ ਗੱਲਾਂ ਛੱਡ ਦਿਓ, ਪ੍ਰਭੂ ਦੇ ਨਾਲ ਪਿਆਰ ਪਾਓ। ਉਹਦੀ ਸ਼ਰਨ ਵਿਚ ਆ ਜਾਓ। ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਸਰਨਿ ਬਿਚਾਰੋ ਮਨ ਰੇ ਪ੍ਰਭ ਕੀ।*

ਸਾਰਿਆਂ ਨਾਲੋਂ ਸੁਖਾਲਾ ਜਿਹੜਾ ਰਸਤਾ ਹੈ, ਉਹ ਹੈ ਕਿ ਤੂੰ ਵਾਹਿਗੁਰੂ ਦੀ ਸ਼ਰਨ ਵਿਚ ਆ ਜਾ, ਉਸ ਨੂੰ ਪਿਆਰ ਕਰ। ਉਸ ਨੂੰ ਯਾਦ ਰੱਖ, ਉਹ ਤੇਰੇ ਸਾਰੇ ਸੰਕਟਾਂ ਦਾ ਨਾਸ ਕਰ ਦਏਗਾ, ਤੇਰੇ ਨਾਲ ਰਹਿੰਦਾ ਹੈ। ਇਹ ਗੱਲ ਤੂੰ ਮਨ ਵਿਚ ਵਸਾ ਲੈ। ਮਹਾਰਾਜ ਜੀ ਨੂੰ ਪੁੱਛਿਆ, ਪਾਤਸ਼ਾਹ! ਸ਼ਰਨ ਵਿਚ ਆਉਣ ਨਾਲ ਕੀ ਹੁੰਦੈ? ਕਹਿੰਦੇ, ਤੁਹਾਨੂੰ ਨਖਿੱਧ ਬੰਦਿਆਂ ਦਾ ਨਾਉਂ ਲੈ ਕੇ ਦਸਦੇ ਹਾਂ।

*ਜਿਹ ਸਿਮਰਤ ਗਨਕਾ ਸੀ ਉਧਰੀ*
*ਤਾ ਕੋ ਜਸੁ ਉਰ ਧਾਰੋ ॥* *ਅੰਗ - ੬੩੨*

ਗਨਕਾ ਪਾਪਣ ਸੀ ਜਿਹੜੀ, ਬੈਕੁੰਠ ਧਾਮ ਨੂੰ ਚਲੀ ਗਈ। ਤੁਸੀਂ ਤਾਂ ਸਾਧਾਰਣ ਗ੍ਰਿਹਸਤੀ ਹੋਂ ਕਿਹੜਾ ਪਾਪ ਕਰਦੇ ਹੋਂ। ਇਸ ਪਿੰਡ 'ਚ ਤਾਂ ਸ਼ਰਾਬ ਹੀ ਕੋਈ ਨਹੀਂ ਪੀਂਦਾ। ਸ਼ਰਾਬ ਦਾ ਦੋਸ਼ ਕਿੰਨਾ ਹੈ? ਕਹਿੰਦੇ -

*ਤਨਕ ਤਮਾਕੂ ਸੇਵੀਐ ਦੇਵ ਪਿਤਰ ਤਜਿ ਜਾਇ॥*

ਤਮਾਕੂ ਜ਼ਰਾ ਕੁ ਵਰਤ ਲਿਆ ਤਾਂ ਸਾਡੇ ਬਜ਼ੁਰਗ ਜੋ ਪਿਤਰ ਲੋਕ 'ਚ ਬੈਠੇ ਨੇ, ਸਵਰਗ ਲੋਕਾਂ 'ਚ ਬੈਠੇ ਨੇ, ਉਨ੍ਹਾਂ ਦੀ ਸਾਡੇ ਉਤੇ ਨਿਗ੍ਹਾ ਰਹਿੰਦੀ ਹੈ। ਜੇ ਕੋਈ ਸਾਨੂੰ ਔਖ-ਸੌਖ ਹੋਵੇ, ਵਿਘਨ ਪੈਂਦਾ ਹੋਵੇ, ਉਹ ਸਾਡੇ ਉਤੇ ਮਿਹਰ ਦੀ ਨਿਗ੍ਹਾ ਕਰਦੇ ਨੇ, ਉਹਦੇ ਨਾਲ ਸਾਡੇ ਵਿਘਨਾਂ ਦਾ ਖਾਤਮਾ ਹੋ ਜਾਇਆ ਕਰਦੈ। ਸਬੰਧ ਬਣਿਆ ਰਹਿੰਦੈ। ਅਸੀਂ ਵੀ ਬਰਸੀਆਂ ਮਨਾਉਂਦੇ ਹਾਂ, ਭੋਗ ਪੁਆਉਂਦੇ ਹਾਂ। ਉਹ ਉਸ ਵੇਲੇ ਸਾਥ ਛੱਡ ਦਿੰਦੇ ਨੇ ਜਿਸ ਵੇਲੇ ਕਿਸੇ ਨੇ ਤਮਾਕੂ ਦੀ ਵਰਤੋਂ ਕਰ ਲਈ।

*ਪਾਣੀ ਤਾ ਕੇ ਹਾਥ ਕਉ ਮਧਰਾ ਸਮ ਅਘਦਾਇ।*

ਉਹਦੇ ਹੱਥ ਤੋਂ ਪਾਣੀ ਪੀਣਾ, ਜਿੰਨਾਂ ਸ਼ਰਾਬ ਦਾ ਦੋਸ਼ ਲਗਦੈ, ਓਨਾਂ ਦੋਸ਼ ਲੱਗਿਆ ਕਰਦੈ। ਕਹਿੰਦੇ, ਜੀ ਸ਼ਰਾਬ ਦਾ ਕਿੰਨਾ ਕੁ ਦੋਸ਼ ਹੁੰਦੈ?

*ਮਦਰਾ ਦਹਤੀ ਸਪਤ ਕੁਲ ਭਾਂਗ ਦਹੈ ਤਨ ਏਕ।*

ਸੱਤ ਕੁਲਾਂ ਦਾ ਨਾਸ਼ ਸ਼ਰਾਬ ਕਰਦੀ ਹੈ। ਉਹਦਾ ਆਪਣਾ, ਉਹਦੇ ਪਿਤਾ ਦਾ, ਉਹਦੇ ਦਾਦੇ ਦਾ, ਉਹਦੇ ਪੜਦਾਦੇ ਦਾ, ਪੁੱਤ ਦਾ, ਪੋਤੇ ਦਾ, ਪੜੋਤੇ ਦਾ। ਸੱਤ ਕੁਲਾਂ ਤਕ ਨਾਸ਼ ਕਰਦੀ ਹੈ।

ਮੈਡੀਕਲੀ ਜੇ ਮੈਂ ਦੱਸਾਂ ਤਮਾਕੂ ਤੇ ਸ਼ਰਾਬ ਆਦਮੀ ਦੇ ਅੰਦਰਲੇ ਜੀਨਜ਼ ਨੂੰ ਮਾਰ ਦਿੰਦੇ ਨੇ। ਜੀਨ ਤਾਂ ਤੁਸੀਂ ਜਾਣਦੇ ਹੋਂ, ਅੱਗੇ ਕਿੱਡੀ-ਕਿੱਡੀ ਕਣਕ ਹੁੰਦੀ, ਇਸ 'ਚ ਛੋਟੀ ਕਣਕ ਦਾ ਟੀਕਾ ਲਾ ਦਿਤਾ। ਇਵੇਂ ਜਿਵੇਂ ਹਰ ਇਕ ਨਸਲ 'ਚ ਜੀਨ ਹੈ। ਦਸਵਾਂ ਜਿਹੜਾ ਪੜੋਤਾ ਹੁੰਦੈ, ਉਹ ਮੁੜ ਕੇ ਬਾਬੇ ਵਰਗਾ ਫੇਰ ਹੋ ਜਾਂਦੈ। ਉਹੀ ਖਾਨਦਾਨ, ਉਵੇਂ ਜਿਵੇਂ ਚੱਲੀ ਜਾਂਦੈ, ਜੇ ਸ਼ੁੱਧ ਨੇ। ਉਹਨੂੰ ਹੀ ਕਰ ਜਾਂਦਾ ਹੈ ਖਤਮ। ਸੋ ਇਸ ਕਰਕੇ ਇਹਨੂੰ ਬੁਰਾ ਮੰਨਿਆ ਹੈ।

*ਜਗਤ ਜੂਠ ਸ਼ਤ ਕੁਲ ਦਹੈ ਨਿੰਦਾ ਦਹੈ ਅਨੇਕ।*

ਸੌ ਕੁਲ ਦਾ ਨਾਸ਼ ਕਰਦਾ ਹੈ ਤਮਾਕੂ, ਨਿੰਦਾ ਦਾ ਤਾਂ ਪਤਾ ਹੀ ਕਿ ਕਿੰਨਾਂ ਕੁ ਕਰ ਦਿੰਦੀ ਹੈ। ਇਸ ਕਰਕੇ ਮਹਾਰਾਜ ਨੇ ਮਾਤਾ ਨੂੰ ਉਲ੍ਹਾਂਭਾ ਦਿਤਾ। ਕਹਿੰਦੇ, ਮਾਤਾ! ਜੇ ਤੇਰਾ ਪੁੱਤਰ ਭਗਤ ਨਹੀਂ ਸੀ ਹੋਣਾ ਤਾਂ ਚੰਗਾ ਹੀ ਸੀ ਤੂੰ ਬਾਂਝ ਰਹਿੰਦੀ। ਪੁੱਤਰ ਹੁੰਦਾ ਹੀ ਨਾ। ਪੁੱਤਰ ਨੇ ਸ਼ਰਾਬ ਪੀ ਲਈ, ਪੁੱਤਰ ਨੇ ਤਮਾਕੂ ਖਾ ਲਿਆ, ਪੁੱਤਰ ਨਿੰਦਿਆ ਕਰਨ ਵਾਲਾ ਹੋ ਗਿਆ। ਬਜ਼ੁਰਗਾਂ ਨੂੰ ਬਿਪਤਾ ਪੈ ਜਾਂਦੀ ਹੈ। ਉਹ ਦੇਵਤੇ, ਪਿਤਰ ਛੱਡ ਜਾਂਦੇ ਨੇ ਕਿ ਸਾਡਾ ਇਹ ਕੁਛ ਨਹੀਂ ਲਗਦਾ ਹੁਣ। ਸਾਨੂੰ ਨਾ ਇਹਦੇ ਪਿੱਛੇ ਇਥੇ ਸਜ਼ਾ ਮਿਲੇ। ਨਾ ਉਹਦਾ ਪੁੰਨ ਦਾਨ ਲਗਦਾ ਹੈ। ਸੋ ਮਹਾਰਾਜ ਕਹਿੰਦੇ ਨੇ -

*ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ॥*
*ਬਿਧਵਾ ਕਸ ਨ ਭਈ ਮਹਤਾਰੀ ॥* *ਅੰਗ - ੩੨੮*

ਜਿਹੜੀ ਕੁਲ ਦੇ ਵਿਚ ਪੁੱਤਰ ਨਾਮ ਜਪਣ ਵਾਲਾ ਨਹੀਂ ਹੈ। ਕਹਿੰਦੇ, ਉਹ ਵਿਧਵਾ ਹੋ ਜਾਂਦੀ, ਉਹਦਾ ਘਰਵਾਲਾ ਹੀ ਮਰ ਜਾਂਦਾ, ਬੱਚੇ ਹੁੰਦੇ ਹੀ ਨਾ -

*ਜਿਹ ਨਰ ਰਾਮ ਭਗਤਿ ਨਹਿ ਸਾਧੀ ॥*
*ਜਨਮਤ ਕਸ ਨ ਮੁਓ ਅਪਰਾਧੀ ॥ ਅੰਗ - ੩੨੮*

ਭਲਾ, ਚਲੋ ਮਾਤਾ ਦੇ ਪੁੱਤਰ ਹੋ ਗਿਆ। ਲੜਕਾ ਹੋ ਗਿਆ ਜਾਂ ਲੜਕੀ ਹੋ ਗਈ, ਜੇ ਕਹਿੰਦੇ ਉਹਨਾਂ ਨੇ ਆ ਕੇ ਨਾਮ ਨਾ ਜਪਿਆ - 'ਜਨਮਤ ਕਸ ਨ ਮੁਓ ਅਪਰਾਧੀ ॥' ਪੈਦਾ ਹੁੰਦਾ ਹੀ ਕਿਉਂ ਨਾ ਸੰਸਾਰ ਤੋਂ ਚਲਿਆ ਗਿਆ। ਕਿਉਂ ਫੇਰ ਪਾਪ ਕਰੇਂਗਾ, ਫੇਰ ਵਧਾਏਂਗਾ, ਫੇਰ ਨਰਕਾਂ 'ਚ ਘੁੰਮੇਂਗਾ, ਉਹਦੇ ਨਾਲੋਂ ਤਾਂ ਚੰਗਾ ਸੀਗਾ ਕਿ ਪੈਦਾ ਹੋ ਕੇ ਉਦੋਂ ਹੀ ਚਲਿਆ ਜਾਂਦਾ। ਮਹਾਰਾਜ ਕਹਿੰਦੇ, ਤੇਰਾ ਆਉਣਾ ਹੀ ਬਿਰਥਾ ਹੈ। ਬਹੁਤ ਵੱਡੀ ਤਾੜਨਾ ਕਰਦੇ ਹੋਏ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਕਾਹਨੂੰ ਜੰਮਣਾ ਸੀ ਭਗਤੀ ਤੋਂ ਹੀਣਿਆਂ ਓਏ,*
*ਕਾਹਨੂੰ ਜੰਮਣਾ।*

*ਜਿਨੀ ਐਸਾ ਹਰਿ ਨਾਮੁ ਨ ਚੇਤਿਓ*
*ਸੇ ਕਾਹੇ ਜਗਿ ਆਏ ਰਾਮ ਰਾਜੇ ॥*
*ਇਹੁ ਮਾਣਸ ਜਨਮੁ ਦੁਲੰਭੁ ਹੈ*
*ਨਾਮ ਬਿਨਾ ਬਿਰਥਾ ਸਭੁ ਜਾਏ ॥*
*ਹੁਣਿ ਵਤੈ ਹਰਿ ਨਾਮੁ ਨ ਬੀਜਿਓ*
*ਅਗੈ ਭੁਖਾ ਕਿਆ ਖਾਏ ॥*
*ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ ॥*
*ਅੰਗ - ੪੫੦*

ਕਹਿਣ ਲੱਗੇ, ਪਾਪ ਕਰਨ ਵਾਸਤੇ ਸੰਸਾਰ 'ਤੇ ਆਏ ਸੀ। ਪਾਪ ਤਾਂ ਤੂੰ ਪਹਿਲਾਂ ਹੀ ਬਹੁਤ ਵੱਡੇ-ਵੱਡੇ ਕੀਤੇ ਹੋਏ ਨੇ। ਉਹਨਾਂ ਦਾ ਹੀ ਫਲ ਭੋਗਣਾ ਔਖਾ ਹੋ ਰਿਹੈ। ਸੋ ਇਸ ਕਰਕੇ ਮਹਾਰਾਜ ਐਡੀ ਵੱਡੀ ਦੌਲਤ, ਜਿਹਦਾ ਮੁੱਲ ਕੋਈ ਨਹੀਂ। ਜੇ ਤੂੰ ਉਹਨੂੰ ਆਪਣੇ ਜੀਵਨ ਵਿਚ ਹਾਸਲ ਨਾ ਕਰ ਸਕਿਆ, ਤਾਂ ਤੇਰਾ ਸੰਸਾਰ 'ਤੇ ਆਉਣ ਦਾ ਫਾਇਦਾ ਹੀ ਨਹੀਂ। ਸੋ ਮਹਾਰਾਜ ਕਹਿੰਦੇ -

*ਮਨ ਰੇ ਪ੍ਰਭ ਕੀ ਸਰਨਿ ਬਿਚਾਰੋ॥ ਅੰਗ - ੬੩੨*

ਉਹਦੇ ਵਿਚ ਚਾਰ ਮਿਸਾਲਾਂ ਮਹਾਰਾਜ ਨੇ ਦਿਤੀਆਂ ਨੇ - ਅਜਾਮਲ ਦੀ ਤੁਸੀਂ ਸੁਣ ਲਈ, ਦੂਸਰੀ ਧਰੂੰ ਦੀ ਹੈ ਕਿ ਕਿੰਨੇ ਛੋਟੇ ਜਿਹੇ ਬੱਚੇ ਨੇ ਨਾਮ ਜਪ ਕੇ ਕਿੱਡੀ ਵੱਡੀ ਪਦਵੀ ਪ੍ਰਾਪਤ ਕਰ ਲਈ। ਤੀਸਰੀ ਇਕ ਹਾਥੀ ਦੀ ਹੈ ਕਿ ਜਦੋਂ ਡੁੱਬਣ ਲੱਗਿਆ, ਉਹਦੇ ਮੂੰਹ ਵਿਚੋਂ 'ਰਾਮ' ਨਿਕਲ ਗਿਆ, ਧਿਆਨ ਦੇ ਵਿਚ, ਉਸੇ ਵੇਲੇ ਪ੍ਰਮੇਸ਼ਰ ਨੇ ਤੰਦੂਏ ਦੇ ਤੰਦ ਕੱਟ ਦਿਤੇ। ਮਹਾਰਾਜ ਕਹਿੰਦੇ, ਚੌਥੀ ਹੈ ਗਨਕਾ ਦੀ। ਉਹਦੇ ਬਾਰੇ ਇਸ ਤਰ੍ਹਾਂ ਹੈ ਕਿ ਕਿਸੇ ਸ਼ਹਿਰ ਦੇ ਅੰਦਰ ਕੋਈ ਬੀਬੀ ਸੀ ਜਿਸ ਨੇ ਇਹ ਪੇਸ਼ਾ ਅਖਤਿਆਰ ਕਰ ਲਿਆ। ਜਮਾਂਦਰੂ ਗਨਕਾ ਨਹੀਂ ਸੀ, ਜਮਾਂਦਰੂ ਉਹ ਚੰਗੀ ਭਲੀ ਸੀ। ਲੇਕਿਨ ਹੌਲੀ-ਹੌਲੀ ਕੁਸੰਗ ਦਾ ਅਸਰ ਪੈਂਦਾ-ਪੈਂਦਾ, ਉਹ ਇਸ ਪੇਸ਼ੇ 'ਚ ਆ ਗਈ ਤੇ ਐਨਾ ਪਾਪ ਕਰਿਆ ਕਿ -

*ਗਨਿਕਾ ਪਾਪਣਿ ਹੋਇ ਕੈ ਪਾਪਾਂ ਦਾ ਗਲਿ ਹਾਰੁ ਪਰੋਤਾ।*
*ਭਾਈ ਗੁਰਦਾਸ ਜੀ*

*ਧਾਰਨਾ - ਪਾਪਾਂ ਦਾ ਹਾਰ ਪਰੋਤਾ,*
*ਗਨਿਕਾ ਪਾਪਣ ਨੇ।*

***'ਗਨਿਕਾ ਪਾਪਣਿ ਹੋਇ ਕੈ'*** ਪਹਿਲਾਂ ਨਹੀਂ ਸੀ ਉਹ। ਹੌਲੀ-ਹੌਲੀ ਕੁਸੰਗ ਦਾ ਅਸਰ ਹੁੰਦਾ ਗਿਆ ਤੇ ਜਿਹੜਾ ਚਾਨਣਾ ਸੀ ਮਨ ਵਿਚ, ਉਹ ਅਲੋਪ ਹੁੰਦਾ ਗਿਆ ਤੇ ਹਨ੍ਹੇਰਾ ਵਧਦਾ ਗਿਆ। ਅਖੀਰ ਪਾਪ ਉਸ ਨੂੰ ਪਾਪ ਲੱਗਣ ਤੋਂ ਹਟ ਗਏ।

ਸਾਧਸੰਗਤ ਜੀ! ਜਿੰਨੇ ਵੀ ਤੁਸੀਂ ਬੈਠੇ ਹੋਂ, ਤਜਰਬਾ ਸਭ ਨੇ ਕੀਤਾ ਹੈ। ਇਸ ਸਰੀਰ ਦੇ ਅੰਦਰ, ਸਭ ਦੇ, ਪ੍ਰਮੇਸ਼ਰ ਰਹਿੰਦਾ ਹੈ। ਉਥੋਂ ਇਕ ਅਵਾਜ਼ ਆਉਂਦੀ ਹੈ ਹਰੇਕ ਨੂੰ। ਆਦਮੀ ਮਾੜਾ ਕੰਮ ਕਰਨ ਲਗਦੈ, ਉਹ ਕਹਿੰਦਾ ਹੈ, ਪ੍ਰੇਮੀਆਂ! ਆਹ ਕੰਮ ਨਾ ਕਰ। ਇਹ ਮਾੜਾ ਕੰਮ ਹੈ। ਉਹ ਜਿਹੜਾ ਹੇਠਲਾ ਹਿੱਸਾ ਹੈ, ਉਥੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਨਿੰਦਿਆ, ਚੁਗਲੀ ਇਹਨਾਂ ਦਾ ਹਨ੍ਹੇਰਾ ਮਚਿਆ ਪਿਐ। ਇਹਨਾਂ ਦੇ ਵਿਚੋਂ ਹੀ ਕੋਈ ਆ ਜਾਂਦੈ ਕਹਿੰਦਾ ਕਰ ਲੈ, ਤਾਂ ਕੀ ਫਰਕ ਪੈਂਦੈ। ਸ਼ਰਾਬ ਪੀ ਲੈ, ਕੀ ਪਾਪ ਹੈ। ਇਹ ਸੜੇ ਹੋਏ ਪਾਣੀ ਨੂੰ ਡਿਜ਼ਿਟਲ ਕਰ ਲੈਂਦੇ ਨੇ। ਪਹਿਲਾਂ ਉਹਨੂੰ ਸਾੜਦੇ ਨੇ ਪਾ-ਪਾ ਕੇ, ਫਲ ਪੁਆ ਲਏ, ਹੋਰ ਚੀਜ਼ਾਂ ਪਾ ਲਈਆਂ, ਕਿੱਕਰ ਦਾ ਸੱਕ ਪਾ ਲਿਆ, ਗੁੜ ਪਾ ਲਿਆ, ਫੇਰ ਡਿਸਟਿਲਰੇਸ਼ਨ ਕਰ ਲੈਂਦੇ ਨੇ। ਇਹਦੇ 'ਚ ਕਿਸੇ ਦੀ ਜਾਨ ਥੋੜ੍ਹਾ ਲੈਂਦੇ ਹਾਂ। ਇਸ ਤਰ੍ਹਾਂ ਅਵਾਜ਼ ਨੂੰ ਸੁਣਦਾ ਨਹੀਂ ਹੈ। ਹਰ ਗੱਲ ਦੀ ਅਵਾਜ਼ ਆਏਗੀ। ਜਿਸ ਦਿਨ ਪਹਿਲੇ ਦਿਨ ਕੋਈ ਗਲਤ ਕੰਮ ਕਰਨ ਲੱਗੇਗਾ, ਅਵਾਜ਼ ਆਏਗੀ -

*ਦਿਲਾ ਕਾ ਮਾਲਕੁ ਕਰੇ ਹਾਕੁ॥ ਅੰਗ - ੯੯੬*

ਉਹ ਵਾਹਿਗੁਰੂ ਕਿਸੇ ਨੂੰ ਪਾਪੀ ਦੇਖਣਾ ਨਹੀਂ ਚਾਹੁੰਦਾ। ਸਭ ਨੂੰ ਉੱਚਾ ਦੇਖਣਾ ਚਾਹੁੰਦਾ ਹੈ। ਅੰਦਰੋਂ ਗਾਈਡ ਕਰਦੈ ਹਰੇਕ ਨੂੰ। ਇਹਨੂੰ ਜ਼ਮੀਰ ਦੀ ਅਵਾਜ਼ ਕਹਿੰਦੇ ਨੇ। ਆਤਮਾ ਦੀ ਅਵਾਜ਼ ਕਹਿੰਦੇ ਨੇ ਪਰ ਇਹ ਬੰਦਾ ਹੌਲੀ-ਹੌਲੀ ਆਪਣੇ ਅੰਦਰ bad conductor ਪਾਈ ਜਾਂਦੈ। ਜਿਵੇਂ ਕਾਰਬਨ ਆ ਜਾਂਦੀ ਹੈ ਫੇਰ ਇੰਜਣ ਨਹੀਂ ਚਲਦੇ, ਮੋਟਰ ਨਹੀਂ ਚਲਦੀ, ਗੱਡੀਆਂ ਨਹੀਂ ਚਲਦੀਆਂ, ਡਿਸਟ੍ਰੀਬਿਊਟਰ ਵਿਚ

ਕਾਰਬਨ ਆ ਜਾਵੇ, ਇਸ ਤਰ੍ਹਾਂ ਇਹਦੇ ਅੰਦਰ ਕਾਰਬਨ ਆ ਜਾਂਦੀ ਹੈ, ਫੇਰ ਰੱਬ ਦੀ ਅਵਾਜ਼ ਇਹਦੇ ਤਕ ਪਹੁੰਚਦੀ ਨਹੀਂ ਹੈ। ਪਿੱਛੇ ਹੀ ਰਹਿ ਜਾਂਦੀ ਹੈ। ਫੇਰ ਇਹ ਮਨ ਦੀ ਅਵਾਜ਼ ਸੁਣਦੈ। ਮਨ ਨੇ ਇਹਨੂੰ ਉਲਟੇ ਰਸਤੇ ਪਾਉਣਾ ਹੀ ਪਾਉਣਾ ਹੈ ਕਿਉਂਕਿ ਕਲਜੁਗ ਦਾ ਸਾਥੀ ਹੈ, ਮਨ। ਕਲਜੁਗ ਦੀ ਅਵਾਜ਼ ਆਉਂਦੀ ਹੈ, ਇਹਦੇ ਅੰਦਰ। ਸੋ ਪਾਪ ਜਿਹਨੂੰ ਬੁਰਾ ਮੰਨਦਾ ਹੈ, ਇਹਨੂੰ ਓਹੀ ਪਿਆਰਾ ਲਗਣ ਲੱਗ ਜਾਂਦੈ–

*ਪਾਪੁ ਬੁਰਾ ਪਾਪੀ ਕਉ ਪਿਆਰਾ॥ ਅੰਗ – ੯੨੯*

ਇਹੀ ਹਾਲਤ ਇਹਦੀ ਹੋਈ। ਪਰ ਇਹਨੂੰ ਖਿਆਲ ਆਇਆ ਕਰੇ, ਕਿਉਂਕਿ ਪਿਛਲੇ ਪੁੰਨ ਜ਼ਬਰਦਸਤ ਸੀ। ਸੋਚਦੀ ਕਿ ਆਹ ਮੈਂ ਬੜਾ ਮਾੜਾ ਕੰਮ ਕਰ ਲਿਆ। ਬਚਪਨ 'ਚ ਮੈਂ ਸਤਿਸੰਗ ਵੀ ਜਾਂਦੀ, ਮਹਾਂਪੁਰਸ਼ਾਂ ਦੇ ਦਰਸ਼ਨ ਵੀ ਕਰਦੀ ਅਤੇ ਉਹਨਾਂ ਦੇ ਬਚਨ ਵੀ ਸੁਣਦੀ। ਉਹ ਤਾਂ ਇਹ ਕਹਿੰਦੇ ਨੇ ਕਿ ਬਹੁਤ ਔਖਾ ਹੋ ਜਾਏਗਾ, ਉਥੇ ਜਾ ਕੇ ਫੇਰ ਕੋਈ ਜਵਾਬ ਨਹੀਂ ਹੋਣਾ, ਇਸ ਤਰ੍ਹਾਂ ਪੜ੍ਹ ਲਓ –

*ਧਾਰਨਾ – ਘਾਣੀ ਪੀੜਨੀ ਨਿਮਾਣੀ ਤੇਰੀ ਜ਼ਿੰਦਗੀ,*
*ਦਰਗਾਹ ਵਿਚ ਧਰਮਰਾਜ ਨੇ।*

*ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥*
*ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥*
*ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ ॥*
*ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥*
*ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥ ਅੰਗ – ੩੧੫*

'ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ' ਲੁੱਟਣ ਦੀਆਂ ਤਿਆਰੀਆਂ ਕਰਦੈ, ਡਾਕਾ ਮਾਰਨ ਦੀ ਤਿਆਰੀ ਕਰਦੈ, ਕਿਸੇ ਨੂੰ ਕਤਲ ਕਰਨ ਦੀ ਤਿਆਰੀ ਕਰਦੈ, ਮਹਾਰਾਜ ਕਹਿੰਦੇ, ਤੂੰ ਕੀ ਸੋਚਦੈਂ ਪਿਆਰਿਆ, ਕਿ ਤੈਨੂੰ ਕੋਈ ਦੇਖਦਾ ਨਹੀਂ? ਵਾਹਿਗੁਰੂ ਦੇਖ ਰਿਹੈ ਤੈਨੂੰ। ਉਹਨੂੰ ਹਰ ਗੱਲ ਦਾ ਪਤੈ, ਤੇਰੇ ਅੰਦਰ ਰਹਿੰਦੈ। ਉਹਦੀ ਅਵਾਜ਼ ਨਹੀਂ ਤੂੰ ਸੁਣਦਾ ਕਿਉਂਕਿ ਤੇਰੇ ਵਿਚਾਲੇ ਕਾਰਬਨ ਆ ਗਈ। ਉਹ ਤਾਂ ਅਵਾਜ਼ ਮਾਰਦਾ ਹੀ ਮਾਰਦਾ ਹੈ। ਆਉਂਦੀ ਹੈ ਅਵਾਜ਼, ਭਜਨ ਕਰਨ ਵਾਲਿਆਂ ਨੂੰ ਪਤਾ ਹੈ, ਹਾਕ ਕਿਵੇਂ ਆਉਂਦੀ ਹੈ। ਉਹਨੂੰ ਕੋਈ ਅਕਾਸ਼ਵਾਣੀ ਕਹਿ ਦਿੰਦੈ, ਕੋਈ ਹੋਰ ਅਨੁਭਵ ਕਹਿ ਦਿੰਦੈ। ਵਾਹਿਗੁਰੂ ਦੀ ਅਵਾਜ਼ ਹਰੇਕ ਦੇ ਅੰਦਰ ਚੱਲ ਰਹੀ ਹੈ, ਸਾਧਸੰਗਤ ਜੀ। ਇਹ ਲੰਮੀਆਂ ਗੱਲਾਂ ਨੇ। ਸੋ ਮਹਾਰਾਜ ਕਹਿੰਦੇ ਫੇਰ – ***'ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥ '*** ਬੁਰਿਆਂ ਕੰਮਾਂ ਵਾਸਤੇ ਚੋਰੀਆਂ ਕਰਦੈ। ਪਰਾਈਆਂ ਇਸਤ੍ਰੀਆਂ ਦੇ ਕੋਲ ਜਾਂਦੈ। ਫੇਰ ***'ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ ॥ '*** ਦੂਜੇ ਦਾ ਮਾਲ ਆਪਣਾ ਬਣਾਉਣ ਵਾਸਤੇ ਚੋਰ ਸੰਨ੍ਹ ਲਾਉਂਦੈ। ਦੂਜੇ ਦੀ ਕਮਾਈ 'ਤੇ ਅੱਜਕੱਲ੍ਹ ਸਾਰੇ ਹੀ ਸੰਨ੍ਹ ਲਾ ਰਹੇ ਨੇ।

ਤੁਹਾਨੂੰ ਮੈਂ ਇਕ ਮਿਸਾਲ ਦਸਦਾ ਹਾਂ। ਸਾਡੇ ਇਕ ਡਾਕਟਰ ਆਉਂਦੇ ਨੇ। ਪੀ.ਜੀ.ਆਈ ਦੇ ਬਹੁਤ ਵੱਡੇ ਡਾਕਟਰ ਨੇ।ਕਹਿੰਦੇ, 25 ਹਜ਼ਾਰ ਰੁਪਿਆ ਉਹਨਾਂ ਦਾ ਹਿੱਸਾ ਆਉਂਦੈ। ਉਹ ਕਹਿੰਦਾ, ਮੈਂ ਹਿੱਸਾ ਵਾਪਸ ਕਰਕੇ ਆਉਂਦਾ, ਜਿਹਦੇ 'ਗੋਡੇ' ਪਾਉਂਦਾ ਹਾਂ ਮੈਂ। ਮੈਂ ਨਹੀਂ ਲੈਂਦਾ। ਸਭ ਤੋਂ ਗਰੀਬ ਡਾਕਟਰ ਮੈਂ ਹੀ ਹਾਂ। ਕਹਿੰਦਾ, ਇਹੋ ਜਿਹੀ ਤੁਹਾਨੂੰ ਇਕ ਗੱਲ ਦਸਦੇ ਹਾਂ। ਇਕ ਬੀਬੀ ਦੇ ਸੱਜੀ ਵੱਖੀ 'ਚ ਦਰਦ ਹੁੰਦਾ ਸੀ, ਉਹ ਚਲੇ ਗਏ ਡਾਕਟਰ ਕੋਲ। ਦਵਾਈ ਦਰਦ ਹਟਾਉਣ ਵਾਲੀ ਨਹੀਂ ਦਿਤੀ, ਸਗੋਂ ਵਧਾਉਣ ਵਾਲੀ ਦੇ ਦਿਤੀ। ਉਹ ਕਹਿੰਦੀ, ਭਾਈ ਦਰਦ ਤਾਂ ਵਧ ਗਿਆ। ਕਹਿੰਦਾ, ਬੀਬੀ ਤੇਰਾ ਤਾਂ ਗੁਰਦਾ ਖਰਾਬ ਹੋ ਗਿਆ। ਤੇਰਾ ਖ਼ੂਨ ਸਾਰਾ ਖਰਾਬ ਹੋ ਜਾਣੈ ਤੇ ਇਕ ਲੱਖ ਰੁਪਿਆ ਲਗਣੇ ਤੇਰਾ ਨਵਾਂ ਗੁਰਦਾ ਲੈ ਕੇ ਪਾ ਦਿੰਦੇ ਹਾਂ। ਉਹ ਵਿਚਾਰੀ ਕਹਿਣ ਲੱਗੀ, ਡਾਕਟਰ ਸਾਹਿਬ! ਮੈਂ ਪੈਸਾ ਤਿਆਰ ਕਰ ਲੈਂਦੀ ਹਾਂ, ਕੋਈ ਥੋੜ੍ਹੀ ਬਹੁਤ ਜ਼ਮੀਨ ਵੇਚ ਦਿੰਦੇ ਹਾਂ ਤੇ ਮੈਂ ਲੱਖ ਰੁਪਿਆ ਕਰ ਲਵਾਂਗੀ। ਉਹਨੇ ਕਿਹਾ ਕਿ ਮੇਰਾ ਪੈਸਾ ਤਿਆਰ ਹੋ ਗਿਆ, ਹੁਣ ਤੂੰ ਅਗਲੀ ਗੱਲ ਕਰ। ਉਹ ਕਹਿੰਦਾ, ਬਈ ਮੈਂ ਇਕ ਡਾਕਟਰ ਨਾਲ ਰਲ ਕੇ ਕਰਾਂਗਾ। ਉਹ ਇਕ ਸਰਜਨ ਹੈ। ਉਹ ਸਰਜਨ ਕੋਲ ਚਲਿਆ ਗਿਆ। ਉਥੇ ਜਾ ਕੇ ਗੱਲਾਂ ਕਰਨ ਲਗ ਗਿਆ ਕਿ ਇਕ ਆਪਰੇਸ਼ਨ ਕਰਨੈ ਤੇ ਗੁਰਦਾ ਪਾਉਣਾ ਕੋਈ ਨਹੀਂ ਹੈ। ਆਪਰੇਸ਼ਨ ਜ਼ਰੂਰ ਕਰ ਦੇਣੈ। ਨਹੀਂ ਤਾਂ ਪਤਾ ਨਹੀਂ ਲਗਣਾ ਉਹਨੂੰ। ਉਹ ਕਹਿੰਦਾ, ਕੀ ਗੱਲ? ਕਹਿੰਦਾ, ਲੱਖ ਰੁਪਿਆ ਹੈ, 50 ਹਜ਼ਾਰ ਤੂੰ ਲੈ-ਲੈ, 50 ਹਜ਼ਾਰ ਮੈਂ ਰੱਖ ਲੈਂਦਾ। ਉਹ ਬੀਬੀ ਪਿੱਛੇ ਖੜ੍ਹੀ ਸੀ, ਉਹਨੇ ਅਛੋਪਲੇ ਸੁਣ ਲਿਆ ਕਿ ਹੈਂ, ਮੇਰਾ ਪੇਟ ਪਾੜਨਗੇ, ਨਾਲੇ ਲੱਖ ਰੁਪਿਆ ਐਵੇਂ ਹੀ ਲੈ ਲੈਣਾ। ਉਥੋਂ ਉਹ ਆ ਗਈ। ਡਾਕਟਰ ਨੇ ਸੁਨੇਹਾ ਭੇਜਿਆ ਕਿ ਗੁਰਦਾ ਤਿਆਰ ਹੈ, ਤੂੰ ਆ ਜਾ। ਉਹ ਕਹਿੰਦੀ, ਨਾ ਭਾਈ! ਮੈਂ ਤੁਹਾਡੇ ਕੋਲੋਂ ਆ ਕੇ ਇਕ ਵੈਦ ਕੋਲ ਚਲੀ ਗਈ, ਇਥੇ ਮੇਰੇ ਗੰਢ ਜਿਹੀ ਬੱਝੀ ਹੋਈ ਸੀ, ਉਹਨੇ ਦਵਾਈ ਦੇ ਦਿਤੀ, ਦੋ-ਤਿੰਨ ਖਾ ਕੇ ਮੈਂ ਰਾਜ਼ੀ ਹੋ ਗਈ। ਇਹਨੂੰ ਕਹਿੰਦੇ ਨੇ ਸੰਨ੍ਹ ਦੇਣੀ ਦੂਸਰੇ ਦੀ

ਕਮਾਈ 'ਚ। ਮਿਲਾਵਟ ਕਰ ਦੇਣੀ। ਅਸਲੀ ਚੀਜ਼ ਦੇ ਭਾਅ, ਮਿਲਾਵਟ ਵਾਲੀ, ਓਡਾ ਹੀ ਮੁੱਲ ਲੈ ਕੇ ਦੇ ਦੇਣੀ। ਹਰ ਚੀਜ਼ 'ਚ ਮਿਲਾਵਟ ਹੈ। ਮਹਾਰਾਜ ਕਹਿੰਦੇ, ਹੁਣ ਤਾਂ ਤੂੰ ਸੰਨ੍ਹਾਂ ਦਿੰਨੈ, ਹੁਣ ਤੂੰ ਇਹਦੇ ਨਾਲ ਅਯਾਸ਼ੀਆਂ ਕਰੇਂਗਾ। ਪਿਆਰਿਆ! ਜਦੋਂ ਫੇਰ ਲੇਖਾ ਦੇਣਾ ਪਵੇਗਾ ਫੇਰ - 'ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥' ਉਥੇ ਫੇਰ ਰੋਣਾ ਪੈਂਦੈ। ਕਿਉਂ? 'ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥' ਧਰਮਰਾਜ ਨੇ, ਜਿਵੇਂ ਤਿਲ, ਘਾਣੀ 'ਚ ਪੀੜੇ ਜਾਂਦੇ ਨੇ, ਇਵੇਂ ਪੀੜ ਦੇਣੈ। ਸੋ ਇਹ ਬਚਨ, ਬਚਪਨ ਵਿਚ ਉਸ ਨੇ ਸੁਣੇ ਹੋਏ ਸੀ, ਇਹ ਖਿਆਲ ਉਸਦੇ ਅੰਦਰ ਕਦੇ-ਕਦੇ ਜ਼ਬਰਦਸਤੀ ਆ ਜਾਂਦੇ ਸੀ। ਕਿਉਂਕਿ ਅਜੇ ਪੁੰਨ ਕਰਮ ਉਹਦੇ ਬਚਦੇ ਸੀ। ਉਹਨਾਂ ਪੁੰਨਾਂ ਕਰਮਾਂ ਦਾ ਫਲ ਕੀ ਹੋਇਆ?

ਬਾਰਿਸ਼ ਹੋ ਰਹੀ ਹੈ। ਇਕ ਮਹਾਤਮਾ ਦੀ ਕੁਟੀਆ ਚੋਣ ਲਗ ਗਈ। ਹੋਰ ਤਾਂ ਉਹਨਾਂ ਨੇ ਕੁਛ ਨਾ ਨਾਲ ਲਿਆ, ਇਕ ਤੋਤਾ ਸੀ, ਉਹ ਨਾਲ ਲੈ ਲਿਆ ਕਿ ਚਲੋ ਚਾਰ ਦਿਨ ਰਹਿ ਆਉਂਦੇ ਹਾਂ ਕਿਤੇ। ਮੀਂਹ ਹਟ ਜਾਊਗਾ ਫੇਰ ਆ ਜਾਵਾਂਗੇ ਆਪਣੀ ਕੁਟੀਆ ਵਿਚ। ਉਹ ਤੋਤਾ ਲੈ ਕੇ ਸ਼ਹਿਰ ਵਲ ਨੂੰ ਚੱਲ ਪਏ। ਜਦੋਂ ਉਹ ਗਨਕਾ ਦੇ ਘਰ ਦੇ ਸਾਮ੍ਹਣੇ ਆਏ, ਛਰਾਟਾ ਆਇਆ, ਮਹਾਂਪੁਰਸ਼ ਇਕ ਦਮ ਵਰਾਂਡੇ 'ਚ ਖੜ੍ਹੇ ਹੋ ਗਏ। ਇਹਨੇ ਵੀ ਉਤੋਂ ਦੇਖ ਲਿਆ ਕਿ ਕੋਈ ਸਾਧੂ, ਮਹਾਂਪੁਰਸ਼ ਖੜ੍ਹੈ। ਹੋਇਆ ਕੀ ਉਥੇ? ਕਹਿੰਦੇ, ਸੰਤਾਂ ਦੇ ਦਰਸ਼ਨ ਕਰਦੇ ਸਾਰ ਵਾਹਿਗੁਰੂ-ਵਾਹਿਗੁਰੂ ਹੋਣ ਲਗ ਜਾਂਦੈ। ਆਦਮੀ ਦੇ ਅੰਦਰੋਂ ਪਾਪ ਨੱਠਣੇ ਸ਼ੁਰੂ ਹੋ ਜਾਂਦੇ ਨੇ। ਨਾਮ ਜਪਣ ਦੀ ਨਾਮ ਧੁਨ ਲਗ ਜਾਂਦੀ ਹੈ।

ਸੰਤ ਮਹਾਰਾਜ ਜੀ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ, ਰਾੜਾ ਸਾਹਿਬ) ਜਦੋਂ ਦਭਲਾਨ ਆਏ। ਸੰਗਤ ਇਥੇ ਜਾਣਦੀ ਨਹੀਂ ਸੀ, ਹੌਲੀ-ਹੌਲੀ ਜਾਣ ਪਛਾਣ ਪਈ, ਪਟਿਆਲੇ ਤੋਂ ਸੰਗਤ ਮੇਰੇ ਨਾਲ ਆਈ। ਪਹਿਲਾਂ ਗੱਲਾਂ ਬੜੀਆਂ ਸੀ ਮਨ ਵਿਚ ਕਿ ਆਹ ਪੁੱਛਣੈ, ਆਹ ਪੁੱਛਣੈ ਪਰ ਜਿਸ ਵਕਤ ਰੇਲਵੇ ਸਟੇਸ਼ਨ 'ਤੇ ਟਿਕਟ ਲੈ ਕੇ ਅਸੀਂ ਬਹਿ ਜਾਣਾ, ਫੇਰ ਕਿਸੇ ਨੇ ਨਾ ਇਕ ਦੂਜੇ ਨਾਲ ਬੋਲਣਾ। ਬੋਲਣਾ ਕਿਉਂ ਨਾ? ਕਿਉਂਕਿ ਮਹਾਤਮਾ ਵਲ ਨੂੰ ਚੱਲ ਪਏ, ਕਲਪਨਾ ਖਤਮ ਹੋ ਗਈ। ਸਵਾਲ ਮੇਰੇ ਕੋਲ ਲਿਖਾਏ ਹੁੰਦੇ, ਮੈਂ ਜੇਬ ਵਿਚ ਪਾ ਲੈਂਦਾ ਸੀ। ਹੁੰਦਾ ਕੀ ਸੀ, ਹਰੇਕ ਦੇ ਬੁੱਲ੍ਹ ਹਿਲਦੇ ਸੀ, ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ। ਬਿਰਤੀ ਲਗ ਜਾਣੀ। ਮਹਾਰਾਜ ਜੀ ਕੋਲ ਆ ਕੇ ਨਮਸ਼ਕਾਰ ਕਰਨੀ। ਉਹ ਜਾਣਦੇ ਸਭ ਕੁਝ ਸੀਗੇ, ਚਾਹੇ ਕੋਈ ਕਿਤੇ ਬੈਠ ਕੇ ਗੱਲ ਕਰ ਲਓ, ਮਹਾਰਾਜ ਜੀ ਨੂੰ ਪਤਾ ਹੁੰਦਾ। ਉਹਨਾਂ ਨੇ ਮੁਸਕਰਾ ਕੇ ਪੁੱਛਣਾ, ਕੀ ਗੱਲ ਅੱਜ ਪੜ੍ਹਿਆ-ਲਿਖਿਆ ਸਾਰਾ ਪਟਿਆਲਾ ਆਇਆ ਹੈ। ਮੈਂ ਕਿਹਾ, ਮਹਾਰਾਜ! ਬੜੇ ਸਵਾਲ ਲੈ ਕੇ ਆਏ ਨੇ। ਕਹਿੰਦੇ, ਕਰੋ ਸਵਾਲ, ਸਭ ਚੁੱਪ। ਮੈਂ ਕਿਹਾ, ਤੁਸੀਂ ਕਰਦੇ ਕਿਉਂ ਨਹੀਂ ਭਾਈ ਸਵਾਲ? ਉਹ ਕਹਿੰਦੇ, ਸਾਡੇ ਸਵਾਲ ਸਭ ਹੀ ਜਾਂਦੇ ਰਹੇ। ਆਹੀ ਸੀਗਾ ਕਿ ਸਾਡਾ ਨਾਮ ਨਹੀਂ ਚਲਦਾ। ਗੱਡੀ ਨੇ ਜਦੋਂ ਸੀਟੀ ਮਾਰੀ ਉਹਦੇ ਨਾਲ ਹੀ ਸਾਡਾ ਨਾਮ ਚੱਲ ਪਿਆ। ਇਹ ਐਕਸ਼ਨ ਹੁੰਦੈ, ਮਾੜੇ ਬੰਦੇ ਨੂੰ ਦੇਖ ਕੇ ਮਨ ਭੈ ਖਾਂਦੈ, ਤੁਸੀਂ ਆਪ ਹੀ ਦੇਖਦੇ ਹੋਂ। ਬੁਰਾ ਬੰਦਾ ਸਾਨੂੰ ਨਜ਼ਰ ਆ ਜਾਏ ਦੂਰੋਂ ਆਉਂਦਾ, ਦਿਲ ਧੱਕ-ਧੱਕ ਕਰਨ ਲਗ ਜਾਏਗਾ ਕਿਉਂਕਿ ਉਹਦਾ ਜਿਹੜਾ ਓਰਾ ਹੈ, ਉਹਦਾ ਜਿਹੜਾ ਅਸਰ ਵਾਤਾਵਰਣ 'ਚ ਫੈਲਿਆ ਹੋਇਆ ਹੈ, ਉਹ ਦੂਸਰੇ mind ਦੇ ਉਤੇ ਓਹੀ ਪੈਂਦੈ। ਸੋ ਇਸੇ ਤਰ੍ਹਾਂ ਸੰਤਾਂ ਦਾ ਵਾਤਾਵਰਣ ਬੜਾ ਜਬਰਦਸਤ ਹੁੰਦੈ। ਬੰਦਗੀ ਕਰਦੇ ਨੇ, ਸਭ ਤੋਂ ਵੱਡਾ ਜਿਹੜਾ ਐਨਰਜੀ ਦਾ Flow ਹੈ, ਉਹਦੇ ਨਾਲ ਜੁੜੇ ਹੁੰਦੇ ਨੇ। ਜਿਸ ਵਕਤ ਉਹਨਾਂ ਨੂੰ ਕੋਈ ਦੇਖਦਾ ਹੈ -

*ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥*

*ਅੰਗ - ੫੨੦*

ਇਕ ਵਾਰੀ ਵਾਹਿਗੁਰੂ ਜ਼ਰੂਰ ਯਾਦ ਆਉਂਦੈ। ਸੋ ਹੁਣ ਗਨਕਾ ਨੇ ਮਹਾਂਪੁਰਸ਼ਾਂ ਨੂੰ ਦੇਖਿਆ ਕਿ ਮੇਰੇ ਘਰ ਆ ਗਏ। ਇਥੇ ਤਾਂ ਪਾਪੀ ਬੰਦੇ ਆਉਂਦੇ ਨੇ, ਸੰਤਾਂ ਦਾ ਕੀ ਕੰਮ ਇਥੇ? ਦੇਖਦੇ ਸਾਰ ਜਿਵੇਂ ਬਿਜਲੀ ਚਮਕਦੀ ਹੈ, ਇਸ ਤਰ੍ਹਾਂ ਜਿਹੜਾ ਪਾਪਾਂ ਦਾ ਜੰਮਿਆ ਹੋਇਆ ਥਾਰ ਸੀ, ਉਹਦੇ ਵਿਚ ਤ੍ਰੇੜ ਪੈ ਗਈ। ਪ੍ਰਕਾਸ਼ ਆ ਗਿਆ ਬਾਹਰ। ਕਿਹਾ ਕਿ ਹੈਂ ਸੰਤ ਆਏ ਨੇ। ਮੈਂ ਤਾਂ ਪਾਪ ਹੀ ਕਰਦੀ ਹਾਂ, ਮੈਂ ਸੇਵਾ ਕਰ ਲਵਾਂ। ਹੇਠਾਂ ਗਈ ਜਾ ਕੇ ਕਹਿਣ ਲੱਗੀ, ਬਾਬਾ ਜੀ! ਘਰ ਤਾਂ ਇਹ ਬਹੁਤ ਮਾੜਾ ਹੈ। ਵੇਸਵਾ ਦਾ ਘਰ ਹੈ ਪਰ ਮੇਰੀ ਕਿਸਮਤ ਚੰਗੀ ਹੈ ਕਿ ਤੁਸੀਂ ਆ ਗਏ। ਤੁਹਾਡੇ ਕੱਪੜੇ ਭਿੱਜੇ ਹੋਏ ਨੇ ਮੈਂ ਕੱਪੜੇ ਸੁਕਾ ਦਿੰਦੀ ਹਾਂ। ਕੁਝ ਖਾਣ-ਪੀਣ ਨੂੰ ਦਿੰਦੀ ਹਾਂ। ਕ੍ਰਿਪਾ ਕਰੋ, ਆਪ ਉਤੇ ਆ ਜਾਓ। ਬੜੀ ਸੇਵਾ ਕਰੀ। ਮਹਾਂਪੁਰਸ਼ ਬਚਨ ਵੀ ਕਰੀ ਜਾਂਦੇ ਨੇ ਬੀਬਾ! ਇਹ ਤਾਂ ਜਨਮ ਅਮੋਲ ਹੈ, ਕਿਸੇ ਵੀ ਕੀਮਤ ਦੇ ਉਤੇ ਮਿਲਦਾ ਨਹੀਂ। ਇਹ ਤੇਰਾ ਬਿਰਥਾ ਜਾ ਰਿਹੈ। ਬਿਰਥਾ ਹੀ ਨਹੀਂ ਜਾ

ਰਿਹਾ, ਤੈਨੂੰ ਪਾਪਾਂ ਵਿਚ ਬੰਨ੍ਹ ਰਿਹੈ। ਪਰਾਲਬਧ ਤਾਂ ਪ੍ਰਮੇਸ਼ਰ ਨੇ ਸਾਰਿਆਂ ਦੀ ਲਿਖੀ ਹੋਈ ਹੈ, ਰੋਟੀ ਤਾਂ ਉਹਨੇ ਦੇਣੀ ਹੀ ਹੈ-

*ਕਾਹੇ ਰੇ ਮਨ ਚਿਤਵਹਿ ਉਦਮੁ*
*ਜਾ ਆਹਰਿ ਹਰਿ ਜੀਉ ਪਰਿਆ ॥*
*ਸੈਲ ਪਥਰ ਮਹਿ ਜੰਤ ਉਪਾਏ*
*ਤਾ ਕਾ ਰਿਜਕੁ ਆਗੈ ਕਰਿ ਧਰਿਆ ॥ ਅੰਗ - ੧੦*

ਬੇਟਾ! ਇਹ ਦੇਹ ਤਾਂ ਮਿਲੀ ਸੀ ਨਾਮ ਜਪਣ ਵਾਸਤੇ ਪਰ ਤੇਰੀ ਤਾਂ ਐਵੇਂ ਹੀ ਜਾ ਰਹੀ ਹੈ। ਕਹਿਣ ਲੱਗੀ, ਬਾਬਾ ਜੀ! ਮੈਨੂੰ ਤਾਂ ਬਹੁਤ ਖਿਆਲ ਆਉਂਦੇ ਨੇ, ਮੇਰੇ ਮਨ ਵਿਚ ਬਹੁਤ ਵਿਚਾਰਾਂ ਆਉਂਦੀਆਂ ਨੇ ਕਿ ਮੈਂ ਬਚਪਨ ਦੇ ਅੰਦਰ ਸਤਿਸੰਗ ਵੀ ਸੁਣਦੀ ਸੀ। ਸੰਤਾਂ ਦੇ ਦਰਸ਼ਨ ਵੀ ਕਰਦੀ ਸੀ। ਪਰ ਹੁਣ ਮੈਂ ਮਜ਼ਬੂਰ ਹੋ ਗਈ, ਮੈਨੂੰ ਕੋਈ ਰਾਹ ਨਹੀਂ ਲੱਭਦਾ। ਮੇਰੇ ਬਹੁਤ ਮਾੜੇ ਕਰਮ ਨੇ। ਬਾਰ-ਬਾਰ ਬੇਨਤੀਆਂ ਕਰਦੀ ਹੈ, ਮਹਾਂਪੁਰਸ਼ਾਂ ਨੂੰ ਦਇਆ ਆ ਗਈ। ਚੰਗੇ ਕੰਮ ਤਾਂ ਦੇਖ ਕੇ ਆਉਂਦੀ ਹੀ ਹੈ ਦਇਆ, ਭਾਈ ਗੁਰਦਾਸ ਜੀ ਲਿਖਦੇ ਨੇ ਕਿ -

*ਮਹਾਂ ਪੁਰਖ ਅਚਾਨਚਕ ਗਨਿਕਾ ਵਾੜੇ ਆਇ ਖਲੋਤਾ।*
*ਦੁਰਮਤਿ ਦੇਖਿ ਦਇਆਲ ਹੋਇ*
*ਹਥਹੁ ਉਸਨੋ ਦਿਤੋਸੁ ਤੋਤਾ। ਭਾਈ ਗੁਰਦਾਸ ਜੀ*

ਗੁਰਮਤਿ ਦੇਖ ਕੇ ਤਾਂ ਸਾਰੇ ਦਇਆਲ ਹੁੰਦੇ ਨੇ ਪਰ ਇਥੇ ਦੁਰਮਤਿ ਦੇਖ ਕੇ ਮਹਾਂਪੁਰਸ਼ ਖੁਸ਼ੀ ਦੇ ਘਰ 'ਚ ਆ ਗਏ ਕਿ ਇਹ ਰੱਬ ਦਾ ਰਾਹ ਪੁੱਛਦੀ ਹੈ। ਕਹਿੰਦੇ, ਬੇਟਾ! ਦੇਖ ਇਹਦੇ ਵਿਚ ਬਹੁਤ ਸਾਰੀਆਂ ਗੱਲਾਂ ਹੁੰਦੀਆਂ ਨੇ, ਰਹਿਤਾਂ ਹੁੰਦੀਆਂ ਨੇ, ਤੇਰਾ ਵਾਤਾਵਰਣ ਠੀਕ ਨਹੀਂ ਹੈ। ਦ੍ਰਿੜ੍ਹਤਾ ਹੈ ਤੇਰੇ ਮਨ ਵਿਚ? ਕਹਿਣ ਲੱਗੀ, ਬਾਬਾ ਜੀ! ਦ੍ਰਿੜ੍ਹਤਾ ਤਾਂ ਐਨੀ ਹੈ ਕਿ ਜੇ ਮੇਰੇ ਮਨ ਵਿਚ ਕੋਈ ਗੱਲ ਆ ਜਾਵੇ, ਮੈਂ ਕਰੇ ਬਿਨਾਂ ਹਟਦੀ ਨਹੀਂ ਹੁੰਦੀ।

ਕਹਿੰਦੇ, ਬਸ ਦ੍ਰਿੜ੍ਹ ਨਿਹਚਾ ਚਾਹੀਦੈ। ਮਹਾਰਾਜ ਕਹਿੰਦੇ, ਭਵਜਲ ਤਰਨ ਦਾ ਇੱਕੋ ਤਰੀਕਾ ਹੈ -

*ਸੰਤਹੁ ਸਾਗਰੁ ਪਾਰਿ ਉਤਰੀਐ ॥*
*ਜੇ ਕੋ ਬਚਨੁ ਕਮਾਵੈ ਸੰਤਨ ਕਾ*
*ਸੋ ਗੁਰ ਪਰਸਾਦੀ ਤਰੀਐ ॥ ਅੰਗ - ੭੪੭*

ਸੰਤਾਂ ਦਾ ਬਚਨ ਕਮਾ ਲਵੇ। ਸੰਤਾਂ ਨੂੰ ਸਾਰੇ ਨੁਸਖੇ ਆਉਂਦੇ ਹੁੰਦੇ ਨੇ ਕਿ ਇਹਨੂੰ ਕਿਵੇਂ ਲੰਘਾਉਣੈ, ਇਹਨੂੰ ਕਿਵੇਂ ਲੰਘਾਉਣੈ। ਸਾਰਿਆਂ ਦਾ ਇਕ ਰਾਹ ਨਹੀਂ ਹੁੰਦਾ। ਸੋ ਜਦੋਂ ਬਾਰ-ਬਾਰ ਬੇਨਤੀਆਂ ਕਰਦੀ ਹੈ, ਮਹਾਂਪੁਰਸ਼ਾਂ ਨੇ ਬਹੁਤ ਸਮਝਾਇਆ। ਕਿਹਾ, ਬੇਟਾ! ਦੇਖ, ਜਿਹੜਾ ਤੇਰਾ ਸਰੀਰ ਹੈ ਇਹਦੇ ਵਿਚ ਇਕ ਝੂਠੀ ਮੈਂ ਹੈ, ਇਕ ਸੱਚੀ ਮੈਂ ਹੈ। ਉਹ ਝੂਠੀ ਮੈਂ ਹੈ ਪਰਛਾਵਾਂ। ਉਹ ਮੈਂ ਕਹਿੰਦੀ ਹੈ, ਮੈਂ ਕਰਦਾ ਹਾਂ-ਮੈਂ ਕਰਦਾ ਹਾਂ। ਉਹਦੇ ਨਾਲ ਇਹ ਭਾਈ ਬੀਬਾ ਇਹ ਫਸ ਜਾਂਦਾ ਹੈ, ਫਸਿਆ ਹੋਇਆ ਜੰਮਦਾ-ਮਰਦਾ ਰਹਿੰਦਾ ਹੈ। ਇਹਨੂੰ ਹਉਮੈ ਕਹਿੰਦੇ ਨੇ। ਇਹਦੇ ਵਿਚ ਹੈ ਪ੍ਰਮੇਸ਼ਰ ਦਾ ਵਾਸਾ ਤੇ ਗੁਰੂ ਮਹਾਰਾਜ ਉਸ ਦੇ ਬਾਰੇ ਐਸਾ ਫੁਰਮਾਨ ਕਰਦੇ ਨੇ। ਪੜ੍ਹੋ ਪਿਆਰ ਨਾਲ -

*ਧਾਰਨਾ - ਤੇਰੇ ਅੰਦਰ ਹਰੀ ਦਾ ਵਾਸਾ,*
*ਹਉਮੈ ਵਾਲਾ ਪੜਦਾ ਪੈ ਗਿਆ।*
*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*
*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥*
*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥*
*ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥*
*ਅੰਗ - ੯੫੪*
*ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥*
*ਅੰਗ - ੯੪੭*

ਜਿਹੜਾ ਇਹ ਸਰੀਰ ਦਿਤਾ ਹੈ ਨਾ ਇਹ ਚੌਰਾਸੀ ਲੱਖ ਜੂਨਾਂ ਤੋਂ ਇਸ ਕਰਕੇ ਸ੍ਰੇਸ਼ਟ ਹੈ ਕਿ ਇਹਦੇ ਵਿਚ ਵਾਹਿਗੁਰੂ ਨੂੰ ਮਿਲਣ ਦਾ ਰਾਹ ਹੈ। ਹੋਰ ਨਹੀਂ ਕਿਸੇ 'ਚ ਵੀ ਹੈ। ਮਹਾਰਾਜ ਕਹਿੰਦੇ, ਨੌਂ ਦਰਵਾਜ਼ਿਆਂ ਵਾਲਾ ਕਿਲਾ ਹੈ ਇਹ, ਇਹਦੇ ਵਿਚ ਇਕ ਦਸਵਾਂ ਦਰਵਾਜ਼ਾ ਹੈ, ਜਿਹਨੂੰ ਇਹ ਜਾਣਦਾ ਹੀ ਨਹੀਂ ਹੈ। ਉਹਦੇ ਵਿਚ ਗੁਪਤ ਤੌਰ 'ਤੇ ਵਾਹਿਗੁਰੂ ਰਹਿੰਦੈ। ਸਾਰੇ ਕੰਮ ਉਹ ਕਰਦਾ ਕਰਾਉਂਦੈ ਤੇ ਅਸੀਂ ਕਹਿੰਦੇ ਹਾਂ, ਮੈਂ ਕਰਦਾ ਹਾਂ। ਕਹਿੰਦੇ, ਨਿਸ਼ਾਨੀਆਂ ਕੀ ਨੇ? ਮਹਾਰਾਜ ਕਹਿੰਦੇ, ਨਿਸ਼ਾਨੀ ਇਹ ਹੈ ਕਿ ਉਹਦਾ ਜੋ ਰਸਤਾ ਜਾਂਦਾ ਹੈ, ਪਹਿਲਾਂ ਉਹਨੂੰ ਧਿਆਨ ਦੇ ਨਾਲ ਸੁਣੋ। ਇਕ ਰਸਤਾ ਨਹੀਂ ਹੈ ਹਰ ਪਾਸੇ ਰਸਤਾ ਜਾਂਦੈ। ਰੀੜ੍ਹ ਦੀ ਹੱਡੀ ਜੋ ਹੈ ਇਹਦੇ ਹੇਠਲੇ ਪਾਸੇ ਇਕ ਨਾੜੀ ਹੁੰਦੀ ਹੈ ਉਹਨੂੰ ਭੁਚੰਗਾ ਨਾੜੀ ਕਹਿੰਦੇ ਨੇ। ਭੁਚੰਗ ਕਹਿੰਦੇ ਨੇ ਸੱਪ ਨੂੰ। ਸੱਪ ਵਾਂਗਣ ਢਾਈ ਵਲ ਖਾ ਕੇ, ਉਹ ਮੂੰਹ 'ਤੇ ਬੈਠੀ ਹੈ, ਸੂਖਸ਼ਮ ਨਾੜੀ ਹੈ। ਇਹ, ਪ੍ਰਾਣਾਯਾਮ ਦੇ ਬਲ ਦੇ ਨਾਲ ਗਰਮੀ ਦੇ-ਦੇ ਕੇ ਉਸ ਨਾੜੀ ਨੂੰ ਖੋਲ੍ਹ ਦਿੰਦੇ ਨੇ। ਜਦੋਂ ਖੁਲ੍ਹੀ ਤਾਂ ਰੀੜ੍ਹ ਦੀ ਹੱਡੀ ਦੇ ਵਿਚ ਹੈ ਹਨ੍ਹੇਰਾ, ਇਹਦੇ ਵਿਚ ਸਵਾਸ ਚਲਿਆ ਜਾਂਦਾ ਹੈ। ਮੂਲਧਾਰ ਚੱਕਰ ਇਹਨੂੰ ਕਹਿੰਦੇ ਨੇ। ਇਹਦੇ ਵਿਚ ਚਾਰ ਫੁੱਲ ਹੁੰਦੇ ਨੇ ਉਸ ਤੋਂ ਬਾਅਦ ਜਦੋਂ ਫੇਰ ਉਤੇ ਖਿੱਚਦੈ

ਸਵਾਸ, ਦੂਸਰਾ ਚੱਕਰ ਹੈ ਉਹਦੇ ਵਿਚ ਛੇ ਫੁੱਲ ਹੁੰਦੇ ਨੇ। ਛੇ ਪੱਤੇ ਨੇ। ਤੀਸਰਾ ਜਿਹੜਾ ਅਧਿਸ਼ਠਾਨ ਚੱਕਰ ਹੈ, ਨਾਭੀ ਦੇ ਵਿਚ, ਉਹਦੇ ਵਿਚ ਅੱਠ ਪੱਤੇ ਹੁੰਦੇ ਨੇ। ਅਨਾਹਤ ਚੱਕਰ ਹਿਰਦੇ ਕੋਲ ਹੁੰਦਾ ਹੈ। ਗਲ ਦੇ ਵਿਚ ਵਿਸ਼ੁੱਧ ਚੱਕਰ ਹੁੰਦੈ। ਦੋ ਭਰਵੱਟਿਆਂ ਦੇ ਵਿਚ ਹੁੰਦੈ, ਆਗਿਆ ਚੱਕਰ। ਇਥੇ ਜੀਵ ਦਾ ਵਾਸਾ ਹੈ। ਗੁਰੂ ਦਾ ਵੀ ਇਥੇ ਵਾਸਾ ਹੈ। ਗੁਰੂ ਇਥੇ ਮਿਲਦੈ। ਇਹ ਪੁਰਾਣੇ ਜ਼ਮਾਨਿਆਂ ਵਿਚ ਰਸਤਾ ਸੀਗਾ ਜਿਹੜਾ ਕਰਦੇ ਸੀ। ਅੱਜਕਲ੍ਹ ਤਾਂ ਕੋਈ ਕਰ ਨਹੀਂ ਸਕਦਾ। ਗੁਰੂ ਮਹਾਰਾਜ ਤਾਂ ਕਹਿੰਦੇ ਨੇ ਕਿ ਇਹ ਰਸਤਾ ਨਹੀਂ ਠੀਕ। ਉਹ ਹੈ ਸੁਰਤ ਤੇ ਸ਼ਬਦ ਦਾ ਮੇਲ। ਜਦੋਂ ਅਸੀਂ ਏਸ ਸਰੀਰ ਦੇ ਵਿਚ ਦਾਖਲ ਹੁੰਦੇ ਹਾਂ ਤਾਂ ਮਹਾਰਾਜ ਕਹਿੰਦੇ, ਬਜਰ ਕਪਾਟ ਆਉਂਦੇ ਨੇ ਮੂਹਰੇ - 'ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥' ਗੁਰੂ ਤੋਂ ਜਦੋਂ ਸ਼ਬਦ ਲੈ ਲਿਆ, ਜਦੋਂ ਉਹਦਾ ਜਾਪ ਕਰੇਂਗਾ, ਉਸ ਵੇਲੇ ਉਹ ਬੱਜਰ ਕਪਾਟ ਖੁੱਲ੍ਹ ਜਾਣਗੇ -

*ਕਾਇਆ ਨਗਰੁ ਨਗਰ ਗੜ ਅੰਦਰਿ ॥*
*ਸਾਚਾ ਵਾਸਾ ਪੁਰਿ ਗਗਨੰਦਰਿ ॥*
*ਅਸਥਿਰੁ ਥਾਨੁ ਸਦਾ ਨਿਰਮਾਇਲੁ*
*ਆਪੇ ਆਪੁ ਉਪਾਇਦਾ ॥ ੧ ॥*
*ਅੰਦਰਿ ਕੋਟ ਛਜੇ ਹਟਨਾਲੇ ॥*
*ਆਪੇ ਲੇਵੈ ਵਸਤੁ ਸਮਾਲੇ ॥*
*ਬਜਰ ਕਪਾਟ ਜੜੇ ਜੜਿ*
*ਜਾਣੈ ਗੁਰ ਸਬਦੀ ਖੋਲਾਇਦਾ ॥ ੨ ॥ ਅੰਗ - ੧੦੩੩*

ਜਦੋਂ ਖੁਲ੍ਹ ਗਿਆ, ਉਪਰ ਚੜ੍ਹਾਈ ਕਰੀ -

*ਭੀਤਰਿ ਕੋਟ ਗੁਫਾ ਘਰ ਜਾਈ ॥*
*ਨਉ ਘਰ ਥਾਪੇ ਹੁਕਮਿ ਰਜਾਈ ॥*
*ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ॥*
*ਅੰਗ - ੧੦੩੩*

ਇਹ ਰਸਤਾ ਵਾਹਿਗੁਰੂ ਤਕ ਜਾ ਪਹੁੰਚਦੈ। ਇਹ ਰਸਤਾ ਪੁਰਾਣੇ ਜ਼ਮਾਨਿਆਂ ਵਿਚ ਚੰਗੀ ਤਰ੍ਹਾਂ ਦਸਿਆ ਜਾਂਦਾ ਸੀ। ਹੁਣ ਨਾ ਕਿਸੇ ਕੋਲ ਸਮਾਂ ਹੈ, ਨਾ ਕਿਸੇ ਨੂੰ ਦੱਸਣ ਦਾ ਪਤੈ, ਨਾ ਕੋਈ ਜਾਣਦਾ ਹੈ, ਇਸ ਵਾਸਤੇ ਸੁਖਾਲਾ ਜਿਹੜਾ, ਗੁਰੂ ਸਾਹਿਬ ਨੇ ਸਾਨੂੰ ਮਾਰਗ ਲਿਆ ਦਿਤਾ -

*ਕਲਿਜੁਗਿ ਨਾਨਕ ਨਾਮੁ ਸੁਖਾਲਾ॥ ਭਾਈ ਗੁਰਦਾਸ ਜੀ*

ਉਹਦੇ ਵਿਚ ਰਹਿਤਾਂ ਹੁੰਦੀਆਂ ਨੇ ਜੇ ਅਸੀਂ ਉਹ ਰਹਿਤਾਂ ਰੱਖ ਲਈਏ। ਸਾਡੀ ਸੁਰਤ ਪਹਿਲਾਂ ਤਾਂ ਇਕੱਠੀ ਹੋਏਗੀ। ਪਹਿਲਾਂ ਤਾਂ ਬਾਹਰ ਖਿੰਡੀ ਫਿਰਦੀ ਹੈ ਸਾਰਿਆਂ ਦੀ ਸੁਰਤ, ਇਕੱਠੀ ਹੁੰਦੀ ਨਹੀਂ। ਸੋ ਇਹਦੇ ਵਿਚ ਪ੍ਰਮੇਸ਼ਰ ਰਹਿੰਦੈ ਲੇਕਿਨ ਜਿਹੜਾ ਹਉਮੈ ਦਾ, ਮੈਂ ਦਾ, ਪਰਦਾ ਪੈ ਗਿਆ, ਉਹਦੇ ਨਾਲ ਪ੍ਰਮੇਸ਼ਰ ਦਾ ਸਾਨੂੰ ਪਤਾ ਨਹੀਂ ਲਗਦਾ। ਮਹਾਰਾਜ ਕਹਿੰਦੇ, ਤੇਰੇ ਵਿਚ ਹੈ -

*ਸਭ ਕਿਛੁ ਘਰ ਮਹਿ ਬਾਹਰਿ ਨਾਹੀ ॥*
*ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥ ਅੰਗ - ੧੦੨*

ਸੋ ਕਹਿਣ ਲੱਗੇ, ਬੀਬਾ! ਤੇਰੇ ਅੰਦਰ ਪ੍ਰਮੇਸ਼ਰ ਦਾ ਪਵਿੱਤਰ ਮੰਦਰ ਹੈ, ਤੂੰ ਇਸ ਨੂੰ ਕਿੰਨਾ ਭ੍ਰਿਸ਼ਟ ਕਰ ਦਿਤਾ। ਤੈਨੂੰ ਅਸੀਂ ਇਕ ਸਾਧਨ ਦਸਦੇ ਹਾਂ, ਉਹਦੇ ਨਾਲ ਤੇਰਾ ਪਾਰ ਉਤਾਰਾ ਹੋ ਜਾਏਗਾ। ਕਹਿਣ ਲੱਗੇ, ਸਾਡਾ ਜਿਹੜਾ ਤੋਤਾ ਹੈ ਇਹ ਤੂੰ ਰੱਖ ਲੈ। ਇਹਨੂੰ ਸਵੇਰੇ ਦੋ ਵਜੇ ਤੋਂ ਰਾਮ ਦਾ ਨਾਮ ਕਹਾਈਂ ਇਹ ਰਾਮ-ਰਾਮ ਕਰਦਾ ਹੈ, ਤੂੰ ਵੀ ਨਾਲ ਹੀ ਕਹੀ ਜਾਈਂ ਰਾਮ-ਰਾਮ-ਰਾਮ-ਰਾਮ। ਤੋਤਾ ਦੇ ਦਿਤਾ ਮਹਾਂਪੁਰਸ਼ਾਂ ਨੇ ਕਹਿੰਦੇ, ਬੀਬਾ! ਜਦੋਂ ਸਮਾਂ ਮਿਲੇ ਸਤਿਸੰਗ ਕਰੀਂ, ਅਸੀਂ ਨੇੜੇ ਹੀ ਰਹਿੰਦੇ ਹਾਂ। ਬਹੁਤੀ ਦੂਰ ਨਹੀਂ ਰਹਿੰਦੇ। ਮਹਾਂਪੁਰਸ਼ ਚਲੇ ਜਾਂਦੇ ਨੇ। ਉਹਨਾਂ ਦੀ ਐਸੀ ਕ੍ਰਿਪਾ ਹੋਈ ਕਿ ਇਹਦਾ ਪਾਪ ਕਰਮਾਂ ਤੋਂ ਜੀਅ ਹੀ ਉਕਤਾ ਗਿਆ। ਇਕ ਦਮ ਆਪਣਾ ਰਵੱਈਆ ਬਦਲ ਲਿਆ ਤੇ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਦੀ ਹੈ, ਤੋਤੇ ਨੂੰ ਉਠ ਕੇ ਰਾਮ-ਰਾਮ ਕਰਾਉਂਦੀ ਹੈ, ਨਾਲ ਆਪ ਬਹਿ ਜਾਂਦੀ ਹੈ ਤੇ ਆਪ ਰਾਮ-ਰਾਮ ਕਰਦੀ ਹੈ। ਇਸੇ ਤਰ੍ਹਾਂ ਰੋਜ਼ ਕਰਨ ਲਗ ਗਈ। ਸਾਧਸੰਗਤ ਜੀ! ਕੋਈ ਵੀ ਕੰਮ ਕਰੋ, ਉਹਦੇ ਵਿਚ ਆਦਮੀ ਦੀ ਤਰੱਕੀ ਹੁੰਦੀ ਹੀ ਰਹਿੰਦੀ ਹੈ। ਜੋ 'ਨਾਮ' ਜਪਣਾ ਹੈ ਇਹ ਪਹਿਲਾਂ ਸ਼ੁਰੂ ਹੁੰਦਾ ਹੈ ਸਤਿਸੰਗ 'ਚ ਆਉਣ ਤੋਂ। ਤੁਸੀਂ ਸਤਿਸੰਗ 'ਚ ਆ ਗਏ। ਇਥੇ ਤੁਹਾਡੇ ਮਨ ਵਿਚ ਆਇਆ ਕਿ ਗੁਰੂ ਤੋਂ ਨਾਮ ਲੈ ਲਈਏ। ਤੁਸੀਂ ਅੰਮ੍ਰਿਤ ਛਕ ਲਿਆ, ਨਾਮ ਮਿਲ ਗਿਆ, ਵਾਹਿਗੁਰੂ। ਉਹ ਕਹਿੰਦੇ ਨੇ ਕਿ ਪਿਆਰਿਆ, ਸਵੇਰੇ ਉਠ ਕੇ ਢਾਈ ਘੰਟੇ ਤੂੰ ਪ੍ਰਮੇਸ਼ਰ ਦਾ ਨਾਮ ਜਪੀਂ। ਪੰਜ ਬਾਣੀਆਂ ਦਾ ਪਾਠ ਕਰੀਂ। ਉਹ ਪਾਠ ਕਰਦੈ। ਫੇਰ ਨਾਮ ਅਸੀਂ ਜਪਦੇ ਹਾਂ - ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ। ਮਾਲਾ ਦੀ ਮਦਦ ਦੇ ਨਾਲ ਢਾਈ ਮਾਲਾ ਪੱਕੀਆਂ ਰੋਜ਼ ਦਾ ਨੇਮ ਚਾਹੀਦੈ, ਸਿੱਖ ਦਾ। ਉਹਦੇ ਨਾਲ ਕੀ ਹੋਏਗਾ, ਨਾਮ ਜਿਹੜਾ ਹੈ, ਇਹ ਸੂਖਸ਼ਮ ਹੋ ਕੇ ਅੰਦਰ ਹੋਣ ਲਗ ਜਾਂਦੈ। ਅੰਦਰ ਆਇਆ ਤਾਂ ਸਵਾਸਾਂ 'ਤੇ ਆਉਣ ਲਗ ਜਾਂਦੈ। ਮਹਾਰਾਜ ਕਹਿੰਦੇ -

*ਸਾਸਿ ਸਾਸਿ ਸਿਮਰਹੁ ਗੋਬਿੰਦ ॥* *ਅੰਗ - ੨੯੫*

ਅੰਦਰ ਨੂੰ ਸਾਹ ਜਾਂਦੈ, ਬਾਹਰ ਨੂੰ ਆਉਂਦੈ। ਇਹਦਾ ਤਰੀਕਾ ਹੁੰਦੈ। ਕੋਈ ਕਰ ਲਓ। ਮੈਂ ਤਾਂ ਖੁੱਲ-ਮ-ਖੁਲ੍ਹਾ ਹੀ ਦਸ ਦਿੰਦਾ ਹੁੰਦਾ। ਅੰਦਰ ਨੂੰ ਸਵਾਸ ਜਾਂਦੈ 'ਵਾਹਿ' ਕਹੋ, ਬਾਹਰ ਨੂੰ ਆਉਂਦੈ, 'ਗੁਰੂ' ਕਹੋ। ਕਰਨ ਵਾਲੇ ਚਾਹੀਦੇ ਨੇ। ਨਹੀਂ ਤਾਂ ਗੱਲ ਲੰਘ ਜਾਂਦੀ ਹੈ। ਇਸ ਤਰ੍ਹਾਂ ਕਰਦੇ ਹੋਏ ਫੇਰ ਬਿਰਤੀ ਹੋਰ ਇਕਾਗਰ ਹੋ ਜਾਂਦੀ ਹੈ। ਫੇਰ ਸਵਾਸ ਦਾ ਵੀ ਖਿਆਲ ਹਟ ਜਾਂਦੈ, ਆਪੇ ਹੀ ਨਾਮ ਦੀ ਧੁਨੀ ਬਣ ਜਾਂਦੀ ਹੈ। ਧੁਨੀ ਦੇ ਵਿਚ ਧਿਆਨ ਲਾਉਣੈ -

*ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ*
*ਗੁਰਮੁਖਿ ਅਕਥ ਕਹਾਨੀ ॥* *ਅੰਗ - ੮੭੯*

ਸੋ ਇਸ ਤਰ੍ਹਾਂ ਫੇਰ ਤਰੱਕੀ ਕਰਦੈ, ਨਾਮ ਫੇਰ ਆਗਿਆ ਚੱਕਰ 'ਚ ਆ ਜਾਂਦੈ, ਤ੍ਰਿਕੁਟੀ ਤੋਂ ਲੰਘ ਜਾਂਦੈ। ਦਸਵੇਂ ਦੁਆਰ 'ਚ ਪਹੁੰਚ ਜਾਂਦੈ। ਸਾਨੂੰ ਉਹ ਚੱਕਰ ਤੋੜਨ ਦੀ ਲੋੜ ਨਹੀਂ ਹੈ। ਸਾਨੂੰ ਸਿੱਧਾ ਹੀ ਸੁਰਤਿ ਸਬਦਿ ਦਾ ਮਾਰਗ ਮਹਾਰਾਜ ਨੇ ਦਿਤਾ ਹੋਇਆ ਹੈ।

ਸੋ ਆਹ ਉਪਦੇਸ਼ ਦੇ ਕੇ ਮਹਾਂਪੁਰਸ਼ -

*ਦੁਰਮਤਿ ਦੇਖਿ ਦਇਆਲ ਹੋਇ*
*ਹਥਹੁ ਉਸਨੋ ਦਿਤੋਸੁ ਤੋਤਾ।*
*ਰਾਮ ਨਾਮੁ ਉਪਦੇਸ ਕਰਿ ਖੇਲਿ ਗਇਆ ਦੇ ਵਣਜੁ ਸਓਤਾ।*
*ਭਾਈ ਗੁਰਦਾਸ ਜੀ*

ਹੁਣ ਉਹ ਬਚਨ ਦੀ ਪੱਕੀ ਸੀ। ਅੰਮ੍ਰਿਤ ਵੇਲੇ ਉਠਣਾ, ਇਕ ਵਾਰੀ ਉਹਨੇ ਰਾਮ ਕਹਿਣਾ, ਇਕ ਵਾਰ ਤੋਤੇ ਨੇ। ਇਸ ਤਰ੍ਹਾਂ ਢਾਈ ਘੰਟੇ ਦਿਨ ਚੜ੍ਹਦੇ ਤਕ ਬੈਠੀ ਰਹਿੰਦੀ ਸੀ। ਕਦੇ ਤਿੰਨ ਘੰਟੇ ਲੰਘ ਜਾਣ, ਕਦੇ ਜ਼ਿਆਦਾ ਵੀ।

ਜਦੋਂ ਪ੍ਰਮੇਸ਼ਰ ਦਾ ਨਾਮ ਜਪੀਦੈ, ਫੇਰ ਇਹਦਾ ਰਸ ਅੰਦਰ ਆਉਣਾ ਸ਼ੁਰੂ ਹੋ ਜਾਂਦੈ। ਜੇ ਕਿਸੇ ਦਿਨ ਨਾ ਜਪੋ ਤਾਂ ਤੋੜ ਲਗ ਜਾਂਦੀ ਹੈ -

*ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ ॥*
*ਅੰਗ - ੧੩੭੯*

*ਆਖਾ ਜੀਵਾ ਵਿਸਰੈ ਮਰਿ ਜਾਉ ॥* *ਅੰਗ - ੯*

ਸੋ ਉਸ ਤੋਂ ਬਾਅਦ ਹੌਲੀ-ਹੌਲੀ ਤਰੱਕੀ ਕਰਦੇ-ਕਰਦੇ ਨਾਮ ਧੁਨ ਅੰਦਰ ਹੋ ਜਾਂਦੀ ਹੈ, ਪ੍ਰਕਾਸ਼ ਆ ਜਾਂਦੈ, ਅਨਹਦ ਵਾਜੇ ਸ਼ੁਰੂ ਹੋ ਜਾਂਦੇ ਨੇ, ਲਗਨ ਦੇ ਨਾਲ ਜਪਦਾ ਹੋਇਆ ਆਦਮੀ ਦਸਵੇਂ ਦੁਆਰ ਤਕ ਪਹੁੰਚ ਜਾਂਦੈ -

*ਗੁਰਮੁਖਿ ਅੰਤਰਿ ਸਹਜੁ ਹੈ*
*ਮਨੁ ਚੜਿਆ ਦਸਵੈ ਆਕਾਸਿ ॥*
*ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥*
*ਨਾਨਕ ਦੁਖੁ ਸੁਖੁ ਵਿਆਪਤ ਨਹੀ*
*ਜਿਥੈ ਆਤਮ ਰਾਮ ਪ੍ਰਗਾਸੁ ॥* *ਅੰਗ - ੧੪੧੪*

ਸੋ ਇਸ ਤਰ੍ਹਾਂ ਇਹਦੀ ਅਵਸਥਾ ਉਪਰ ਚੜ੍ਹ ਗਈ। ਪ੍ਰਕਾਸ਼ ਹੋ ਗਿਆ ਅੰਦਰ।

*ਲਿਵ ਲਾਗੀ ਤਿਸੁ ਤੋਤਿਅਹੁ ਨਿਤ ਪੜ੍ਹਾਏ ਕਰੇ ਅਸੋਤਾ।*
*ਪਤਿਤ ਉਧਾਰਣੁ ਰਾਮ ਨਾਮ ਦੁਰਮਤਿ ਪਾਪ ਕਲੇਵਰੁ ਧੋਤਾ।*
*ਭਾਈ ਗੁਰਦਾਸ ਜੀ*

ਕਿੰਨੇ ਹੀ ਪਾਪ ਕਰੇ ਹੋਣ, ਉਹਨਾਂ ਦਾ ਇਲਾਜ ਪ੍ਰਮੇਸ਼ਰ ਦਾ ਨਾਮ ਹੈ -

*ਭਰੀਐ ਮਤਿ ਪਾਪਾ ਕੈ ਸੰਗਿ ॥*
*ਓਹੁ ਧੋਪੈ ਨਾਵੈ ਕੈ ਰੰਗਿ ॥* *ਅੰਗ - ੪*

ਨਾਮ ਜਪ ਕੇ ਧੋ ਲੈ। ਸੋ ਇਸ ਤਰ੍ਹਾਂ ਕਰਦੀ-ਕਰਦੀ ਨੂੰ ਬਹੁਤ ਸਮਾਂ ਹੋ ਗਿਆ। ਲਿਵ ਲਗ ਗਈ ਅੰਦਰ। ਦਿਨ ਵੀ, ਰਾਤ ਵੀ, ਹਰ ਵਕਤ ਉਹਦੀ ਸੁਰਤੀ ਨਾਮ 'ਚ ਰਹਿੰਦੀ ਹੈ। ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਸਹਿਜ ਸਮਾਧ ਲਗੀ ਲਿਵ ਅੰਤਰ,*
*ਸੋ ਰਸ ਸੋਈ ਜਾਨੈ।*

*ਸਹਜ ਸਮਾਧਿ ਲਗੀ ਲਿਵ ਅੰਤਰਿ*
*ਸੋ ਰਸੁ ਸੋਈ ਜਾਣੈ ਜੀਉ ॥* *ਅੰਗ - ੧੦੬*

ਜਿਹਦੀ ਸਮਾਧ ਲਗਦੀ ਹੈ ਉਸ ਨੂੰ ਹੀ ਪਤਾ ਲਗਦੈ। ਸੋ ਲਿਵ ਦੀ ਅਵਸਥਾ ਤਕ ਪਹੁੰਚ ਗਈ। ਨਾਮ ਨੇ ਸਾਰੇ ਪਾਪ ਕੱਟ ਦਿਤੇ। ਅੰਦਰ ਪ੍ਰਕਾਸ਼ ਹੋ ਗਿਆ। ਅੰਦਰਲੀਆਂ ਖੇਲ੍ਹਾਂ ਹੋ ਰਹੀਆਂ ਨੇ। ਅਨਹਦ ਵਾਜੇ ਵੱਜ ਰਹੇ ਨੇ। ਪ੍ਰਕਾਸ਼ ਦਿਸ ਰਹੇ ਨੇ। ਸੁਰਤੀ ਚੜ੍ਹ ਜਾਂਦੀ ਹੈ, ਸਮਾਧੀ ਲਗ ਜਾਂਦੀ ਹੈ। ਤੋਤਾ ਬੋਲ-ਬੋਲ ਕੇ ਹਟ ਜਾਂਦੈ। ਸੋ ਐਸੀ ਅਵਸਥਾ ਨਾਮ ਜਪਣ ਨਾਲ ਇਸ ਪਾਪਣ ਦੀ ਹੋ ਗਈ। ਪਾਪ ਝੜ ਗਏ, ਜਿਹਨੇ ਵੀ ਨਾਮ ਜਪਿਆ।

ਬਾਲਮੀਕ ਬੰਦੇ ਮਾਰਦਾ ਹੁੰਦਾ ਪਰ ਜਦੋਂ ਸਾਧੂ ਮਿਲ ਗਏ, ਉਹਨਾਂ ਨੇ ਉਪਦੇਸ਼ ਦੇ ਦਿਤਾ। ਉਹਨੇ ਕਮਾਈ ਕੀਤੀ, ਦੇਖੋ ਅੱਜ ਸਾਰੀ ਦੁਨੀਆਂ 'ਚ ਮਸ਼ਹੂਰ ਹੈ ਬਾਲਮੀਕ। ਦੋ ਬਾਲਮੀਕ ਹੋਏ ਨੇ। ਇਕ ਬਾਲਮੀਕ ਤਾਂ ਉਹ ਸੀ ਜਿਹੜੇ ਬ੍ਰਾਹਮਣ ਸੀ। ਉਹਨਾਂ ਕੋਲ ਸੀਤਾ ਜੀ ਰਹੇ ਸੀ, ਲਵ ਤੇ ਕੁਸ਼ ਨੂੰ ਲੈ ਕੇ। ਇਕ ਬਾਲਮੀਕ ਦਿੱਲੀ ਦੇ ਰਹਿਣ ਵਾਲੇ ਸੀ। ਉਹ ਚੰਡਾਲ ਜਾਤੀ ਦੇ ਸੀ। ਮਹਾਰਾਜ ਕਹਿੰਦੇ -

*ਰੇ ਚਿਤ ਚੇਤਿ ਚੇਤ ਅਚੇਤ ॥*
*ਕਾਹੇ ਨ ਬਾਲਮੀਕਹਿ ਦੇਖ ॥*
*ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ*
*ਰਾਮ ਭਗਤਿ ਬਿਸੇਖ ॥* *ਅੰਗ - ੧੧੨੪*

ਜਿਹਦੇ ਕੋਈ ਨੇੜੇ ਨਹੀਂ ਸੀ ਲਗਦਾ, ਪਰਛਾਵੇਂ ਤੋਂ ਵੀ ਡਰਦੇ ਸੀ, ਪਰ ਜਦੋਂ ਉਹਨੇ ਪ੍ਰਮੇਸ਼ਰ ਦਾ ਨਾਮ ਜਪਿਆ, ਪਾਂਡਵਾਂ ਦਾ ਯੱਗ ਉਹਦੇ ਆਏ ਬਿਨਾਂ ਸੰਪੂਰਨ ਨਾ ਹੋਇਆ। ਜਦੋਂ ਉਹਨੂੰ ਬੁਲਾ ਕੇ ਲਿਆਏ, ਕ੍ਰਿਸ਼ਨ ਮਹਾਰਾਜ ਨੇ ਉਹਦੇ ਚਰਨ ਧੋਤੇ ਤੇ ਜੂਠੀ ਪੱਤਲ ਚੁੱਕੀ। ਫੇਰ ਸੰਖ ਵੱਜਿਆ। ਕਹਿੰਦੇ, ਦੇਖੋ, ਕਿੱਥੇ ਪਹੁੰਚ ਗਿਆ ਨ,ਾਮ ਜਪ ਕੇ। ਸੋ ਨਾਮ ਦੀ ਮਹਿਮਾ ਬਹੁਤ ਵੱਡੀ ਹੈ, ਸਾਧਸੰਗਤ ਜੀ। ਅਸੀਂ ਤਾਂ ਅਵੇਸਲੇ ਹਾਂ ਇਸ ਤੋਂ। ਜਪਦਾ ਹੀ ਨਹੀਂ ਕੋਈ। ਪਤਾ ਹੀ ਨਹੀਂ ਨਾਮ ਜਪਣ ਦਾ। ਉਤਲਾ-ਉਤਲਾ ਜੀਵਨ ਰਹਿ ਗਿਆ। ਅੰਦਰਲਾ ਤਾਂ ਖਤਮ ਹੀ ਹੋ ਗਿਆ। ਪਹਿਲੇ ਜ਼ਮਾਨਿਆਂ 'ਚ ਨਾਮ ਜਪਦੇ ਸੀ ਲੋਕ। ਬਹਿੰਦੇ ਹੁੰਦੇ ਸੀ ਜਾ ਕੇ। ਰੋਹੀਆਂ 'ਚ ਵੀ ਬਹਿੰਦੇ ਸੀ ਜਾ ਕੇ ਕਿ ਭਜਨ ਕਰ ਲਈਏ।

ਸੋ ਗਨਕਾ ਨਾਮ ਜਪ-ਜਪ ਕੇ ਲਿਵ ਦੀ ਅਵਸਥਾ 'ਚ ਪਹੁੰਚ ਗਈ। ਜਿਵੇਂ ਸਾਬਣ ਲਾਉਣ ਦੇ ਨਾਲ ਕੱਪੜਾ ਨਿਰਮਲ ਹੋ ਜਾਂਦੈ ਇਸ ਤਰ੍ਹਾਂ ਨਾਮ ਜਪਣ ਦੇ ਨਾਲ ਸਾਰੀ ਮੈਲ ਧੋਤੀ ਗਈ -

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ ॥*
*ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥*
*ਅੰਗ - ੬੫੧*

ਮੱਤ ਬਦਲ ਗਈ। ਉਲਟੀ ਮੱਤ ਬਦਲ ਕੇ ਨਿਰਮਲ ਮੱਤ ਪੈਦਾ ਹੋਈ। ਸੋ ਹੁਣ ਜਪਦੀ-ਜਪਦੀ ਦੇ ਨਾਲ ਇਕ ਦਿਨ ਇਸ ਤਰ੍ਹਾਂ ਹੋਇਆ ਕਿ ਭਾਦੋਂ ਦਾ ਮਹੀਨਾ ਸੀ, ਗਰਮੀ ਬਹੁਤ ਜ਼ਿਆਦਾ ਸੀ। ਇਹਨੇ ਤੋਤੇ ਨੂੰ ਰੋਜ਼ ਵਾਂਗੂੰ ਉਹਦੀ ਖੁਰਾਕ ਖਲਾ ਕੇ ਖਿੜਕੀ ਲਾਉਣੀ ਭੁੱਲ ਗਈ ਰਾਤ ਨੂੰ। ਰਾਤ ਨੂੰ ਕੋਈ ਕਾਲਾ ਨਾਗ ਆ ਗਿਆ। ਉਹ ਪਿੰਜਰੇ 'ਚ ਚੜ੍ਹ ਗਿਆ ਤੇ ਉਹਨੇ ਤੋਤਾ ਖਾ ਲਿਆ। ਇਹ ਆਪਣੇ ਨੇਮ ਦੇ ਨਾਲ ਦੋ ਵਜੇ ਉੱਠੀ, ਇਸ਼ਨਾਨ ਕਰਿਆ, ਚੌਂਕੜਾ ਮਾਰ ਕੇ ਆਵਾਜ਼ ਮਾਰੀ। ਗੰਗਾ ਰਾਮਾ, ਰਾਮ-ਰਾਮ। ਉਹਨੂੰ ਹੁਣ ਲੋੜ ਨਹੀਂ ਸੀ ਗੰਗਾ ਰਾਮ ਨੂੰ ਕਹਿਣ ਦੀ। ਕਿਉਂਕਿ ਉਹਦੀ ਬਿਰਤੀ ਐਸੀ ਹੋ ਗਈ ਸੀ ਕਿ ਉਹ ਰਾਮ ਦੇ ਨਾਮ ਤੋਂ ਬਗੈਰ ਜਿਉਂਦੀ ਹੀ ਨਹੀਂ ਸੀ ਰਹਿੰਦੀ -

*ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥*
*ਨਾਨਕ ਅਵਰੁ ਨ ਜੀਵੈ ਕੋਇ ॥* *ਅੰਗ - ੧੪੨*

ਨਾਮ ਉਹਦਾ ਜੀਵਨ ਬਣ ਗਿਆ ਸੀ। ਹਰ ਵਕਤ ਨਾਮ ਵਿਚ ਰਹਿੰਦੀ ਸੀ ਕਿਉਂਕਿ ਮਹਾਤਮਾ ਦਾ ਹੁਕਮ ਸੀ ਕਿ ਉਹਦੇ ਨਾਲ ਜਪੀਂ। ਉਹਨੇ ਅਵਾਜ਼ ਦੇ ਦਿਤੀ। ਉਹ ਬੋਲਿਆ ਹੀ ਨਾ। ਦੂਜੀ ਅਵਾਜ਼ ਦਿਤੀ, ਫੇਰ ਨਾ ਬੋਲਿਆ, ਤੀਜੀ ਅਵਾਜ਼ ਦਿਤੀ, ਫੇਰ ਵੀ ਨਾ ਬੋਲਿਆ। ਨੇੜੇ ਪਿੰਜਰਾ ਸੀ ਸਹਿਜ ਸੁਭਾਅ ਹੱਥ ਮਾਰਿਆ। ਹੱਥ ਮਾਰਿਆ ਤਾਂ ਉਥੇ ਸੱਪ ਸੀਗਾ, ਸੱਪ ਨੇ ਡੰਗ ਮਾਰਿਆ। ਇਕ ਦਮ ਜ਼ਹਿਰ ਚੜ੍ਹ ਗਈ। ਜ਼ਹਿਰ ਚੜ੍ਹਨ ਦੇ ਨਾਲ ਇਹਦਾ ਅੰਤ ਸਮਾਂ ਆ ਗਿਆ। ਕਈ ਪ੍ਰੇਮੀ ਇਹ ਕਹਿੰਦੇ ਨੇ ਕਿ ਅੰਤ ਦੇ ਸਮੇਂ ਇਹਦੇ ਮੂੰਹ ਵਿਚ ਰਾਮ-ਰਾਮ ਸੀ। ਇਸ ਕਰਕੇ ਜਮਦੂਤਾਂ ਨੂੰ ਪਰੇ ਮਾਰਿਆ ਹਰੀਜਨਾਂ ਨੇ। ਉਹ ਵੀ ਠੀਕ ਹੈ। ਪਰ ਭਾਈ ਗੁਰਦਾਸ ਜੀ ਇਥੇ ਲਿਖਦੇ ਹਨ ਕਿ ਉਹ ਲਿਵ ਦੀ ਅਵਸਥਾ ਵਿਚ ਪਹੁੰਚੀ ਹੋਈ ਸੀ। ਲਿਵ ਦੀ ਅਵਸਥਾ ਵਿਚ ਪਹੁੰਚੀ ਹੋਈ ਦੀ ਗਤੀ ਨੇਕ ਹੀ ਹੋਣੀ ਹੈ। ਉਹਨੇ ਤਾਂ ਪ੍ਰਮੇਸ਼ਰ ਦੇ ਦਰ 'ਤੇ ਹੀ ਜਾਣਾ ਹੈ। ਬਾਕੀ ਆਮ ਦੁਨੀਆਂ ਨੂੰ ਕਹਿੰਦੇ ਨੇ ਕਿ ਸੱਪ ਲੜ ਕੇ ਮਰੇ ਦੀ, ਪਾਣੀ 'ਚ ਡੁੱਬ ਕੇ ਮਰੇ ਦੀ, ਗਤੀ ਨਹੀਂ ਹੁੰਦੀ। ਪਰ ਪ੍ਰਮੇਸ਼ਰ ਦੇ ਨਾਮ ਦੇ ਮੂਹਰੇ ਇਹ ਕੋਈ ਵੀ ਅਸੂਲ ਨਹੀਂ ਹੋਇਆ ਕਰਦਾ। ਸੋ ਜਿਸ ਵਕਤ ਉਹਦਾ ਅੰਤ ਸਮਾਂ ਆਇਆ, ਭਾਈ ਗੁਰਦਾਸ ਜੀ ਲਿਖਦੇ ਨੇ ਕਿ ਬਬਾਣ ਉਸੇ ਵੇਲੇ ਆ ਗਏ। ਉਹ ਬੈਕੁੰਠ ਧਾਮ, ਸਭ ਤੋਂ ਉੱਚੀ ਅਵਸਥਾ ਵਿਚ ਪਹੁੰਚ ਜਾਂਦੀ ਹੈ। ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਗਨਕਾ ਚੱਲੀ ਐ ਬਵਾਨਾਂ ਉਤੇ ਬੈਠ ਕੇ,*
*ਪਾਪਾਂ ਦਾ ਪਹਾੜ ਢਹਿ ਗਿਆ।*

*ਅੰਤਕਾਲੁ ਜਮ ਜਾਲੁ ਤੋੜਿ ਨਰਕੈ ਵਿਚਿ ਨ ਖਾਧੋਸੁ ਗੋਤਾ।*
*ਗਈ ਬੈਕੁੰਠ ਬਿਬਾਣਿ ਚੜਿ*
*ਨਾਉ ਨਾਰਾਇਣੁ ਛੋਤਿ ਅਛੋਤਾ।* *ਭਾਈ ਗੁਰਦਾਸ ਜੀ*

ਸੋ ਪ੍ਰਮੇਸ਼ਰ ਦੇ 'ਨਾਮ' ਨੂੰ ਮਹਾਰਾਜ ਕਹਿੰਦੇ ਨੇ ਕਿ ਤੁਸੀਂ ਇਹਦੀ ਸ਼ਰਨ ਵਿਚ ਆਓ, ਭਾਈ।

*ਮਨ ਰੇ ਪ੍ਰਭ ਕੀ ਸਰਨਿ ਬਿਚਾਰੋ॥*
*ਜਿਹ ਸਿਮਰਤ ਗਨਕਾ ਸੀ ਉਧਰੀ*
*ਤਾ ਕੋ ਜਸੁ ਉਰ ਧਾਰੋ ॥* *ਅੰਗ - ੬੩੨*

ਸੋ ਕਲਜੁਗ ਦੇ ਵਿਚ 'ਨਾਮ' ਇਕੋ ਇਕ ਸਾਧਨ ਹੈ, ਸਾਧਸੰਗਤ ਜੀ, ਜਿਹੜਾ ਸ੍ਰੀ ਗੁਰੂ ਨਾਨਕ ਦੇਵ ਜੀ ਲੈ ਕੇ ਆਏ ਨੇ। ਮਹਾਰਾਜ ਕਹਿੰਦੇ, ਮੈਂ ਕੋਈ ਰਾਜਨੀਤਿਕ ਗੱਲਾਂ ਨਹੀਂ ਲੈ ਕੇ ਆਇਆ। ਕੋਈ

ਸਾਇੰਸ ਦੀਆਂ ਥਿਊਰੀਆਂ ਨਹੀਂ ਲੈ ਕੇ ਆਇਆ। ਮੇਰੇ ਕੋਲ ਤਾਂ ਕੇਵਲ ਨਾਮ ਹੈ -

*ਨਾਨਕ ਕੈ ਘਰਿ ਕੇਵਲ ਨਾਮੁ ॥ ਅੰਗ - ੧੧੩੬*

ਸੋ ਇਹ ਕਲਜੁਗ ਦਾ ਸਮਾਂ ਹੈ, ਕਲਜੁਗ ਦੇ ਸਮੇਂ ਵਿਚ ਹੋਰ ਕੋਈ ਕਰਮ-ਧਰਮ ਨਹੀਂ ਚਲਦਾ। ਕੀ ਔਖਾ ਹੈ? ਗੁਰੂ ਵਾਲੇ ਬਣ ਜਾਓ। ਅੰਮ੍ਰਿਤ ਵੇਲੇ ਜਾਗਿਆ ਕਰੋ -

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥ ਅੰਗ - ੩੦੫*

ਉਦਮ ਕਰਕੇ ਉਠੇ, ਇਸ਼ਨਾਨ ਕਰੇ, ਉਸ ਤੋਂ ਬਾਅਦ ਜਿਹੜਾ ਗੁਰਮੰਤ੍ਰ ਦਿਤਾ ਹੈ, ਉਹਦੀ ਅਰਾਧਨਾ ਕਰੇ -

*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ.........॥*
*ਅੰਗ - ੩੦੫*

ਜਦੋਂ ਉਹ ਜਪੇਗਾ, ਫੇਰ ਉਹਦਾ ਨਤੀਜਾ ਕੀ ਹੋਏਗਾ -

*........ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*
*ਅੰਗ - ੩੦੫*

ਇਕ ਵੀ ਪਾਪ ਨਹੀਂ ਰਹੇਗਾ। ਮਨ ਨਿਰਮਲ ਹੋ ਜਾਏਗਾ -

*ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ ॥*
*ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥*
*ਅੰਗ - ੧੩੬੭*

ਫੇਰ ਕਹਿੰਦੇ -

*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*
*ਅੰਗ - ੩੦੫*

ਦਿਨ ਚੜ੍ਹ ਗਿਆ, ਬਾਣੀ ਪੜ੍ਹੋ। ਫੇਰ ਧਿਆਨ ਰੱਖੋ ਵਾਹਿਗੁਰੂ ਦੇ ਨਾਮ ਦਾ -

*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ ॥ ਅੰਗ - ੩੦੫*

ਜਿਹਦਾ ਸਾਹ ਖਾਲੀ ਨਹੀਂ ਨਾ ਜਾਂਦਾ, ਹਰ ਵਕਤ ਨਾਮ ਦੀ ਧੁਨ ਅੰਦਰ ਸੁਣਦਾ ਰਹਿੰਦਾ, ਹਰ ਸਵਾਸ ਦੇ ਵਿਚ ਨਾਮ ਦੇ ਨਾਲ ਲੱਗਿਆ ਰਹਿੰਦਾ ਹੈ, ਮਹਾਰਾਜ ਕਹਿੰਦੇ, ਉਹਦੇ ਉਤੇ ਗੁਰੂ ਖੁਸ਼ ਹੋ ਜਾਂਦੈ। ਗੁਰੂ ਖੁਸ਼ ਹੋ ਕੇ ਫੇਰ -

*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥ ਅੰਗ - ੩੦੬*

ਜੀਵ ਤੇ ਬ੍ਰਹਮ ਦੀ ਏਕਤਾ ਦਾ ਉਪਦੇਸ਼ ਫੇਰ ਗੁਰੂ ਦਿੰਦੈ, ਉਸ ਨੂੰ। ਫੇਰ ਉਹਨੂੰ ਕਹਿੰਦੈ ਕਿ ਤੂੰ ਆਪ ਵੀ ਨਾਮ ਜਪ ਤੇ ਸੰਸਾਰ ਨੂੰ ਵੀ ਜਪਾ। ਪਦਵੀ ਕਿੱਡੀ ਹੋ ਜਾਂਦੀ ਹੈ -

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ਅੰਗ - ੩੦੬*

ਸੋ ਇਸ ਕਰਕੇ ਇਹ ਜੋ ਮੈਂ ਬੇਨਤੀ ਕੀਤੀ ਹੈ, ਇਸਨੂੰ ਯਾਦ ਰੱਖਿਓ -

*ਧਾਰਨਾ - ਕਲੂ ਆਇਓ ਰੇ ਇਕ ਨਾਮ ਬੀਜ ਲਓ।*
*ਅਬ ਕਲੂ ਆਇਓ ਰੇ ॥ ਇਕੁ ਨਾਮੁ ਬੋਵਹੁ ਬੋਵਹੁ ॥*
*ਅਨ ਰੂਤਿ ਨਾਹੀ ਨਾਹੀ ॥*
*ਮਤੁ ਭਰਮਿ ਭੂਲਹੁ ਭੂਲਹੁ ॥ ਅੰਗ - ੧੧੮੫*

ਸੋ ਇਹ ਨਾਮ ਮਿਲਦਾ ਹੈ, ਗੁਰੂ ਤੋਂ -

*ਜਿਸੁ ਵਖਰ ਕਉ ਲੈਨਿ ਤੂ ਆਇਆ ॥*
*ਰਾਮ ਨਾਮੁ ਸੰਤਨ ਘਰਿ ਪਾਇਆ ॥ ਅੰਗ - ੨੮੩*

ਇਹਦਾ ਮੁੱਲ ਕੀ ਦੇਣਾ ਪੈਂਦੈ? ਅਭਿਮਾਨ ਛੱਡ ਦੇ -

*ਤਜਿ ਅਭਿਮਾਨੁ ਲੇਹੁ ਮਨ ਮੋਲਿ ॥*
*ਰਾਮ ਨਾਮੁ ਹਿਰਦੇ ਮਹਿ ਤੋਲਿ ॥ ਅੰਗ - ੨੮੩*

ਫੇਰ ਖੇਪ ਭਰ ਲੈ। ***'ਲਾਦਿ ਖੇਪ'*** ਇਕੱਲਾ ਨਾ ਜਾਈਂ, ਡਾਕੂ ਲੁੱਟ ਲੈਣਗੇ। ***'ਸੰਤਹ ਸੰਗਿ ਚਾਲੁ।'*** ਸੰਤਾਂ ਦੀ ਸੰਗਤ ਕਰ, ਉਹਨਾਂ ਦੇ ਪ੍ਰਵਚਨ ਸੁਣ, ਉਹਨਾਂ ਦੇ ਸਤਿਸੰਗਾਂ 'ਚ ਜਾਹ। ਤੇਰਾ ਮਨ ਅੱਜ ਹੋਰ, ਕੱਲ੍ਹ ਹੋਰ, ਹੌਲੀ-ਹੌਲੀ ਬੰਦਗੀ ਕਰਨ ਦੇ ਕਾਬਲ ਹੋ ਜਾਏਗਾ।

*ਲਾਦਿ ਖੇਪ ਸੰਤਹ ਸੰਗਿ ਚਾਲੁ ॥*
*ਅਵਰ ਤਿਆਗਿ ਬਿਖਿਆ ਜੰਜਾਲ ॥ ਅੰਗ - ੨੮੩*

ਬਾਕੀ ਜਿੰਨੇ ਵੀ ਤੂੰ ਫਾਲਤੂ ਕੰਮ ਕਰ ਰਿਹੈਂ ਉਹ ਛੱਡ ਦੇ ਸਾਰੇ। ਇਥੋਂ ਸੰਸਾਰ ਤੋਂ ਸਭ ਨੇ ਜਾਣਾ ਹੈ। ਇਕਨਾਂ ਨੂੰ ਲਾਹਨਤਾਂ ਪੈਂਦੀਆਂ ਜਾਣੀਆਂ ਨੇ ਇਕਨਾਂ ਦੀ ਧੰਨ-ਧੰਨ ਹੁੰਦੀ ਜਾਣੀ ਹੈ।

*ਧੰਨਿ ਧੰਨਿ ਕਹੈ ਸਭੁ ਕੋਇ ॥*
*ਮੁਖ ਊਜਲ ਹਰਿ ਦਰਗਹ ਸੋਇ ॥*
*ਇਹੁ ਵਾਪਾਰੁ ਵਿਰਲਾ ਵਾਪਾਰੈ ॥*
*ਨਾਨਕ ਤਾ ਕੈ ਸਦ ਬਲਿਹਾਰੈ ॥ ਅੰਗ - ੨੮੩*

ਸੌ ਵਾਰੀ ਬਲਿਹਾਰ ਜਾਂਦੇ ਹਾਂ, ਜਿਹੜਾ ਗੁਰਸਿੱਖ

*(ਬਾਕੀ ਪੰਨਾ 55 'ਤੇ)*

# ਸਜਣ ਮੇਰੇ ਰੰਗੁਲੇ..........॥

## (ਪਿਆਰੇ ਮਹਾਂਪੁਰਸ਼ ਸਚਖੰਡ ਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ ਦਾ ਨੂਰਾਨੀ ਜੀਵਨ)

*ਸੰਤ ਬਾਬਾ ਲਖਬੀਰ ਸਿੰਘ ਜੀ*
*ਮੌਜੂਦਾ ਮੁਖੀ, ਟਰੱਸਟ ਰਤਵਾੜਾ ਸਾਹਿਬ*

*ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥ ਅੰਗ - ੩੯੭*

*ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥*
*ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥ ਅੰਗ - ੮੪੬*

*ਨਾਨਕ ਨਾਮ ਚੜ੍ਹਦੀ ਕਲਾ,*
*ਤੇਰੇ ਭਾਣੇ ਸਰਬੱਤ ਦਾ ਭਲਾ।*
*ਜਨਮ ਮਰਣ ਦੁਹਹੂ ਮਹਿ ਨਾਹੀ*
*ਜਨ ਪਰਉਪਕਾਰੀ ਆਏ ॥*
*ਜੀਅ ਦਾਨੁ ਦੇ ਭਗਤੀ ਲਾਇਨਿ*
*ਹਰਿ ਸਿਉ ਲੈਨਿ ਮਿਲਾਏ ॥ ਅੰਗ - ੭੪੯*

*ਤਰਵਰੁ ਸਰਵਰੁ ਸੰਤ ਜਨ ਚਉਥੈ ਬਾਦਲ ਮੇਹ।*
*ਪਰਉਪਕਾਰ ਕਾਰਨੇ ਚੌਹਾਂ ਧਾਰੀ ਦੇਹ।*

*ਜਿਉ ਜਲ ਤਰੰਗ ਉਠਹਿ ਬਹੁ ਭਾਤੀ*
*ਫਿਰਿ ਸਲਲੈ ਸਲਲ ਸਮਾਇਦਾ ॥ ਅੰਗ- ੧੦੭੬*

ਗੁਰੂ ਪਿਆਰੀ ਸਾਧਸੰਗਤ ਜੀਓ! ਆਓ! ਸਭ ਮਾਈ ਭਾਈ, ਖੰਡਾਂ ਬ੍ਰਹਿਮੰਡਾਂ ਦੇ ਮਾਲਕ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੀਸ ਝੁਕਾਈਏ। ਹੱਥ ਜੋੜ ਕੇ ਫਤਹਿ ਦਾ ਸਿਮਰਨ ਕਰੀਏ ਜੀ -

*ਵਾਹਿਗੁਰੂ ਜੀ ਕਾ ਖ਼ਾਲਸਾ।*
*ਵਾਹਿਗੁਰੂ ਜੀ ਕੀ ਫ਼ਤਹਿ।*

ਐਸ ਵੇਲੇ ਉਹ ਸਮਾਂ ਚੱਲ ਰਿਹਾ ਹੈ, 31 ਅਕਤੂਬਰ ਦਾ ਜਿਸ ਵੇਲੇ ਪਿਆਰੇ ਮਹਾਂਪੁਰਸ਼, ਪੰਜ ਭੂਤਕ ਸਰੀਰ ਦਾ ਤਿਆਗ ਕਰ ਚੁੱਕੇ ਸਨ। ਮਿੰਟ ਤਾਂ ਬਹੁਤ ਹੈ, ਕੁਝ ਸੈਕਿੰਡ ਦੇ ਅੰਦਰ ਹੀ ਭਾਣਾ ਵਰਤ ਗਿਆ। ਜਿਸ ਵੇਲੇ ਸੰਗਤਾਂ ਨੂੰ ਪਤਾ ਲੱਗਿਆ ਦਿਲ ਸਮੁੰਦਰ ਉਛਾਲੇ ਮਾਰਦਾ ਹੈ। ਨੇਤਰਾਂ 'ਚੋਂ ਪਿਆਰ ਦੇ ਹੰਝੂ ਚਲ ਰਹੇ ਨੇ। ਇਕ ਰੋਣਾ ਹੁੰਦਾ ਹੈ, ਵਾਲੇਵੇ ਦਾ, ਧੰਦੇ ਦਾ; ਇਕ ਹੁੰਦੈ ਪਿਆਰ ਤੇ ਵੈਰਾਗ। ***ਵਾਲੇਵੇ ਕਾਰਣਿ ਬਾਬਾ ਰੋਈਐ ਰੋਵਣੁ ਸਗਲ ਬਿਕਾਰੋ ॥ ਅੰਗ-੫੭੮***

ਆਪਣੇ ਪਿਆਰੇ ਦੇ ਪਿਆਰ ਵਿਚ ਹੰਝੂ ਜਨਮਾਂ-ਜਨਮਾਂ ਦੀ ਮੈਲ ਧੋਂਦੇ ਹਨ। ਅੱਜ ਦਾ ਦਿਹਾੜਾ ਪਿਆਰੇ ਮਹਾਂਪੁਰਸ਼ਾਂ ਦੀ ਪਿਆਰੀ ਮਿੱਠੀ ਯਾਦ ਮਨਾਉਣ ਦਾ ਹੈ। ਵੈਸੇ ਯਾਦ ਤਾਂ ਸਦਾ ਹੀ ਰਹਿੰਦੀ ਹੈ। ਇਸ ਗੁਰਮਤਿ ਸਮਾਗਮ ਦੇ ਵਿਚ ਸਮੂਹਿਕ ਰੂਪ ਵਿਚ ਵੱਡੀ ਪੱਧਰ 'ਤੇ ਸੰਗਤਾਂ ਵਲੋਂ ਯਾਦ ਮਨਾਈ ਜਾਂਦੀ ਹੈ। ਆਪ ਜੀ ਸਮੂੰਹ ਸੰਗਤਾਂ ਨੇ ਅੰਮ੍ਰਿਤ ਵੇਲੇ ਤੋਂ ਸਿਮਰਨ, ਨਿਤਨੇਮ, ਸ੍ਰੀ ਆਸਾ ਕੀ ਵਾਰ ਦੇ ਕੀਰਤਨ ਸਰਵਣ ਕੀਤੇ। ਉਪਰੰਤ ਲਗਾਤਾਰ ਕਥਾ, ਕੀਰਤਨ ਚੱਲ ਰਹੇ ਹਨ।

ਪਿਆਰੇ ਮਹਾਂਪੁਰਸ਼ਾਂ ਦੇ ਬਚਨ, ਸਿਮਰਨ ਦੀ ਜੁਗਤੀ, ਸਾਨੂੰ ਕਿਵੇਂ ਸਿਮਰਨ ਕਰਨਾ ਚਾਹੀਦਾ ਹੈ, ਉਹ ਆਪ ਜੀ ਨੇ ਸਰਵਣ ਕੀਤਾ ਹੈ।

ਇਕ ਪਿੰਡੀ ਹਿਰਦਾ ਹੁੰਦਾ ਹੈ ਸਰੀਰ ਦਾ, ਇਕ ਬ੍ਰਹਿਮੰਡੀ ਹਿਰਦਾ ਹੁੰਦਾ ਹੈ। ਧਿਆਨ ਨਾਲ ਬੇਨਤੀ ਸਰਵਣ ਕਰਨੀ। ਪਿੰਡੀ ਹਿਰਦੇ ਤੋਂ ਉਠ ਕੇ ਬ੍ਰਹਿਮੰਡੀ ਹਿਰਦੇ ਵਿਚ ਪਹੁੰਚਣਾ ਹੈ। ਬ੍ਰਹਿਮੰਡੀ ਹਿਰਦਾ ਹੈ, ਜਿਥੇ ਅੱਖਾਂ ਤੇ ਨੱਕ ਦਾ ਜੋੜ ਹੈ। ਇਸ ਨੂੰ ਬ੍ਰਹਿਮੰਡੀ ਹਿਰਦਾ ਕਹਿੰਦੇ ਹਨ। ਜਿਉਂ-ਜਿਉਂ ਅਸੀਂ ਨਾਮ ਦਾ ਅਭਿਆਸ ਕਰਾਂਗੇ, ਸਹਿਜੇ-ਸਹਿਜੇ ਫੇਰ ਮਨ, ਚਿੱਤ, ਇਕਾਗਰ ਹੋ ਜਾਏਗਾ। ਆਪ ਜੀ ਨੇ ਬੈਠਣਾ ਕਿਵੇਂ ਹੈ? ਸਿਰਫ ਸਾਡੀ ਰੀੜ੍ਹ ਦੀ ਹੱਡੀ ਸਿੱਧੀ ਹੋਣੀ ਚਾਹੀਦੀ ਹੈ। ਬਾਕੀ ਸਾਰਾ ਸਰੀਰ ਢਿੱਲਾ ਹੋਣਾ ਚਾਹੀਦਾ ਹੈ। ਬਹੁਤ ਸਾਰੇ ਪ੍ਰੇਮੀ, ਸੌ 'ਚੋਂ ਨੜ੍ਹਿੰਨਵੇਂ, ਉਲਟਾ ਸਾਹ ਲੈਂਦੇ ਹਨ। ਉਲਟਾ ਸਾਹ ਕੀ ਹੈ? ਪਹਿਲਾਂ ਸਾਨੂੰ ਪਤਾ ਲੱਗੇ ਕਿ ਸਹੀ ਸਾਹ ਕਿਵੇਂ ਲੈਣਾ ਚਾਹੀਦਾ ਹੈ। ਸਵਾਸ ਸਾਡਾ ਅੰਦਰ ਜਾਂਦੈ, ਕਿਵੇਂ ਜਾਣਾ ਚਾਹੀਦਾ ਹੈ। ਜਿਸ ਵੇਲੇ ਸਵਾਸ ਅੰਦਰ ਜਾਂਦਾ ਹੈ ਤਾਂ ਪੇਟ ਬਾਹਰ ਨੂੰ ਆਉਣਾ ਚਾਹੀਦਾ ਹੈ। ਸਵਾਸ ਬਾਹਰ ਨੂੰ ਆਉਂਦਾ ਹੈ ਤਾਂ ਪੇਟ ਅੰਦਰ ਨੂੰ ਜਾਣਾ ਚਾਹੀਦਾ ਹੈ। ਚੈੱਕ ਕਰਨਾ ਚਾਹੀਦਾ ਹੈ ਸਾਨੂੰ ਆਪਣਾ ਆਪ। ਬਹੁਤ ਸਾਰੇ ਪ੍ਰੇਮੀ, ਜਿਸ ਵੇਲੇ ਸਵਾਸ ਅੰਦਰ ਨੂੰ ਖਿੱਚਦੇ ਨੇ, ਚਾਹੀਦਾ ਇਹ ਸੀ ਕਿ ਪੇਟ ਬਾਹਰ ਨੂੰ ਆਵੇ, ਉਲਟਾ ਪੇਟ ਅੰਦਰ ਨੂੰ ਨਾਲ ਖਿੱਚਦੇ ਨੇ। ਇਹ ਫੇਰ ਸਭ ਕੁਝ ਉਲਟਾ ਪੁਲਟਾ ਹੋ ਜਾਂਦਾ ਹੈ। ਇਸ ਚੀਜ਼ ਦਾ

ਵੀ ਧਿਆਨ ਰੱਖਣਾ ਹੈ। ਜਿਸ ਵੇਲੇ ਆਪਾਂ ਸਿਮਰਨ 'ਚ ਬੈਠਦੇ ਹਾਂ ਜੋ ਆਪ ਜੀ ਨੇ ਸੁਣਿਆ ਹੈ, ਮੈਂ ਉਹਨੂੰ ਦੁਬਾਰਾ-ਦੁਬਾਰਾ ਦੁਹਰਾਉਣਾ ਨਹੀਂ ਚਾਹੁੰਦਾ। ਸਭ ਠੀਕ ਹੈ। ਜਿਵੇਂ ਆਪਾਂ ਸਮੁੰਦਰ ਵਿਚ ਚੁੱਭੀ ਮਾਰਦੇ ਹਾਂ। ਬਾਹਰ ਦੇ ਖਿਆਲ, ਸਭ ਕੁਝ ਛੱਡ ਦਿਤਾ। ਬਸ ਇਕ ਨਾਲ ਜੁੜ ਜਾਓ। ਪਿਆਰੇ ਮਹਾਂਪੁਰਸ਼ਾਂ ਦੇ ਬਚਨ ਸਨ ਕਿ ਭਾਈ! ਪਹਿਲੇ-ਪਹਿਲੇ ਮਨ ਨਹੀਂ ਟਿਕਦਾ। ਇਹ ਸੁਭਾਅ ਹੈ ਮਨ ਦਾ। ਸੰਕਲਪ-ਵਿਕਲਪ ਉਠਦੇ ਹਨ। ਫੇਰ ਕਦੀ ਮਨ ਟਿਕਦਾ ਹੈ, ਕਦੀ ਹਟ ਜਾਂਦਾ ਹੈ। ਸਹਿਜੇ-ਸਹਿਜੇ ਸਮਾਂ ਆਏਗਾ ਕਿ ਮਨ ਲਗਾਤਾਰ ਜੁੜ ਜਾਏਗਾ। ਅਸੀਂ ਸਮਾਧੀ ਵਿਚ ਪਹੁੰਚ ਜਾਵਾਂਗੇ। ਲੋੜ ਹੈ ਕਿ ਅਸੀਂ ਅਭਿਆਸ ਕਰੀਏ। ਅਭਿਆਸ ਕਰਨ ਦੇ ਨਾਲ ਸਾਨੂੰ ਜੋ ਅਨੰਦ ਪ੍ਰਾਪਤ ਹੋਣੈ, ਉਹਦੇ ਬਾਰੇ ਦਸਿਆ ਨਹੀਂ ਜਾ ਸਕਦਾ। ਮੇਰੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਫੁਰਮਾਨ ਕਰਦੇ ਨੇ-

*ਕਹੁ ਕਬੀਰ ਗੂੰਗੈ ਗੁੜੁ ਖਾਇਆ*
*ਪੂਛੇ ਤੇ ਕਿਆ ਕਹੀਐ ॥* *ਅੰਗ - ੩੩੪*

ਗੂੰਗੇ ਨੂੰ ਗੁੜ ਮਠਿਆਈ ਦੇ ਦਿਓ, ਖਾਂਦੈ, ਉਹਨੂੰ ਬੜਾ ਸੁਆਦ ਆਉਂਦੈ। ਉਹ ਕੱਛਾਂ ਮਾਰਨ ਲਗ ਪੈਂਦੈ। ਸਾਨੂੰ ਅੰਦਾਜ਼ਾ ਲਗਦੈ ਪਰ ਉਹ ਦਸ ਨਹੀਂ ਸਕਦਾ। ਇਸੇ ਤਰ੍ਹਾਂ ਉਹ ਜੋ ਅਨੰਦ ਹੈ, ਉਹ ਰਸ ਹੈ, ਕੇਵਲ ਜਿਨ੍ਹਾਂ 'ਤੇ ਬਖਸ਼ਿਸ਼ ਹੈ, ਉਹੀ ਸਮਝ ਸਕਦੇ ਨੇ। ਦਸਿਆ ਨਹੀਂ ਜਾ ਸਕਦਾ। ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਬਚਨ ਆਉਂਦੇ ਨੇ ਕਿ -

*ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ ॥*
*ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ ॥*
*ਅੰਗ - ੪੭੩*

ਅਸੀਂ ਚੁੱਪ ਧਾਰਨ ਨੂੰ ਕਈ ਵਾਰ ਮੌਨ ਸਮਝ ਲੈਂਦੇ ਹਾਂ ਕਿ ਬੋਲਣਾ ਛੱਡ ਦਿਤਾ। ਧਿਆਨ ਦੇਣਾ। ਨਹੀਂ, ਚੁੱਪ ਇਕ ਅਵਸਥਾ ਹੈ। ਕੇਵਲ ਜ਼ੁਬਾਨ ਕਰਕੇ ਬੋਲਣਾ ਛੱਡਣਾ ਜਾਂ ਮੌਨ ਧਾਰਨ ਕਰ ਲੈਣਾ ਹੀ ਨਹੀਂ, ਚੁੱਪ ਉਹ ਅਵਸਥਾ ਹੈ ਜਿਥੇ ਦੋ ਤੋਂ ਇਕ ਹੋ ਜਾਂਦੇ ਨੇ। ਭਗਤੀ ਦੋ ਤੋਂ ਸ਼ੁਰੂ ਹੁੰਦੀ ਹੈ, ਇਕ 'ਤੇ ਖਤਮ ਹੋ ਜਾਂਦੀ ਹੈ। ਭਗਤ, ਭਗਵਾਨ ਵਿਚ, ਸਿੱਖ, ਗੁਰੂ ਵਿਚ ਅਭੇਦ ਹੋ ਜਾਂਦਾ ਹੈ, ਇਕੋ ਹੀ ਗੱਲ ਹੈ। ਗੁਰੂ ਤੇ ਪ੍ਰਮੇਸ਼ਰ ਇਕ ਨੇ, ***'ਗੁਰੁ ਪਰਮੇਸਰੁ ਏਕੋ ਜਾਣੁ ॥ ' (ਅੰਗ-੮੬੪)***

*ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ ॥*
*ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥*
*ਅੰਗ- ੯੬੯*

*ਹਰਿ ਹਰਿ ਜਨ ਦੁਇ ਏਕ ਹੈ ਬਿਬ ਬਿਚਾਰ ਕਿਛੁ ਨਾਹਿ।*
*ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ।*

ਬ੍ਰਹਮ ਗਿਆਨੀ ਮਹਾਂਪੁਰਸ਼, ਰਾੜਾ ਸਾਹਿਬ ਵਾਲਿਆਂ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ) ਦੇ ਹੱਥ ਲਿਖਤ ਬਚਨਾਂ ਵਿਚ ਇਕ ਬਚਨ ਆਉਂਦੈ। ਜਦੋਂ ਸਿਮਰਨ ਕਰਦੇ ਹਾਂ ਤਾਂ ਇਸ ਪ੍ਰਕਾਰ ਹੋਵੇ। ਸਿਮਰਨ ਕਹਿੰਦੇ ਨੇ ਯਾਦ ਨੂੰ। ਸਿਮਰਨ ਕੂੰਜ ਵਾਂਗੂੰ, ਧਿਆਨ ਕੱਛੂ ਵਾਂਗੂੰ, ਗਿਆਨ ਹੰਸ ਵਾਂਗੂੰ। ਕੂੰਜ ਵਿਚ ਸਿਮਰਨ ਸ਼ਕਤੀ ਹੈ, ਪਹਾੜਾਂ ਵਿਚ ਆਂਡੇ ਦੇ ਕੇ ਸੈਂਕੜੇ ਕੋਹ ਦੂਰ ਮੈਦਾਨੀ ਇਲਾਕੇ ਵਿਚ ਆ ਜਾਂਦੀ ਹੈ। ਸਿਮਰਨ ਸ਼ਕਤੀ ਦੇ ਨਾਲ ਉਹ ਆਪਣੇ ਬੱਚਿਆਂ ਨੂੰ ਪਾਲਦੀ ਹੈ, ਯਾਦ ਸ਼ਕਤੀ ਦੇ ਨਾਲ। ਹਿਰਦੇ ਵਿਚ ਐਨੀ ਯਾਦ ਸ਼ਕਤੀ ਹੈ ਕਿ ਸੈਂਕੜੇ ਕੋਹਾਂ ਤੋਂ ਬੱਚੇ ਪਾਲਦੀ ਹੈ। ਧਿਆਨ ਕੱਛੂ ਵਾਂਗੂੰ, ਕੱਛੂ ਬਾਹਰ ਰੇਤੇ ਵਿਚ ਆਂਡੇ ਦਿੰਦੀ ਹੈ, ਧਿਆਨ ਸ਼ਕਤੀ ਦੇ ਨਾਲ ਆਪਣੇ ਬੱਚਿਆਂ ਨੂੰ ਪਾਣੀ ਵਲ ਖਿੱਚ ਲੈਂਦੀ ਹੈ। ਆਮ ਵੀ ਤੁਸੀਂ ਦੇਖੋ, ਕੱਛੂ ਦੇ ਬੱਚੇ ਆਂਡਿਆ 'ਚੋਂ ਨਿਕਲ ਕੇ ਜਿਧਰ ਨੂੰ ਪਾਣੀ ਹੈ, ਬਰੇਤੀ ਤੋਂ ਉਧਰ ਨੂੰ ਜਾਣਗੇ। ਜਿਧਰ ਨੂੰ ਉਹਨਾਂ ਦੀ ਮਾਂ ਧਿਆਨ ਸ਼ਕਤੀ ਦੇ ਨਾਲ ਉਹਨਾਂ ਨੂੰ ਖਿੱਚਦੀ ਹੈ। ਹੰਸ ਦੇ ਅੱਗੇ ਆਪਾਂ ਦੁੱਧ ਰੱਖ ਦਿੰਦੇ ਹਾਂ। ਉਹ ਚੁੰਝ ਮਾਰਦੈ, ਉਹਦੀ ਚੁੰਝ ਵਿਚ ਖਟਾਈ ਹੁੰਦੀ ਹੈ। ਉਹ ਪਿੱਛੇ ਨੂੰ ਹੋ ਕੇ ਬੈਠ ਜਾਂਦਾ ਹੈ, ਥੋੜ੍ਹੀ ਦੇਰ 'ਚ ਦੁੱਧ ਫਟ ਜਾਂਦੈ। ਪਨੀਰ ਇਕ ਪਾਸੇ, ਪਾਣੀ ਇਕ ਪਾਸੇ ਹੋ ਜਾਂਦੈ ਉਹ ਪਾਣੀ ਛੱਡ ਦਿੰਦੈ ਤੇ ਪਨੀਰ ਖਾ ਲੈਂਦੈ। ਇਹ ਗਿਆਨ ਹੈ ਉਸ ਨੂੰ ਕਿ ਤਿਆਗ ਕਿਸ ਦਾ ਕਰਨਾ ਹੈ ਤੇ ਗ੍ਰਹਿਣ ਕਿਸ ਨੂੰ ਕਰਨਾ ਹੈ -

*ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ ॥*
*ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ ॥* *ਅੰਗ - ੭੬੧*

ਜਿਨ੍ਹਾਂ 'ਤੇ ਕ੍ਰਿਪਾ ਹੈ ਤੇ ਉਹ ਫੇਰ ਇਨ੍ਹਾਂ ਬਚਨਾਂ ਨੂੰ, ਸਤਿਗੁਰ ਦੀ ਬਾਣੀ ਨੂੰ, ਸਤਿਪੁਰਸ਼ਾਂ ਦੇ ਬਚਨਾਂ ਨੂੰ, ਗ੍ਰਹਿਣ ਕਰਕੇ ਆਪਣਾ ਜੀਵਨ ਸਫਲ ਕਰ ਲੈਂਦੇ ਹਨ। ਕਾਉਣੀ ਆਂਡੇ ਦਿੰਦੀ ਹੈ। ਰੰਗ ਉਹਦਾ ਕਾਲਾ ਹੈ, ਦੂਸਰੇ ਪਾਸੇ ਕੋਇਲ ਹੈ, ਰੰਗ ਉਹਦਾ ਵੀ ਕਾਲਾ ਹੈ ਤੇ ਜਿਹੜੀ ਕੋਇਲ ਹੈ ਇਹ ਆਪਣੇ ਆਂਡਿਆਂ 'ਚੋਂ ਆਪ ਬੱਚੇ ਨਹੀਂ ਕੱਢਦੀ। ਜਿਥੇ ਕਾਉਣੀ ਦੇ ਆਂਡੇ ਹੁੰਦੇ ਨੇ, ਉਥੇ ਹੀ ਆਪਣੇ ਆਂਡੇ ਵੀ ਰਖ ਦਿੰਦੀ ਹੈ। ਕੋਇਲ ਦੇ ਆਂਡਿਆਂ

ਵਿਚੋਂ ਕਾਉਣੀ ਬੱਚੇ ਕੱਢਦੀ ਹੈ ਤੇ ਥੋੜ੍ਹਾ ਸਮਾਂ ਪਾ ਕੇ ਇਹ ਜਿਹੜੀ ਕੋਇਲ ਹੈ ਇਹ ਫੇਰ ਨੇੜੇ ਆ ਕੇ ਮਿੱਠੀ ਬੋਲੀ ਬੋਲਦੀ ਹੈ। ਆਲ੍ਹਣਾ ਇਕੋ ਹੀ ਹੈ। ਉਹਦੇ ਵਿਚ ਹੀ ਕਾਉਣੀ ਦੇ ਬੱਚੇ ਨੇ ਤੇ ਉਹਦੇ ਵਿਚੀਂ ਕੋਇਲ ਦੇ ਵੀ ਬੱਚੇ ਨੇ। ਜਿਸ ਵੇਲੇ ਕੋਇਲ ਮਿੱਠੀ ਬੋਲੀ ਬੋਲਦੀ ਹੈ ਤੇ ਜਿਹੜੇ ਕੋਇਲ ਦੇ ਬੱਚੇ ਨੇ, ਉਹ ਆਪਣੀ ਮਾਂ ਦੀ ਅਵਾਜ਼ ਪਛਾਣਦੇ ਨੇ। ਕਾਉਣੀ ਦੇ ਬੱਚਿਆਂ ਨੂੰ ਛੱਡ ਕੇ, ਕਾਉਣੀ ਦਾ ਆਲ੍ਹਣਾ ਛੱਡ ਕੇ, ਉਹ ਬੱਚੇ, ਆਪਣੀ ਮਾਂ ਦੀ ਅਵਾਜ਼ ਪਛਾਣ ਕੇ, ਆਪਣੀ ਮਾਂ ਨਾਲ ਰਲ ਜਾਂਦੇ ਨੇ। ਇਸੇ ਤਰ੍ਹਾਂ ਸੰਸਾਰ ਦੇ ਵਿਚ ਸਾਰੇ ਹੀ ਨੇ ਪਰ ਜਦੋਂ ਸਤਿਪੁਰਸ਼ਾਂ ਦੀ ਅਵਾਜ਼ ਕੰਨਾਂ ਵਿਚ ਪੈਂਦੀ ਹੈ, ਪਿਆਰਿਓ! ਉਸ ਮਾਲਕ ਦੀ ਸਿਫਤ ਸਲਾਹ ਦੀ, ਜਿਨ੍ਹਾਂ ਦੇ ਭਾਗ ਜਾਗਦੇ ਨੇ, ਜਿਵੇਂ ਕੋਇਲ ਦੇ ਬੱਚੇ ਕਾਉਣੀ ਦਾ ਆਲ੍ਹਣਾ ਛੱਡ ਕੇ, ਕਾਉਣੀ ਦੇ ਬੱਚੇ ਛੱਡ ਕੇ, ਆਪਣੀ ਮਾਂ ਨਾਲ ਰਲ ਜਾਂਦੇ ਨੇ, ਇਸੇ ਤਰ੍ਹਾਂ ਉਹ ਰੂਹਾਂ ਫੇਰ ਗੁਰੂ ਸ਼ਰਨ ਵਿਚ ਆ ਜਾਂਦੀਆਂ ਨੇ। ਸਤਿਸੰਗ ਵਿਚ ਆ ਜਾਂਦੀਆਂ ਹਨ। ਉਹਨਾਂ ਨੇ ਅਵਾਜ਼ ਪਛਾਣ ਲਈ ਹੈ। ਸਿਮਰਨ ਕੂੰਜ ਵਾਂਗੂੰ, ਧਿਆਨ ਕੱਛੂ ਵਾਂਗੂੰ ਤੇ ਗਿਆਨ ਹੰਸ ਵਾਂਗੂੰ। ਗੁਰੂ ਘਰ ਵਿਚ ਇਹ ਬਖਸ਼ਿਸ਼ਾਂ ਸਾਡੇ ਉਤੇ ਵੀ ਮਹਾਰਾਜ ਨੇ ਕੀਤੀਆਂ ਨੇ। ਕੋਈ ਘਰ-ਬਾਰ ਨਹੀਂ ਛਡਾਏ। ਪਿਆਰੇ ਮਹਾਂਪੁਰਸ਼ਾਂ ਦੀ ਯਾਦ ਮਨਾ ਰਹੇ ਹਾਂ, ਉਨ੍ਹਾਂ ਦਾ ਜੀਵਨ ਇਕ ਐਸਾ ਚਾਨਣ-ਮੁਨਾਰਾ ਹੈ ਕਿ ਸੰਸਾਰ ਵਿਚ ਕਿਵੇਂ ਰਹਿਣਾ ਹੈ। ਆਉਣਾ ਸਫਲ ਕਿਵੇਂ ਹੈ। ਉਹ ਕਿਤੇ ਪੁੱਠੇ ਨਹੀਂ ਲਟਕੇ, ਉਨ੍ਹਾਂ ਕਿਤੇ ਧੂਣੀਆਂ ਨਹੀਂ ਤਾਈਆਂ। ਉਹ ਕਿਤੇ ਘਰ-ਬਾਰ ਛੱਡ ਕੇ, ਨੌਕਰੀਆਂ ਛੱਡ ਕੇ, ਪਹਾੜਾਂ ਦੀਆਂ ਕੰਦਰਾਂ ਵਿਚ ਨਹੀਂ ਗਏ। ਉਹਨਾਂ ਨੇ ਸ੍ਰੀ ਗੁਰੂ ਨਾਨਕ ਸਾਹਿਬ ਦਾ ਬਖਸ਼ਿਆ ਹੋਇਆ ਸ਼ਬਦ ਨਾਮ, ਉਹਦਾ ਅਭਿਆਸ ਜਨਮਾਂ-ਜਨਮਾਂ ਦਾ ਤੇ ਇਸ ਸਰੀਰ ਵਿਚ ਵੀ ਰਹਿ ਕੇ ਕੀਤਾ। ਜੋ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਬਚਨ ਦਿਤੇ ਤੇ ਉਪਦੇਸ਼ ਦਿਤਾ, ਉਹ ਸੰਸਾਰ ਨੂੰ ਸੁਣਾਇਆ। ਉਨ੍ਹਾਂ ਮਹਾਂਪੁਰਸ਼ਾਂ ਦੀ ਆਪਾਂ ਯਾਦ ਮਨਾ ਰਹੇ ਹਾਂ ਤੇ ਯਾਦ ਮਨਾਉਣ ਦਾ ਭਾਵ ਕੀ ਹੈ? ਕੇਵਲ ਇਸ ਗੱਲ ਨਾਲ ਹੀ ਵਡਿਆਈ ਨਹੀਂ ਕਿ ਬਹੁਤ ਭਾਰੀ ਇਕੱਠ ਹੈ, ਧੰਨ ਹਨ ਸੰਗਤਾਂ ਆਈਆਂ ਨੇ। ਇਸ ਤੋਂ ਅੱਗੇ ਹੈ ਕਿ ਅਸੀਂ ਇਥੋਂ ਕੀ ਪੱਲੇ ਬੰਨ੍ਹ ਕੇ ਲੈ ਚੱਲੇ ਹਾਂ। ਧਿਆਨ ਇਸ ਗੱਲ 'ਤੇ ਦੇਵੋਂ। ਅਸੀਂ ਐਨਾ ਸਮਾਂ ਕੱਢਿਆ ਹੈ, ਐਨਾ-ਐਨਾ ਸਫਰ ਕੀਤਾ ਹੈ। ਅਸੀਂ ਕੁਝ ਲੈ ਕੇ ਜਾਣਾ ਹੈ, ਕੁਝ ਛੱਡ ਕੇ ਜਾਣਾ ਹੈ। ਛੱਡਣਾ ਕੀ ਹੈ? ਕੀ ਤਿਆਗਣਾ ਹੈ?-

*ਤਿਆਗਨਾ ਤਿਆਗਨੁ ਨੀਕਾ*
*ਕਾਮੁ ਕ੍ਰੋਧੁ ਲੋਭੁ ਤਿਆਗਨਾ ॥* ਅੰਗ - ੧੦੧੮

ਅਸੀਂ ਉਹ ਛੱਡਣਾ ਹੈ। ਅਸੀਂ ਇਥੋਂ ਲੈ ਕੇ ਕੀ ਜਾਣਾ ਹੈ? ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਬਚਨ ਹਿਰਦੇ ਵਿਚ ਵਸਾਉਣੇ ਨੇ। ਮਹਾਂਪੁਰਸ਼ਾਂ ਨੇ ਆਪਣਾ ਜੋ ਜੀਵਨ ਕਮਾਇਆ, ਉਹਨਾਂ ਦੇ ਬਚਨ ਜੋ ਅਭੇਦ ਅਵਸਥਾ ਵਾਲੇ ਨੇ, ਉਹ ਬਚਨ ਹਿਰਦੇ ਵਿਚ ਵਸਾ ਲਈਏ। ਇਕ ਬਚਨ ਵੀ ਵਸ ਜਾਏਗਾ ਤਾਂ ਜੀਵਨ ਬਦਲ ਜਾਏਗਾ ਕਿਉਂਕਿ ਸਤਿਪੁਰਸ਼ ਸਤਿਗੁਰ ਦੀ ਬਾਣੀ ਤੇ ਬਾਣੀ ਦੇ ਅਰਥ ਤੇ ਉਪਦੇਸ਼ ਹੀ ਸਾਨੂੰ ਸਰਵਣ ਕਰਾਉਂਦੇ ਨੇ। ਕੋਈ ਵੀ ਬਚਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਲੈ ਲਓ -

*ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥*
ਅੰਗ - ੯੧੮

ਇਕ ਬਚਨ ਵਸਾ ਲਓ, ਜ਼ਿੰਦਗੀ ਬਦਲ ਜਾਏਗੀ। ਆਪ ਜੀ ਨੇ ਨੇ ਸਰਵਣ ਕੀਤੈ ਦਾਸ ਤੋਂ ਪਹਿਲਾਂ -

*ਸਾਸਿ ਸਾਸਿ ਸਿਮਰਹੁ ਗੋਬਿੰਦ ॥*
*ਮਨ ਅੰਤਰ ਕੀ ਉਤਰੈ ਚਿੰਦ ॥* ਅੰਗ - ੨੯੫

ਸਿਮਰਨ ਕਰਨ ਨਾਲ ਹੋਏਗਾ ਕੀ? -

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥*
*ਕਲਿ ਕਲੇਸ ਤਨ ਮਾਹਿ ਮਿਟਾਵਉ ॥* ਅੰਗ- ੨੬੨

ਅਸਲੀ ਸੁੱਖ ਜਿਹੜਾ ਹੈ ਉਹ ਸਾਨੂੰ ਪ੍ਰਾਪਤ ਹੋ ਜਾਏਗਾ। ਮਹਾਂਪੁਰਸ਼ ਉਸ ਅਭੇਦ ਅਵਸਥਾ ਦੇ ਮਾਲਕ ਸਨ। ਰਾੜਾ ਸਾਹਿਬ ਵਾਲੇ ਮਹਾਂਪੁਰਸ਼ ਕਹਿੰਦੇ ਕਿ ਜਿਨ੍ਹਾਂ ਨੂੰ ਉਹ ਅਵਸਥਾ ਪ੍ਰਾਪਤ ਹੋ ਗਈ, ਇਕ ਵਿਚ ਅਭੇਦ ਹੋ ਗਏ -

*ਅਮਾਨ ਹੈਂ॥ ਨਿਧਾਨ ਹੈਂ॥*
*ਅਨੇਕ ਹੈਂ॥ ਫਿਰ ਏਕ ਹੈਂ॥* ਜਾਪੁ ਸਾਹਿਬ

*ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥*
*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥* ਅੰਗ - ੧੨੯੧

ਰਾੜਾ ਸਾਹਿਬ ਵਾਲੇ ਮਹਾਂਪੁਰਸ਼ ਉਥੇ ਲਿਖਦੇ ਨੇ ਕਿ ਉਹ ਫੇਰ ਚੁੱਪ ਕਰ ਜਾਂਦੇ ਨੇ। ਅੱਗੇ ਬਚਨ ਕਰਦੇ ਨੇ ਕਿ ਅਸੀਂ ਵੀ ਚੁੱਪ ਕਰ ਗਏ। ਪਰ

ਉਹ ਤਾਂ ਸਰੀਰ ਦੇ ਆਖਰੀ ਸਮੇਂ ਤੱਕ ਕਥਾ ਕੀਰਤਨ ਕਰਦੇ ਰਹੇ। ਉਹ ਕਹਿੰਦੇ ਸੀ, ਅਸੀਂ ਚੁੱਪ ਕਰ ਗਏ। ਇਹਦੇ ਵਿਚ ਭੇਤ ਕੀ ਹੈ? ਉਹ ਤਾਂ ਚੁੱਪ ਕਰ ਗਏ, ਉਹ ਤਾਂ ਅਭੇਦ ਹੋ ਗਏ? ਉਹਨਾਂ ਦੀ ਤਾਂ ਅਵਸਥਾ -

*ਮਨਿ ਸਾਚਾ ਮੁਖਿ ਸਾਚਾ ਸੋਇ ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥*
*ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥ ਅੰਗ- ੨੭੨*

ਉਹ ਤਾਂ ਚੁੱਪ ਕਰ ਗਏ, ਹੁਣ ਉਹਨਾਂ ਦੀ ਰਸਨਾ ਤੇ ਆਪ ਪ੍ਰਮੇਸ਼ਰ ਵਾਹਿਗੁਰੂ ਬੋਲਦੈ, ਉਹ ਨਹੀਂ ਬੋਲਦੇ। ਮੇਰੇ ਸਤਿਗੁਰੂ ਕਹਿੰਦੇ -

*ਪ੍ਰਭ ਜੀ ਬਸਹਿ ਸਾਧ ਕੀ ਰਸਨਾ ॥*
*ਨਾਨਕ ਜਨ ਕਾ ਦਾਸਨਿ ਦਸਨਾ ॥ ਅੰਗ - ੨੬੩*

ਜੇ ਉਹ ਸੰਗਤ ਵਿਚ ਬਚਨ ਕਰਦੇ ਨੇ ਕਿ ਭਾਈ, ਮਾੜੇ ਕਰਮ ਨਾ ਕਰੋ, ਪਾਪ ਨਾ ਕਰੋ। ਉਸ ਵੇਲੇ ਵੀ ਉਹਨਾਂ ਦੀ ਅਵਸਥਾ ਕੁਝ ਥੱਲੇ ਨਹੀਂ ਆ ਜਾਂਦੀ। ਉਹ ਜੀਵਾਂ ਦੀ ਪਰਾਲਬਧ ਹੁੰਦੀ ਹੈ, ਉਹਦੇ ਅਨੁਸਾਰ ਬਚਨ ਆਉਂਦੇ ਨੇ। ਇਹ ਨਹੀਂ ਕਿ ਉਹਨਾਂ ਦੀ ਅਵਸਥਾ ਬ੍ਰਹਮ ਤੋਂ ਥੱਲੇ ਆ ਗਈ। ਅਵਸਥਾ ਇੱਕੋ ਹੀ ਹੈ। ਇਕ ਰਸ ਜੀਵਨ ਹੁੰਦੈ। ਉਹਨਾਂ ਦੀ ਸੰਗਤ ਪ੍ਰਾਪਤ ਹੋਈ ਸੀ ਪਿਆਰੇ ਮਹਾਂਪੁਰਸ਼ਾਂ ਨੂੰ, ਬਚਪਨ ਦੇ ਵਿਚ ਖੰਡੇ ਬਾਟੇ ਦਾ ਅੰਮ੍ਰਿਤ ਛਕਿਆ ਤੇ ਪਿਛਲੇ ਜਨਮਾਂ ਦੀਆਂ ਕਮਾਈਆਂ ਵੀ ਸਨ। ਦਾਸ ਨੇ ਪਿਛਲੇ ਦੀਵਾਨ ਵਿਚ ਬੇਨਤੀ ਕੀਤੀ ਸੀ ਕਿ ਰਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਨੂੰ ਰਤਵਾੜਾ ਸਾਹਿਬ ਵਾਲੇ ਪਿਆਰੇ ਮਹਾਂਪੁਰਸ਼ 16 ਸਾਲ ਦੀ ਉਮਰ ਵਿਚ ਮਿਲੇ ਤੇ ਉਹਨਾਂ ਨੇ ਕਿਹਾ ਕਿ ਅੱਜ ਇਕ ਸੁਹਾਗਣ ਦਾ ਸੁਹਾਗਣ ਨਾਲ ਮਿਲਾਪ ਹੋਇਐ-

*ਹਰਿ ਮਨਿ ਤਨਿ ਵਸਿਆ ਸੋਈ ॥*
*ਜੈ ਜੈ ਕਾਰੁ ਕਰੇ ਸਭੁ ਕੋਈ ॥ ਅੰਗ - ੬੨੯*

ਉਹਨਾਂ ਦੀ ਸਦਾ ਹੀ ਜੈ-ਜੈਕਾਰ ਹੈ। ਦਾਸ ਕਈ ਵਾਰ ਬੇਨਤੀ ਕਰਦੈ ਕਿ ਦੁਨੀਆਂ ਦੇ ਵੱਡੇ-ਵੱਡੇ ਬਾਦਸ਼ਾਹ ਜਿਨ੍ਹਾਂ ਨੇ ਸੰਸਾਰ ਦੇ ਉਤੇ ਰਾਜ ਕਰਨ ਦੀ ਕੋਸ਼ਿਸ਼ ਕੀਤੀ, ਸਾਰੇ ਸੰਸਾਰ 'ਤੇ ਹੁਕਮ ਚਲਾਉਣ ਦੀ ਕੋਸ਼ਿਸ਼ ਕੀਤੀ, ਸਮਾਂ ਆਇਆ ਉਹਨਾਂ ਦੇ ਨਾਂ ਖਤਮ ਹੋ ਗਏ, ਮਿਟ ਗਏ। ਪਰ ਜਿਹੜੇ ਰੱਬ ਦੇ ਪਿਆਰੇ ਨੇ ਜਿਉਂ-ਜਿਉਂ ਸਮਾਂ ਅੱਗੇ ਚਲਦੈ, ਉਹਨਾਂ ਦੀ ਜੈ-ਜੈਕਾਰ ਸਦਾ ਹੀ ਹੁੰਦੀ ਹੈ। ਸਦਾ ਹੀ ਵਧਦੀ ਜਾਂਦੀ ਹੈ। ਉਹ ਪੂਰੇ ਨੇ। ਪੂਰਾ ਕੌਣ ਹੈ? ਪਾਰਬ੍ਰਹਮ ਪ੍ਰਮੇਸ਼ਰ ਵਾਹਿਗੁਰੂ -

*ਪੂਰਾ ਪ੍ਰਭੁ ਆਰਾਧਿਆ ਪੂਰਾ ਜਾ ਕਾ ਨਾਉ ॥*
*ਨਾਨਕ ਪੂਰਾ ਪਾਇਆ ਪੂਰੇ ਕੇ ਗੁਨ ਗਾਉ ॥ ਅੰਗ- ੨੯੫*

ਅਕਾਲ ਪੁਰਖ ਦਾ ਹੀ ਸਰੂਪ ਸਤਿਗੁਰੂ ਹੈ -

*ਪੂਰੇ ਗੁਰ ਕਾ ਸੁਨਿ ਉਪਦੇਸੁ ॥*
*ਪਾਰਬ੍ਰਹਮੁ ਨਿਕਟਿ ਕਰਿ ਪੇਖੁ ॥ ਅੰਗ - ੨੯੫*

ਤੇ ਕੋਈ ਹੋਰ ਹੈ ਪੂਰਾ? ਇਸੇ ਸੁਖਮਨੀ ਸਾਹਿਬ ਦੇ ਵਿਚ ਸਤਿਗੁਰੂ ਦਾ ਬਚਨ ਆਉਂਦੈ ਕਿ -

*ਆਠ ਪਹਰ ਪ੍ਰਭ ਬਸਹਿ ਹਜੂਰੇ ॥*
*ਕਹੁ ਨਾਨਕ ਸੇਈ ਜਨ ਪੂਰੇ ॥ ਅੰਗ- ੨੮੬*

ਉਹ ਨੇ ਪੂਰੇ, ਅਭੇਦ ਅਵਸਥਾ ਵਾਲੇ। ਉਹਨਾਂ ਦੀ ਸਿਫਤ ਸਾਲਾਹ, ਰੱਬ ਦੀ ਸਿਫਤ ਸਾਲਾਹ ਹੈ। ਮੇਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਕਹਿੰਦੇ ਨੇ ਵਾਹਿਗੁਰੂ ਦੇ ਪਿਆਰੇ ਉਸਤਤ ਤੇ ਨਿੰਦਾ ਦੋਹਾਂ ਤੋਂ ਉੱਪਰ ਨੇ। ਸਾਰਾ ਸੰਸਾਰ ਨਿੰਦਿਆ ਕਰੇ ਉਹਨਾਂ ਦਾ ਕੁਝ ਘੱਟ ਨਹੀਂ ਜਾਂਦਾ, ਸਾਰਾ ਸੰਸਾਰ ਉਸਤਤ ਕਰੇ ਤਾਂ ਉਹਨਾਂ ਦਾ ਕੁਝ ਵਧ ਨਹੀਂ ਜਾਂਦਾ ਕਿਉਂਕਿ ਉਹ ਤਾਂ ਪਹਿਲਾਂ ਹੀ ਉਸ ਅਵਸਥਾ ਦੇ ਮਾਲਕ ਨੇ। ਉਥੇ ਘਾਟ ਵਾਧ ਦੀ ਗੱਲ ਹੀ ਨਹੀਂ-

*ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ॥*
*ਅੰਗ- ੨੧੯*

ਉਹਨਾਂ ਦੀ ਜਿਹੜੀ ਉਸਤਤ ਹੈ ਨਾ, ਉਸ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਕਹਿੰਦੇ -

*ਜੋ ਹਰਿ ਦਾਸਨ ਕੀ ਉਸਤਤਿ ਹੈ*
*ਸਾ ਹਰਿ ਕੀ ਵਡਿਆਈ ॥*
*ਹਰਿ ਆਪਣੀ ਵਡਿਆਈ ਭਾਵਦੀ*
*ਜਨ ਕਾ ਜੈਕਾਰੁ ਕਰਾਈ ॥ ਅੰਗ - ੬੫੨*

ਉਹ ਰੱਬ ਦੀ ਵਡਿਆਈ ਹੈ ਪਿਆਰਿਓ! ਆਪਣੇ ਪਿਆਰਿਆਂ ਦੀ ਜੈ-ਜੈਕਾਰ ਕਰਾਉਂਦੈ। ਸੰਸਾਰ ਦੇ ਵਿਚ ਉਹਨਾਂ ਦਾ ਆਇਆ ਸਫਲ ਹੈ, ਧੰਨ ਹੈ, ਜੈ-ਜੈਕਾਰ ਹੈ, ਨਮਸ਼ਕਾਰ ਹੈ ਉਹਨਾਂ ਨੂੰ। ਮਹਾਂਪੁਰਸ਼ਾਂ ਦੇ ਸਰੀਰ ਦਾ ਨਗਰ ਧਮੋਟ ਹੈ ਤੇ ਧਮੋਟ ਨਗਰ ਛੇਵੇਂ ਸਤਿਗੁਰੂ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਮਹਾਰਾਜ ਨੇ, ਇਸ ਧਰਤੀ ਦਾ ਕਣ-ਕਣ ਪਵਿੱਤਰ ਕੀਤੈ। ਇਸ ਨਗਰ ਨੂੰ ਗੁਰੂ ਮਹਾਰਾਜ ਨੇ ਵਡਿਆਈ ਬਖਸ਼ੀ ਹੈ। ਵਿਰਲੇ ਨਗਰ ਹਨ, ਵਿਰਲੇ ਸ਼ਹਿਰ, ਸਥਾਨ ਹਨ ਜਿਥੇ ਐਸੀਆਂ ਬਖਸ਼ਿਸ਼ਾਂ ਹਨ, ਸਾਧਸੰਗਤ ਜੀ। ਗੁਰੂ ਸਾਹਿਬ ਨੇ ਕ੍ਰਿਪਾ ਕੀਤੀ, ਧੰਨ ਸ੍ਰੀ ਗੁਰੂ

ਹਰਿਗੋਬਿੰਦ ਪਾਤਸ਼ਾਹ ਨੇ। ਇਸ ਨਗਰ ਦੇ ਕਈ ਮਹਾਨ ਸ਼ਹੀਦ ਹੋਏ, ਜਿਨ੍ਹਾਂ ਨੇ ਦੇਸ਼-ਕੌਮ, ਧਰਮ ਵਾਸਤੇ ਆਪਣਾ ਆਪ ਵਾਰਿਆ। ਇਸ ਨਗਰ 'ਤੇ ਹੀ ਕ੍ਰਿਪਾ ਹੈ ਕਿ ਬ੍ਰਹਮ ਗਿਆਨੀ ਮਹਾਂਪੁਰਸ਼ ਇਸ ਨਗਰ ਧਮੋਟ ਦੇ ਨੇ। ਬੜੀ ਛੋਟੀ ਉਮਰ ਵਿਚ ਆਪ ਜੀ ਨੇ ਜਿਥੇ ਅੰਮ੍ਰਿਤ ਛਕਿਆ, ਰਹਿਤ ਬਹਿਤ ਵਿਚ ਪ੍ਰਪੱਕ ਹੋਏ ਉਥੇ ਨਾਮ ਦਾ ਅਭਿਆਸ ਵੀ ਆਪ ਜੀ ਨੇ ਬਹੁਤ ਕੀਤਾ।

ਧਮੋਟ ਵਾਲੇ ਸਿੰਘ ਇਥੇ ਸੇਵਾ ਕਰਦੇ ਨੇ। ਉਥੇ ਹਰ ਮਹੀਨੇ ਇਕ ਦੀਵਾਨ ਵੀ ਲਗਦੈ ਤੇ ਗੁਰਦੁਆਰਾ ਸਾਹਿਬ ਦੇ ਥੱਲੇ ਜਗ੍ਹਾ ਬਣੀ ਹੈ। ਕਦੀ ਸਮਾਂ ਸੀ, ਮਹਾਂਪੁਰਸ਼ ਉਸ ਜਗ੍ਹਾ ਵਿਚ ਬੈਠ ਕੇ, ਛੋਟੀ ਉਮਰ ਹੁੰਦੀ ਹੈ ਜਦੋਂ ਬੱਚਿਆਂ ਦੀ, ਖੇਡਣ ਦੀ, ਉਦੋਂ ਵੀ ਉਥੇ ਹਨ੍ਹੇਰੇ ਵਿਚ ਬੈਠ ਕੇ ਨਾਮ ਜਪਦੇ ਸੀ। ਕਿਉਂਕਿ ਲਾਈਟ ਤਾਂ ਉਸ ਵਕਤ ਹੁੰਦੀ ਨਹੀਂ ਸੀ। ਜੇ ਆਪਣੇ ਵੱਡੇ ਭੈਣ ਜੀ ਕੋਲ ਜਾਂਦੇ, ਜਿਥੇ ਭੂਆ ਜੀ ਵਿਆਹੇ ਸਨ, ਅਸੀਂ ਭੂਆ ਜੀ ਕਹਿੰਦੇ ਸਾਂ ਉਹਨਾਂ ਨੂੰ, ਭੂਆ ਜਸਵੰਤ ਕੌਰ ਜੀ।

ਆਪ ਜੀ ਦੇ ਵੱਡੇ ਭੈਣ ਜੀ ਨੇ ਸਮਝਣਾ ਕਿ ਸ਼ਾਇਦ ਖੇਡਣ ਨੂੰ ਜਾਂਦੇ ਨੇ ਪਰ ਖਿਆਲ ਆਇਆ ਦੇਖਾਂ ਤਾਂ ਸਹੀ। ਪਰ ਆਪ ਜਾਂਦੇ ਕਿੱਥੇ ਸੀ? ਗੰਨੇ ਦੀ, ਕਮਾਦ ਦੀ, ਜਿਹੜੀ ਫਸਲ ਹੁੰਦੀ ਹੈ, ਕਈ ਵਾਰੀ ਜਿਹੜੇ ਕਿਸਾਨ ਨੇ ਉਹ ਘੁਲਾੜੀ ਲਾਉਂਦੇ ਨੇ ਤੇ ਉਹ ਚੁੰਬਾ ਹੁੰਦਾ, ਜਿਸ 'ਤੇ ਉਪਰ ਕੜਾਹਾ ਰੱਖ ਕੇ ਗੁੜ ਪਕਾਉਂਦੇ ਨੇ। ਬਾਹਰ ਫੇਰ ਗੰਨੇ ਦੀ ਫਸਲ ਹੁੰਦੀ ਹੈ, ਉਥੇ ਜਾ ਕੇ ਬੈਠ ਜਾਣਾ। ਭੈਣ ਜੀ, ਗਏ ਦੇਖਿਆ ਕਿ ਇਥੇ ਤਾਂ ਸੱਪ-ਸਪੋਲੇ ਵੀ ਹੁੰਦੇ ਨੇ। ਤੁਸੀਂ ਇਹੋ ਜਿਹੀ ਜਗ੍ਹਾ ਆ ਕੇ ਬੈਠਦੇ ਹੋ? ਪਰ ਉਹਨਾਂ ਦੀ ਉਸ ਵੇਲੇ ਅਵਸਥਾ ਇਹ ਸੀ ਕਿ ਚਾਹੇ ਸੱਪ ਨੇ, ਚਾਹੇ ਹੋਰ ਜੀਵ ਜਾਨਵਰ ਨੇ, ਇਹ ਤਾਂ ਆਪ ਹੀ ਮਾਲਕ ਨੇ, ਇਕ ਤੋਂ ਅਨੇਕ ਰੂਪ ਧਾਰਨ ਕੀਤੇ ਹਨ। ਉਸ ਅਵਸਥਾ ਦੇ ਮਾਲਕ ਆਪ ਜੀ ਸਨ -

*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥*
*ਈਘੈ ਨਿਰਗੁਨ ਊਘੈ ਸਰਗੁਨ*
*ਕੇਲ ਕਰਤ ਬਿਚਿ ਸੁਆਮੀ ਮੇਰਾ ॥ ੧ ॥ ਰਹਾਉ ॥*
*ਨਗਰ ਮਹਿ ਆਪਿ ਬਾਹਰਿ ਫੁਨਿ*
*ਆਪਨ ਪ੍ਰਭ ਮੇਰੇ ਕੋ ਸਗਲ ਬਸੇਰਾ ॥*
*ਆਪੇ ਹੀ ਰਾਜਨੁ ਆਪੇ ਹੀ ਰਾਇਆ*
*ਕਹ ਕਹ ਠਾਕੁਰੁ ਕਹ ਕਹ ਚੇਰਾ ॥ ੧ ॥*
*ਕਾ ਕਉ ਦੁਰਾਉ ਕਾ ਸਿਉ ਬਲਬੰਚਾ*
*ਜਹ ਜਹ ਪੇਖਉ ਤਹ ਤਹ ਨੇਰਾ ॥*
*ਸਾਧ ਮੂਰਤਿ ਗੁਰੁ ਭੇਟਿਓ ਨਾਨਕ*
*ਮਿਲਿ ਸਾਗਰ ਬੂੰਦ ਨਹੀ ਅਨ ਹੇਰਾ ॥* *ਅੰਗ -੮੨੭*

ਇਹ ਅਵਸਥਾ ਸੀ, ਸਾਧਸੰਗਤ ਜੀ!

ਭਾਈ ਘਨਈਆ ਜੀ ਦਾ ਜੀਵਨ ਪੜ੍ਹਦੇ ਸੁਣਦੇ ਹਾਂ। ਗੁਰੂ ਮਹਾਰਾਜ ਕੋਲ ਸ਼ਿਕਾਇਤ ਲਗਦੀ ਹੈ, ਤੇ ਗੁਰੂ ਮਹਾਰਾਜ ਕੋਲ ਆਉਂਦੇ ਨੇ ਤੇ ਆਪ ਜੀ ਪੁਛਦੇ ਨੇ ਕਿ ਭਾਈ ਘਨੱਈਆ! ਖਾਲਸਾ ਤੇਰੀ ਸ਼ਿਕਾਇਤ ਕਰਦੈ ਕਿ ਤੂੰ ਦੁਸ਼ਮਣਾਂ ਨੂੰ ਪਾਣੀ ਪਿਲਾਉਂਦੈ?

ਕਹਿੰਦੇ, ਸੱਚੇ ਪਾਤਸ਼ਾਹ! ਮੈਂ ਦੁਸ਼ਮਣਾਂ ਨੂੰ ਪਾਣੀ ਨਹੀਂ ਪਿਲਾਇਆ।

ਤੁਰਕਾਂ ਨੂੰ ਪਿਲਾਉਂਦੈ?

ਕਹਿਣ ਲੱਗੇ, ਮੈਂ ਕਿਸੇ ਤੁਰਕ ਨੂੰ ਵੀ ਪਾਣੀ ਨਹੀਂ ਪਿਲਾਇਆ।

ਪਹਾੜੀਆਂ ਨੂੰ ਪਿਲਾਉਂਦੈ?

ਕਹਿੰਦੇ, ਮਹਾਰਾਜ! ਮੈਂ ਕਿਸੇ ਪਹਾੜੀ ਨੂੰ ਵੀ ਨਹੀਂ ਪਿਲਾਇਆ।

ਫੇਰ ਕਿਸ ਨੂੰ ਪਾਣੀ ਪਿਲਾਉਂਦੈਂ?

ਸਿੱਖਾਂ ਨੂੰ 'ਤੇ ਪਿਆਉਂਦਾ ਹੋਏਂਗਾ?

ਸਾਰੇ ਹੈਰਾਨ, ਜਦੋਂ ਕਿਹਾ ਕਿ ਮੈਂ ਕਿਸੇ ਸਿੱਖ ਨੂੰ ਵੀ ਨਹੀਂ ਪਿਆਇਆ।

ਸਾਹਿਬ ਕਹਿੰਦੇ, ਫੇਰ ਸਾਹਿਬ ਕਹਿੰਦੇ, ਨਾ ਕਿਸੇ ਤੁਰਕ ਨੂੰ, ਨਾ ਕਿਸੇ ਦੁਸ਼ਮਣ ਨੂੰ, ਨਾ ਕਿਸੇ ਪਹਾੜੀ ਨੂੰ, ਨਾ ਸਿੱਖਾਂ ਨੂੰ; ਪਾਣੀ ਦੀਆਂ ਮਸ਼ਕਾਂ ਭਰ-ਭਰ ਕੇ ਕਿਸ ਨੂੰ ਪਿਆਉਂਦੈ?

ਨੇਤਰਾਂ 'ਚੋਂ ਪਿਆਰ ਦਾ ਜਲ ਆ ਗਿਆ, ਸੱਚੇ ਪਾਤਸ਼ਾਹ! ਮੈਂ ਜਿਸ ਮੁੱਖੜੇ ਵਿਚ ਪਾਣੀ ਪਾਉਂਦਾ, ਮੈਨੂੰ ਤੂੰ ਹੀ ਨਜ਼ਰ ਆਉਂਦੈ। ਮੈਨੂੰ ਕਲਗੀਆਂ ਵਾਲਾ ਹੀ ਨਜ਼ਰ ਆਉਂਦੈ।

*ਤੈਨੂੰ ਪਿਆ ਪਿਲਾਵਾਂ ਪਾਣੀ ਸਿਰ ਮੇਰੇ ਦੇ ਸਾਂਈਂ!*
*ਤੁਰਕ ਅਤੁਰਕ ਨ ਦਿਸਦਾ ਮੈਨੂੰ ਤੂੰ ਸਾਰੇ ਦਿਸ ਆਈਂ।*
*ਪਿਆਰੇ ਦੇ ਇਕ ਪਿਆਰ ਪ੍ਰੋਤਾ ਉਸ ਦੀ ਸੇਵ ਕਰਾਵਾਂ'*
*ਉਸ ਨੂੰ ਦੇਖਾਂ, ਉਸ ਨੂੰ ਸੇਵਾਂ, ਪਾਣੀ ਉਨੂੰ ਪਿਲਾਵਾਂ।'*

*(ਸ੍ਰੀ ਕਲਗੀਧਰ ਚਮਤਕਾਰ)*

ਸਾਹਿਬ ਫੇਰ ਉਥੇ ਕੀ ਕ੍ਰਿਪਾ ਕਰਦੇ ਨੇ? ਪੱਟੀਆਂ ਮੰਗਵਾਈਆਂ, ਮਲ੍ਹਮ ਦੀਆਂ ਡੱਬੀਆਂ ਮੰਗਵਾਈਆਂ ਤੇ ਕਿਹਾ ਲੈ ਪਿਆਰਿਆ! ਜਿਥੇ ਮੈਨੂੰ ਤੂੰ ਜਲ ਛਕਾਉਂਨੈਂ, ਸਾਰੇ ਸਰੀਰ ਮੇਰੇ ਨੇ ਤੇ ਮੇਰੇ ਜ਼ਖਮਾਂ 'ਤੇ ਮਲ੍ਹਮ ਲਾ ਕੇ ਪੱਟੀਆਂ ਵੀ ਬੰਨ੍ਹ ਦਿਆ ਕਰ।

*ਹੱਸੇ ਤੇ ਗਲ ਲਾਇਆ ਪਯਾਰਾ ਡੱਬੀ ਹੱਥ ਫੜਾਈ -*
*ਪਾਣੀ ਨਾਲ ਮਲ੍ਹਮ ਬੀ ਰੱਖੀਂ ਲੋੜ ਪਈ ਤੇ ਲਾਈਂ।*

*ਸ੍ਰੀ ਕਲਗੀਧਰ ਚਮਤਕਾਰ*

ਕੋਈ ਬੁਰਾ ਨਹੀਂ -

*ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥*
*ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥*

*ਅੰਗ- ੧੩੮੧*

ਸਮਾਂ ਆਇਆ ਸੀ ਯੂ.ਪੀ, ਮਹਾਂਪੁਰਸ਼ਾਂ 'ਤੇ ਇਕ ਜਾਨ ਲੇਵਾ ਵਾਰ ਹੋਇਆ ਸੀ। ਬਰਛਾ ਮਾਰਿਆ ਸੀ। ਉਹ ਬਰਛਾ ਪਤਾ ਨਹੀਂ ਹੁਣ ਕਿੱਥੇ ਹੈ। ਪਹਿਲਾਂ ਤਾਂ ਦੇਖਦੇ ਰਹੇ ਹਾਂ ਅਸੀਂ। ਮਹਾਂਪੁਰਸ਼ਾਂ ਦੇ ਕੋਲ ਰਿਵਾਲਵਰ ਸੀ। ਮਕਾਨ ਦੇ ਕੋਠੇ 'ਤੇ ਪਏ ਸਨ, ਚਾਹੁੰਦੇ ਤਾਂ ਉਹਨਾਂ ਤਿੰਨਾਂ ਨੂੰ ਖਤਮ ਕਰ ਦਿੰਦੇ ਪਰ ਆਪ ਨੇ ਉਪਰ ਨੂੰ ਫਾਇਰ ਕੀਤਾ।

ਅਖੀਰ ਉਹਨਾਂ ਨੂੰ ਜਦੋਂ ਸਜ਼ਾ ਹੋਣ ਲੱਗੀ ਉਦੋਂ ਮਹਾਂਪੁਰਸ਼ਾਂ ਨੇ ਉਹਨਾਂ ਨੂੰ ਬਚਾ ਲਿਆ। ਕਹਿੰਦੇ, ਕੋਈ ਗੱਲ ਨਹੀਂ, ਇਹਨਾਂ ਦੇ ਕੋਈ ਵਸ ਨਹੀਂ। ਇਹਨਾਂ ਦੇ ਇੰਤਜ਼ਾਮ ਅਸੀਂ ਕਰਾਂਗੇ। ਜਿਹੜਾ ਇਹਨਾਂ ਦੇ ਅੰਦਰ ਲਾਲਚ ਹੈ, ਜਿਸ ਕਰਕੇ ਇਹਨਾਂ ਨੇ ਕੀਤਾ ਹੈ। ਉਹਨਾਂ ਦਾ ਵੀ ਭਲਾ ਕੀਤਾ, ਉਹਨਾਂ ਵਿਚ ਵੀ ਪ੍ਰਮੇਸ਼ਰ ਨੂੰ ਦੇਖਿਆ।

ਨੇੜੇ ਸ਼ਹਿਰ ਸੀ, ਬਿਲਾਸਪੁਰ ਤੋਂ ਅੱਗੇ, ਉਥੇ ਇਕ ਮਹਾਤਮਾ ਰਹਿੰਦੇ ਸੀ। ਡਾਕੂ ਪੈ ਗਏ। ਚਾਹੇ ਕਿਸੇ ਵੀ ਸੰਪਰਦਾ ਦਾ ਹੈ, ਚਾਹੇ ਵਾਹਿਗੁਰੂ-ਵਾਹਿਗੁਰੂ ਜਪਣ ਵਾਲਾ ਹੈ, ਚਾਹੇ ਰਾਮ-ਰਾਮ ਜਪਣ ਵਾਲਾ ਹੈ, ਚਾਹੇ ਅੱਲਾਹ-ਅੱਲਾਹ ਜਪਣ ਵਾਲਾ ਹੈ। ਮਹਾਂਪੁਰਸ਼ ਸਭ ਨਾਲ ਪਿਆਰ ਕਰਦੇ ਸੀ। ਸਭ ਇਕ ਨੇ ਅੰਦਰੋਂ। ਆਪ ਉਹਨਾਂ ਕੋਲ ਪਹੁੰਚੇ। ਉਹ ਮਹਾਤਮਾ ਕਹਿਣ ਲੱਗੇ, ਆਜ ਤੋ ਭਗਵਾਨ ਨੇ ਰੂਪ ਹੀ ਔਰ ਧਾਰਨ ਕੀਆ ਥਾ। ਭਗਵਾਨ ਹਮੇਂ ਪੀਟਤੇ ਥੇ ਕਿ ਲਾਓ ਆਪ ਕੇ ਪਾਸ ਕਿਆ ਹੈ?

ਦੇਖੋ, ਡਾਕੂ ਕੁਟਦੇ ਸੀ, ਕਹਿੰਦੇ ਸੀ, ਰੱਬ ਹੀ ਕੁੱਟਦਾ ਹੈ।

ਹਮ ਨੇ ਕਹਾ ਭਗਵਨ! ਜੋ ਹੈ ਤੇਰਾ ਹੀ ਹੈ।

ਅਵਸਥਾ ਹੈ।

ਫੇਰ ਉਥੇ ਹੀ ਸੱਪ ਫਿਰਦਾ ਸੀ। ਕਹਿੰਦੇ, ਇਹ ਭਗਵਨ ਰਾਤ ਕੋ ਹਮਾਰੇ ਊਪਰ ਸੋ ਜਾਤੇ ਹੈਂ। ਫੇਰ ਹਮ ਕਹਿਤੇ ਹੈਂ ਕਿ ਹਮਨੇ ਇਸ਼ਨਾਨ ਕਰਨਾ ਹੈ, ਸਿਮਰਨ ਕਰਨਾ ਹੈ; ਫੇਰ ਭਗਵਨ ਅੰਦਰ ਚਲੇ ਜਾਤੇ ਹੈਂ। ਹਮ ਇਸ਼ਨਾਨ ਕਰ ਲੇਤੇ ਹੈਂ।

ਸਾਧਸੰਗਤ ਜੀ! ਇਹ ਅਵਸਥਾ ਹੈ। ***'ਮਨਿ ਸਾਚਾ ਮੁਖਿ ਸਾਚਾ ਸੋਇ ॥ ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥ ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥'*** ਇਹ ਅਵਸਥਾ ਆਪਣੇ ਪਿਆਰੇ ਮਹਾਂਪੁਰਸ਼ਾਂ ਦੀ ਸੀ।

ਆਮ ਸੰਗਤ ਵਿਚ ਆਪ ਜੀ ਨੇ ਬਚਨ ਨਹੀਂ ਸੁਣਾਇਆ, ਜਿਹੜਾ ਮੈਂ ਸੁਣਾਉਣ ਲੱਗਾ ਹਾਂ।

ਇਥੇ ਖੇਤਾਂ ਵਿਚ ਬੈਠੇ ਸੀ ਮਹਾਂਪੁਰਸ਼ ਥੱਲੇ ਹੀ ਵੱਟ 'ਤੇ। ਦਾਸ ਵੀ ਬੈਠਾ ਸੀ। ਹੋਰ ਨਹੀਂ ਸੀ ਕੋਈ ਵੀ।

ਕਹਿੰਦੇ, ਸਰੀਰ ਦੀ ਉਮਰ ਅਜੇ ਛੋਟੀ ਹੀ ਸੀ, ਅਸੀਂ ਕਿਸੇ ਸਰਵਿਸ ਵਾਸਤੇ ਚੱਲ ਪਏ। ਮੈਨੂੰ ਇਹ ਗੱਲ ਜਿਹੜੀ ਹੈ, ਸੰਤ ਭਗਵਾਨ ਸਿੰਘ ਨੇ, ਜੋ ਧਮੋਟ ਦੇ ਨੇ, ਉਹਨਾਂ ਨੂੰ ਗਿਆਨੀ ਜੀ ਕਿਹਾ ਕਰਦੇ ਸੀ, ਉਹਨਾਂ ਨੇ ਵੀ ਦੱਸੀ। ਕਹਿੰਦੇ ਕਿ ਮੈਂ ਸ੍ਰੀ ਦਮਦਮਾ ਸਾਹਿਬ ਸੰਥਿਆ ਲੈਂਦਾ ਸੀ। ਆਪਣੇ ਮਹਾਂਪੁਰਸ਼ ਵੀ ਉਧਰ ਕੁਝ ਚਿਰ ਰਹੇ। ਉਹਨਾਂ ਨੇ ਇਹ ਵੀ ਕਿਹਾ ਕਿ ਜਦੋਂ ਮੈਨੂੰ ਸ੍ਰੀ ਅਖੰਡ ਪਾਠ ਸਾਹਿਬ ਦੀ ਡਿਊਟੀ 'ਤੇ ਲਾ ਦੇਣਾ, ਬੱਲੇ-ਬੱਲੇ (ਸ਼ਲਾਘਾ) ਸਭ ਨੇ ਕਰਨੀ, ਬੜੀ ਅਵਾਜ਼ ਹੈ, ਪਰ ਮੈਨੂੰ ਬਾਅਦ ਵਿਚ ਪਤਾ ਲੱਗਿਆ ਕਿ ਮੈਨੂੰ ਗੁਰਬਾਣੀ ਦੀ ਸੰਥਿਆ ਲੈਣੀ ਚਾਹੀਦੀ ਹੈ। ਜਦੋਂ ਮੈਂ ਸ੍ਰੀ ਦਮਦਮਾ ਸਾਹਿਬ ਸੰਥਿਆ ਲੈਣ ਗਿਆ। ਮੈਨੂੰ ਪਤਾ ਲੱਗਿਆ ਕਿ ਮੈਂ ਇਕ-ਇਕ ਪੰਕਤੀ ਵਿਚ ਕਈ-ਕਈ ਗਲਤੀਆਂ ਕਰਦਾਂ। ਦਾਸ ਕਈ ਵਾਰ ਬੇਨਤੀ ਕਰਦੈ ਕਿ ਪਿਆਰਿਓ! ਦੁਨਿਆਵੀ ਪੜ੍ਹਾਈ ਚੰਗੀ ਹੈ, ਵੱਧ ਤੋਂ ਵੱਧ ਪੜ੍ਹੋ ਪਰ ਗੁਰਬਾਣੀ ਪੜ੍ਹਨ ਵਾਸਤੇ ਸੰਥਿਆ ਜ਼ਰੂਰ ਲਵੋ। ਉਚਾਰਨ ਕਿਵੇਂ ਕਰਨਾ ਹੈ? ਵਿਸ਼ਰਾਮ ਕਿੱਥੇ ਲੱਗਣਾ

ਹੈ?

ਮਹਾਂਪੁਰਸ਼ਾਂ ਨੇ ਬਚਨ ਸੁਣਾਇਆ ਕਿ ਅਸੀਂ ਇਕ ਡਿਊਟੀ ਲੈ ਲਈ ਨਹਿਰ ਦਾ ਪਾਣੀ ਟੋਭਿਆਂ ਨੂੰ ਦੇਣ ਦੀ। ਉਹ ਜਿਹੜੇ ਪਹਿਲੇ ਕਰਮਚਾਰੀ ਸਨ ਉਹ ਕੀ ਕਰਦੇ ਸੀ? ਉਹਨਾਂ ਨੇ ਅੱਧਾ ਕੁ ਟੋਭਾ ਭਰ ਕੇ ਛੱਡ ਦੇਣਾ ਤੇ ਕਹਿਣਾ ਪੈਸੇ ਦਿਓ। ਉਹਨਾਂ ਨੇ ਪੈਸੇ ਲੈਣੇ। ਕਹਿੰਦੇ, ਜਦੋਂ ਸਾਡੀ ਡਿਊਟੀ ਲੱਗੀ, ਜਿਹੜੇ ਉਤਲੇ ਸੀ ਉਹ ਤਾਂ ਚਾਹੁੰਦੇ ਕਿ ਪੈਸੇ ਆਉਣ। ਅਸੀਂ ਕਿਹਾ ਕਿ ਸਾਰੇ ਲੋਕ ਰੱਬ ਦੇ ਨੇ, ਸਭ ਦੇ ਟੋਭੇ ਭਰ ਦੇਣੇ। ਉਹ ਕਹਿੰਦੇ, ਆਹ ਕੌਣ ਆਇਆ ਹੈ? ਜਿਹਦਾ ਜੀਵਨ ਹੀ ਨਿਰਾਲਾ ਹੈ। ਰੱਬ ਦੇ ਪਿਆਰਿਆਂ ਦਾ ਜੀਵਨ ਸਾਧਸੰਗਤ ਜੀ, ਨਿਰਾਲਾ ਹੁੰਦੈ। ਉਹਨਾਂ ਦੇ ਜੀਵਨ ਦੀਆਂ ਕਥਾ ਵੀ ਨਿਆਰੀਆਂ ਹੁੰਦੀਆਂ ਨੇ –

*ਹਰਿ ਕੇ ਸੇਵਕ ਜੋ ਹਰਿ ਭਾਏ*
*ਤਿਨ੍ ਕੀ ਕਥਾ ਨਿਰਾਰੀ ਰੇ ॥* *ਅੰਗ – ੮੫੫*

ਉਹਨਾਂ ਦਾ ਜੀਵਨ ਦੁਨੀਆਂ ਵਾਸਤੇ ਹੁੰਦੈ, ਦੂਸਰਿਆਂ ਵਾਸਤੇ ਹੁੰਦੈ। ਸੰਸਾਰ ਦਾ ਜੀਵਨ ਆਪਣੇ ਵਾਸਤੇ ਹੁੰਦੈ। ਦਰਿਆ ਚਲਦੈ, ਪਰਉਪਕਾਰ ਕਰੀ ਜਾਂਦੈ, ਕਦੇ ਨਹੀਂ ਕਿਸੇ ਨੂੰ ਕਹਿੰਦਾ ਕਿ ਮੈਂ ਪਰਉਪਕਾਰ ਕਰਦਾ ਹਾਂ। ਫੁੱਲ, ਸੁਗੰਧੀ ਦਿੰਦੈ, ਪਾਣੀ ਪਾਉਣ ਵਾਲੇ ਨੂੰ ਵੀ ਸੁਗੰਧੀ ਦਿੰਦੈ ਤੇ ਤੋੜਨ ਵਾਲੇ ਨੂੰ ਵੀ ਸੁਗੰਧੀ ਦੇ ਦਿੰਦੈ। ਸੁਭਾਅ ਹੈ ਨਾ। ਚੰਦਨ ਦਾ ਬੂਟਾ ਹੈ, ਜਿਹੜਾ ਲੋਹਾ, ਆਰੇ ਜਾਂ ਕੁਹਾੜੇ ਦੇ ਰੂਪ ਵਿਚ ਕੱਟਦੈ, ਚੰਦਨ ਰੋਸ ਨਹੀਂ ਕਰਦਾ। ਕੱਟਣ ਵਾਲੇ ਦਾ ਮੂੰਹ ਸੁਗੰਧਤ ਕਰ ਦਿੰਦੈ। ਬੇਸ਼ੱਕ ਤੂੰ ਮੈਨੂੰ ਕੱਟ ਰਿਹੈਂ, ਤੇਰੇ ਵਿਚੋਂ ਵੀ ਮੇਰੀ ਸੁਗੰਧੀ ਆਏਗੀ। ਇਸੇ ਤਰ੍ਹਾਂ ਰੱਬ ਦੇ ਪਿਆਰਿਆਂ ਦੇ ਸੁਭਾਅ ਹੁੰਦੇ ਨੇ। ਉਹਨਾਂ ਦੇ ਜੀਵਨ ਦੀ ਕਥਾ ਨਿਆਰੀ ਹੈ। ਉਹਨਾਂ ਦੇ ਜੀਵਨ 'ਤੇ ਕਿੰਨਾ ਅਸਰ ਪਿਆ, ਕਿੰਨਿਆਂ ਦੇ ਜੀਵਨ ਬਦਲੇ। ਸਿੰਧ ਵਿਚ ਜਾ ਕੇ ਜਿਥੇ ਖੇਤੀ ਕਰਦੇ, ਪਹਿਲਾਂ ਬਚਪਨ ਵਿਚ ਧਮੋਟ ਵਿਚ ਵੀ ਹਲ ਚਲਾਏ। ਜਿਥੇ ਪੜ੍ਹਾਈ ਕੀਤੀ ਹੈ, ਦਸਿਆ ਕਰਦੇ ਸੀ। ਦੂਸਰੇ ਭਰਾ ਇਕ ਪਾਸੇ, ਆਪ ਇਕ ਪਾਸੇ ਕਿ ਇਹਨਾਂ ਨੇ ਤਾਂ ਬਲਦਾਂ ਨੂੰ ਕੁਝ ਕਹਿਣਾ ਹੀ ਨਹੀਂ। ਇਹਨਾਂ ਨੇ ਤਾ ਵਾਹਿਗੁਰੂ–ਵਾਹਿਗੁਰੂ ਕਰੀ ਜਾਣੈ। ਸਿੰਧ ਵਿਚ ਜਾ ਕੇ ਵੀ ਖੇਤੀ ਕੀਤੀ ਹੈ, ਨਾਲ ਪ੍ਰਚਾਰ ਕੀਤੈ। ਦੇਖਿਆ ਕਿਸੇ ਦੀ ਕਣਕ ਖੜ੍ਹੀ ਹੈ, ਆਲੇ ਦੁਆਲੇ ਸਭ ਨੇ ਕੱਟ ਲਈ। ਕੋਈ ਮਜ਼ਬੂਰ ਹੋਏਗਾ। ਸ਼ਾਮ ਦਾ ਸਮਾਂ ਹੈ, ਆਪਣੇ ਸਾਥੀਆਂ ਨੂੰ ਪੁੱਛਿਆ ਕਿ ਕਿਉਂ ਭਾਈ, ਥੱਕੇ ਤਾਂ ਨਹੀਂ। ਕਹਿੰਦੇ, ਨਹੀਂ। ਕਹਿੰਦੇ ਦਾਤਰੀਆਂ ਲਿਆਓ। ਤੁਸੀਂ 29 ਹੋ, ਇਕ ਮੇਰੀ ਵੀ ਲੈ ਆਇਓ। ਉਸ ਵੇਲੇ ਉਹਨਾਂ ਨੂੰ ਭਾਈ ਸਾਹਿਬ ਜਾਂ ਭਾਅ ਜੀ ਕਹਿੰਦੇ ਸੀ। ਚੱਲ ਪਏ। ਖੇਤ ਕੱਟਿਆ ਜਾ ਕੇ ਰਾਤੋ–ਰਾਤ। ਭਰੇ ਬੰਨ੍ਹੇ, ਗਰੇ ਲਾ ਦਿਤੇ। ਜਿਹੜੀ ਨਹਿਰ ਸੀ ਉਥੇ ਇਸ਼ਨਾਨ ਕਰਕੇ, ਉਥੇ ਫੇਰ ਸ੍ਰੀ ਆਸਾ ਕੀ ਵਾਰ ਸ਼ੁਰੂ ਕਰ ਦਿਤੀ। ਜਦੋਂ ਸੁਣਿਆ, ਕਹਿਣ ਲੱਗੇ, ਇਹ ਕੌਣ ਨੇ? ਪਤਾ ਲਗਿਆ ਕਿ ਇਹ ਉਹ ਨੇ, ਜਿਨ੍ਹਾਂ ਨੇ ਰਾਤ ਕਣਕ ਵੱਢੀ ਹੈ। ਕਹਿਣ ਲੱਗੇ, ਵਾਹ ਓਏ ਰੱਬ ਦੇ ਪਿਆਰਿਓ। ਇਕੱਠੇ ਹੋ ਗਏ, ਦੇਗਾਂ ਆ ਗਈਆਂ। ਉਹਨਾਂ ਲੋਕਾਂ 'ਤੇ ਕਿੰਨਾ ਅਸਰ ਪਿਆ। ਮਹਾਂਪੁਰਸ਼ਾਂ ਦਾ ਇਕ ਬਚਨ ਹੈ, ਜੀਵਨ ਹੀ ਪ੍ਰਚਾਰ ਹੈ। ਪ੍ਰਚਾਰ ਨਹੀਂ, ਜੇ ਜੀਵਨ ਨਹੀਂ ਤਾਂ। ਰੱਬ ਦੇ ਪਿਆਰੇ ਕਥਨੀ ਦੇ ਨਾਲ ਕਰਨੀ ਦੇ ਵੀ ਪੂਰੇ ਹੁੰਦੇ ਨੇ। ਜੀਵਨ ਹੀ ਪ੍ਰਚਾਰ ਹੁੰਦੈ। ਉਹਨਾਂ ਲੋਕਾਂ 'ਤੇ ਬਹੁਤ ਅਸਰ ਪਿਆ। ਉਥੇ ਨਸਵਾਰਾਂ ਲੈਂਦੀਆਂ ਸੀ ਬੀਬੀਆਂ, ਹੁੱਕੇ ਚਲਦੇ ਸੀ, ਸ਼ਰਾਬਾਂ ਪੀਂਦੇ ਸੀ, ਜੀਵਨ ਬਦਲ ਗਿਆ ਉਹਨਾਂ ਦਾ।

ਸਮਾਂ ਆਇਆ ਆਪ ਜੀ ਨੇ ਆਰਮੀ ਦੇ ਵਿਚ ਵੀ ਸਰਵਿਸ ਕੀਤੀ ਅਤੇ ਇਕ ਮਿਸਾਲ ਕਾਇਮ ਕੀਤੀ। ਸਮਾਂ ਆਇਆ ਸੈਕਟਰੀਏਟ ਵਿਚ ਸਰਵਿਸ ਕੀਤੀ ਉਸ ਵੇਲੇ ਵੀ ਸਿੱਖੀ ਦਾ ਪ੍ਰਚਾਰ, ਨਾਲ ਕੀਤਾ। 1966 ਵਿਚ ਰਾੜਾ ਸਾਹਿਬ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ) ਵਾਲੇ ਮਹਾਂਪੁਰਸ਼ਾਂ ਦੇ ਬਚਨਾਂ ਅਨੁਸਾਰ ਆਪ ਜੀ ਯੂ.ਪੀ ਗਏ। ਰਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਨੇ ਕਿਹਾ ਸੀ ਕਿ ਤੁਹਾਡੇ ਤੋਂ ਸੰਗਤ ਸੰਭਾਲੀ ਨਹੀਂ ਜਾਏਗੀ। ਉਥੇ ਜਦੋਂ ਦੀਵਾਨ ਸ਼ੁਰੂ ਕੀਤੇ ਤਾਂ ਬਚਨ ਕੀਤਾ, ਆਓ ਰੱਬ ਨੂੰ ਮੰਨਣ ਵਾਲਿਓ! ਭਾਵ ਚਾਹੇ ਕੋਈ ਵਾਹਿਗੁਰੂ–ਵਾਹਿਗੁਰੂ ਕਰਦੈ, ਚਾਹੇ ਕੋਈ ਅੱਲਾਹ–ਅੱਲਾਹ ਕਰਦੈ, ਰਾਮ–ਰਾਮ ਕਰਦੈ, ਸਾਰੇ ਇਕੱਠੇ ਹੋਵੋ, ਆਪਾਂ ਸਾਰੇ ਉਹਦੇ ਬੱਚੇ ਹਾਂ –

*ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ ॥*
*ਅੰਗ – ੬੧੧*

ਆਪ ਜੀ ਨੇ ਸੁਣਿਆ ਹੋਏਗਾ ਕਿ ਮਹਾਂਪੁਰਸ਼ ਇਕ ਬਚਨ ਸੁਣਾਇਆ ਕਰਦੇ ਕਿ ਇਕ ਮਹਾਤਮਾ ਨੇ ਜਿਹੜੇ ਰਾਮ–ਰਾਮ ਜਪਣ ਵਾਲੇ ਸੀ ਉਹਨਾਂ ਨੂੰ ਕਹਿਣਾ ਆਓ ਭਾਈ, ਨਾਮ ਜਪੀਏ। ਕਹਿਣਾ ਸਾਡੇ ਨਾਲ ਜਪਿਓ। ਰਾਮ–ਰਾਮ ਸ਼ੁਰੂ ਕਰ ਦੇਣਾ ਤੇ ਕੁਝ

ਸਮੇਂ ਤੋਂ ਬਾਅਦ ਇਕ ਦਮ ਬਦਲ ਕੇ ਕਹਿਣਾ, ਅੱਲਾਹ-ਹੂ, ਅੱਲਾਹ-ਹੂ। ਉਹਨਾਂ ਨੇ ਚੁੱਪ ਕਰ ਜਾਣਾ। ਅੱਲਾਹ ਹੂ ਜਪਣ ਵਾਲਿਆਂ ਵਿਚ ਜਾਣਾ, ਆਓ ਭਾਈ ਅੱਲਾਹ ਦਾ ਨਾਮ ਜਪੀਏ। ਅੱਲਾਹ ਦਾ ਨਾਮ ਜਪਦੇ-ਜਪਦੇ ਇਕ ਦਮ ਕਹਿਣਾ ਰਾਮ-ਰਾਮ। ਉਹਨਾਂ ਨੇ ਇਕ ਦਮ ਚੁੱਪ ਕਰ ਜਾਣਾ, ਜਿਵੇਂ ਕੋਈ ਹੋਰ ਬੇਗਾਨਾ ਹੁੰਦੈ। ਰਾਮ-ਰਾਮ ਜਪਣ ਵਾਲੇ ਨੂੰ ਅੱਲਾਹ ਹੂ ਜਪਣਾ ਔਖਾ ਹੈ ਤੇ ਅੱਲਾਹ ਹੂ ਜਪਣ ਵਾਲੇ ਨੂੰ ਰਾਮ-ਰਾਮ ਜਪਣਾ ਔਖਾ ਹੈ। ਪਰ ਇਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਘਰ ਹੈ, ਜਿਥੇ ਗੁਰਸਿੱਖ ਬਾਣੀ ਪੜ੍ਹਦੈ -

*ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ ॥*
*ਅੰਗ- ੧੪੨੭*

ਇਹ ਕਿਹੜਾ ਰਾਮ? ਜਿਹੜਾ ਰਮਿਆ ਹੋਇਐ ਸਾਰੇ, ਪ੍ਰਮੇਸ਼ਰ-ਵਾਹਿਗੁਰੂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਾਮ ਦਾ ਸ਼ਬਦ ਬਹੁਤ ਵਾਰ ਆਇਐ। ਇਕ ਤਾਂ ਸ੍ਰੀ ਰਾਮ ਚੰਦਰ ਜੀ ਅਵਤਾਰ ਹੋਏ ਨੇ। ਇਹ ਰਾਮ ਸ਼ਬਦ ਉਹ ਹੈ ਜਿਹੜਾ ਰਮਿਆ ਹੋਇਆ ਹੈ, ਪ੍ਰਮੇਸ਼ਰ ਵਾਹਿਗੁਰੂ ਉਹ ਹੈ। ਉਸੇ ਰਸਨਾ ਨਾਲ ਸਿੱਖ ਪੜ੍ਹਦੈ -

*ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥*
*ਏਕ ਨੂਰ ਤੇ ਸਭੁ ਜਗੁ ਉਪਜਿਆ*
*ਕਉਨ ਭਲੇ ਕੋ ਮੰਦੇ ॥ ਅੰਗ - ੧੩੫੦*

ਆਓ ਇਕੱਠੇ ਹੋਵੋ। ਕੀ ਕਿਹਾ ਸੀ ਬਚਨ ਆਪ ਨੇ? ਕਹਿੰਦੇ, ਆਪਾਂ ਇਕੱਠੇ ਹੋਈਏ ਤੇ ਆਪਣਾ ਮੁਕਾਬਲਾ ਹੈ ਕਲਜੁਗ ਦੇ ਦੈਂਤ ਨਾਲ। ਆਹ ਬਚਨ ਕੀਤਾ ਸੀ। ਹਰ ਮਜ਼੍ਹਬ ਦਾ, ਹਰ ਸੰਪਰਦਾ ਦਾ ਪ੍ਰੇਮੀ ਮਹਾਂਪੁਰਸ਼ਾਂ ਦੇ ਦੀਵਾਨਾਂ 'ਚ ਆਇਆ ਕਰਦਾ ਸੀ। ਜਿੰਨੇ ਵੀ ਕਰਨੀ ਕਮਾਈ ਵਾਲੇ ਮਹਾਂਪੁਰਸ਼, ਟਕਸਾਲ ਹੈ, ਕਾਰ ਸੇਵਾ ਵਾਲੇ ਮਹਾਂਪੁਰਸ਼ ਹਨ, ਹੋਰ ਸੰਪਰਦਾ ਵਾਲੇ ਮਹਾਂਪੁਰਸ਼ ਹਨ, ਕਮਾਈ ਵਾਲੇ ਮਹਾਂਪੁਰਸ਼ਾਂ ਦੇ ਬਚਨ ਸਾਰੇ ਹੀ ਸੁਣਾਉਂਦੇ ਹਨ। ਸਾਰਿਆਂ 'ਤੇ ਅਸਰ ਪੈਂਦਾ ਹੈ ਪਿਆਰਿਓ। ਚਾਹੇ ਉਹ ਕਿਸੇ ਧਰਮ ਦਾ ਹੈ, ਕਿਸੇ ਮਜ਼੍ਹਬ ਦਾ ਹੈ। ਸਭ ਝੋਲੀਆਂ ਭਰ ਕੇ ਲੈ ਜਾਂਦੇ ਸਨ। ਯੂ.ਪੀ ਆਪ ਨੇ 12 ਸਾਲ ਲਗਾਏ, ਹਿੰਦੋਸਤਾਨ ਟਰੈਕਟਰ ਹੁੰਦਾ ਸੀ, ਕਈ ਵਾਰ ਟਰੈਕਟਰ ਟਰਾਲੀ ਲੈ ਕੇ ਆਉਂਦੇ। ਬਾਅਦ ਵਿਚ ਫੇਰ ਜੌਂਗਾ, ਫੇਰ ਜੀਪ, ਫੇਰ ਕਾਰ ਆਈ। ਕਈ-ਕਈ ਕਿਲੋਮੀਟਰ ਮਹਾਂਪੁਰਸ਼ ਪੈਦਲ ਵੀ ਚਲ ਕੇ ਜਾਂਦੇ ਸੀ, ਸਤਿਕਾਰਯੋਗ ਬੀਜੀ ਵੀ ਨਾਲ ਹੁੰਦੇ ਸੀ। ਜਿਥੇ ਵੀ ਗਏ ਨੇ ਉਥੇ ਜਾ ਕੇ ਆਪ ਜੀ ਨੇ ਅਵਾਜ਼ ਦਿਤੀ ਹੈ ਕਿ ਪਿਆਰਿਓ! ਸਮਾਂ ਆ ਗਿਆ ਹੈ -

*ਗੁਰ ਸੇਵਾ ਤੇ ਭਗਤਿ ਕਮਾਈ ॥*
*ਤਬ ਇਹ ਮਾਨਸ ਦੇਹੀ ਪਾਈ ॥ ਅੰਗ - ੧੧੫੯*

ਤੁਹਾਨੂੰ ਮਨੁੱਖ ਜਨਮ ਮਿਲਿਐ ਇਹ ਸਮਝੋ ਕਿ ਕਾਹਦੇ ਵਾਸਤੇ ਮਿਲਿਆ ਹੈ? ਆਹ ਸੰਸਾਰ 'ਤੇ ਜਾ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੰਦੇਸ਼ ਘਰ-ਘਰ ਪਹੁੰਚਾਈਏ।

*ਅਬ ਕਲੂ ਆਇਓ ਰੇ ॥ ਇਕੁ ਨਾਮੁ ਬੋਵਹੁ ਬੋਵਹੁ ॥*
*ਅਨ ਰੂਤਿ ਨਾਹੀ ਨਾਹੀ ॥*
*ਮਤੁ ਭਰਮਿ ਭੂਲਹੁ ਭੂਲਹੁ ॥ ਅੰਗ - ੧੧੮੫*

ਇਹ ਨਾਮ ਦਾ, ਸੇਵਾ ਸਿਮਰਨ ਦਾ, ਸਮਾਂ ਹੈ। ਸਭ ਤੋਂ ਪਹਿਲਾਂ ਸਮਰੱਥ ਗੁਰੂ ਵਾਲੇ ਬਣੋ। ਗੁਰੂ ਦੇ ਲੜ ਲੱਗੋ। ਕਿਉਂਕਿ ਜਿੰਨਾਂ ਚਿਰ ਨਿਗੁਰਾ ਹੈ-

*ਸਤਿਗੁਰ ਬਾਝਹੁ ਗੁਰੁ ਨਹੀ ਕੋਈ*
*ਨਿਗੁਰੇ ਕਾ ਹੈ ਨਾਉ ਬੁਰਾ ॥ ਅੰਗ - ੪੩੫*
*ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥*
*ਕੂਕਰਹ ਸੂਕਰਹ ਗਰਧਭਹ*
*ਕਾਕਹ ਸਰਪਨਹ ਤੁਲਿ ਖਲਹ ॥ ਅੰਗ- ੧੩੫੬*

ਆਮ ਮਹਾਂਪੁਰਸ਼ ਧਾਰਨਾ ਵੀ ਪੜ੍ਹਿਆ ਕਰਦੇ - 'ਕਾਵਾਂ ਕੁੱਤਿਆਂ ਗਧਿਆਂ ਦੀ ਜੂਨੀ ਪੈਣਗੇ ਜਿਨ੍ਹਾਂ ਨੇ ਗੁਰੂ ਨਹੀਂ ਧਾਰਿਆ।'

ਕਈ ਵਾਰੀ ਅਸੀਂ ਸੁਣਨਾ ਨਹੀਂ ਚਾਹੁੰਦੇ ਪਰ ਜਦੋਂ ਇਹਨਾਂ ਜੂਨਾਂ 'ਚ ਪਵਾਂਗੇ, ਜੇ ਨਿਗੁਰੇ ਰਹੇ ਫੇਰ ਹਾਲ ਕੀ ਹੋਏਗਾ? ਇਸ ਕਰਕੇ ਸਰਲ ਬਚਨ ਵੀ, ਗਹਿਰੇ ਤੋਂ ਗਹਿਰੇ ਬਚਨ ਵੀ, ਵੱਡੇ-ਵੱਡੇ ਵਿਦਵਾਨ ਜਿਹੜੇ ਸੀ, ਉਹ ਸਿਰ ਝੁਕਾਉਂਦੇ ਸੀ। ਡਾ. ਸਵਾਮੀ ਰਾਮ ਜੀ ਸੰਨ 1993 ਵਿਚ ਪਹਿਲੀ ਵਾਰ ਆਏ ਸੀ, ਐਸਾ ਅਸਰ ਹੋਇਆ, ਕੋਈ ਦੁਨੀਆਂ ਦਾ ਸੰਤ ਨਹੀਂ ਸੀ ਉਹਨਾਂ ਨੇ ਛੱਡਿਆ ਪਰ ਉਹਨਾਂ ਨੇ ਕਿਹਾ ਕਿ ਹਮੇਂ ਏਕ ਸੰਤ ਮਿਲੇ ਹੈਂ, ਯਹ ਤੋਂ ਪਿਆਰ ਕੇ ਸਾਗਰ ਹੈਂ। ਉਹਨਾਂ ਨੂੰ ਐਨਾ ਅਸਰ ਹੋਇਆ। ਜਿਵੇਂ ਪਹਿਲਾਂ ਬਾਬਾ ਹਰਪਾਲ ਸਿੰਘ ਜੀ ਦਸ ਰਹੇ ਸੀ ਕਿ ਡਾ. ਸਵਾਮੀ ਰਾਮ ਜੀ ਅੰਮ੍ਰਿਤ ਛਕਣ ਨੂੰ ਵੀ ਤਿਆਰ ਹੋ ਗਏ ਸੀ। ਪਰ ਸਮਾਂ ਐਸਾ ਹੋਇਆ ਕਿ ਜਲਦੀ ਚੜ੍ਹਾਈ ਕਰ ਗਏ।

*'ਚਲਦਾ.................।'*

# ਕਤਿਕ ਹੋਵੈ ਸਾਧਸੰਗੁ.......॥

*ਸੰਤ ਬਾਬਾ ਹਰਪਾਲ ਸਿੰਘ ਜੀ*
*ਐਡੀਟਰ-ਇਨ-ਚੀਫ'*

*ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥*
*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥*
*ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥ ਖਿਨ ਮਹਿ*
*ਕਉੜੇ ਹੋਇ ਗਏ ਜਿਤੜੇ ਮਾਇਆ ਭੋਗ ॥*
*ਵਿਚ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ ॥*
*ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ ॥*
*ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ ॥*
*ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ ॥*
*ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ ॥*
*ਅੰਗ - ੧੩੫*

ਪਰਮ ਸਤਿਕਾਰਯੋਗ, ਗੁਰੂ ਪਿਆਰ ਦੇ ਵਿਚ, ਗੁਰੂ ਦਰਬਾਰ ਦੇ ਅੰਦਰ, ਕੱਤਕ ਮਹੀਨੇ ਦੀ ਸੰਗਰਾਂਦ ਮਨਾਉਣ ਵਾਸਤੇ ਦੂਰੋਂ-ਨੇੜਿਓਂ ਨਤ ਮਸਤਕ ਹੋ ਰਹੀ ਪਿਆਰੀ ਸੰਗਤ, ਸਾਰੇ ਹੀ ਆਪਣੀਆਂ-ਆਪਣੀਆਂ ਚਿੱਤ ਬਿਰਤੀਆਂ ਨੂੰ ਪੂਰੀ ਤਰ੍ਹਾਂ ਦੇ ਨਾਲ ਅੰਤਰਮੁਖ ਕਰਦੇ ਹੋਏ, ਰਸਨਾ ਦੀ ਪਵਿੱਤਰਤਾ ਦੇ ਵਾਸਤੇ ਉਚਾਰਨ ਕਰੋ ਜੀ, ਸਤਿਨਾਮੁ ਸ੍ਰੀ ਵਾਹਿਗੁਰੂ। ਗੁਰੂ ਪਾਤਸ਼ਾਹ ਜੀ ਨੇ ਰਹਿਮਤ ਕੀਤੀ ਹੈ, ਪਵਿੱਤਰ ਅਸਥਾਨ, ਪਿਆਰੇ ਦਾ ਇਹ ਅਸਥਾਨ ਗੁਰਦੁਆਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ, ਜੋ ਆਪਣੇ ਪਿਆਰੇ ਮਹਾਂਪੁਰਸ਼ ਸਚਖੰਡ ਵਾਸੀ, ਸ੍ਰੀ ਮਾਨ ਸੰਤ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਦੇ ਨਾਮ ਉਪਰ, ਗੁਰਦੁਆਰਾ ਈਸ਼ਰ ਪ੍ਰਕਾਸ਼ ਨਾਂ ਮਹਾਂਪੁਰਸ਼ਾਂ ਨੇ ਰੱਖਿਆ। ਜਿਥੇ ਹਰ ਰੋਜ਼ ਹੀ ਸਵੇਰੇ ਸ਼ਾਮ ਤਾਂ ਨਿਤਨੇਮ ਹੁੰਦੇ ਹੀ ਹਨ, ਲਗਾਤਾਰ 1987 ਤੋਂ ਅਖੰਡ ਪਾਠ ਸਾਹਿਬਾਨ ਦੀ ਲੜੀ ਪ੍ਰਾਰੰਭ ਹੈ। ਜਿਥੇ ਨਿਰੰਤਰ ਗੁਰਬਾਣੀ ਦਾ ਪ੍ਰਵਾਹ ਚੱਲ ਰਿਹਾ ਹੈ।

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥ ਅੰਗ - ੩੦੫*

ਕਿ ਧਿਆਨ 'ਚ ਬੈਠ ਜਾਵੇ।

*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥ ਅੰਗ - ੩੦੫*

ਜੋ ਅੰਮ੍ਰਿਤ ਦਾ ਸਰੋਵਰ ਹੈ, ਆਪਾਂ ਜਦੋਂ ਉਥੇ ਜਾਂਦੇ ਹਾਂ, ਇਹ ਪ੍ਰਤੀਕ ਹੈ, ਉਸ ਪਾਣੀ ਦੀ ਤਾਸੀਰ ਬਦਲ ਕੇ, ਕਿਉਂਕਿ ਉਹਦੇ ਵਿਚ ਬਾਣੀ ਦਾ ਅਸਰ ਹੋਇਆ ਤੇ ਅੰਮ੍ਰਿਤ ਦਾ ਸਰੋਵਰ ਬਣ ਗਿਆ। ਪੰਜ ਬਾਣੀਆਂ ਦਾ ਪਾਠ ਕਰਕੇ ਪੰਜ ਪਿਆਰੇ ਅੰਮ੍ਰਿਤ ਤਿਆਰ ਕਰਦੇ ਨੇ ਤੇ ਇਥੇ ਤਾਂ ਕਿੱਡੀ ਕ੍ਰਿਪਾ ਹੈ, ਜੋ ਅੰਮ੍ਰਿਤ ਸਰੋਵਰ ਦੇ ਵਿਚ -

*ਰਾਮਦਾਸ ਸਰੋਵਰਿ ਨਾਤੇ ॥ ਸਭਿ ਉਤਰੇ ਪਾਪ ਕਮਾਤੇ ॥*
*ਅੰਗ - ੬੨੫*

ਇਹ ਵੀ ਆਉਂਦਾ ਹੈ -

*ਰਾਮਦਾਸਿ ਸਰੋਵਰ ਨਾਤੇ ॥ ਸਭ ਲਾਥੇ ਪਾਪ ਕਮਾਤੇ॥*
*ਅੰਗ - ੬੨੪*

ਕਿੱਡੀ ਬਖਸ਼ਿਸ਼ ਹੋਈ ਹੈ। ਉਥੇ ਜਾ ਕੇ ਇਸ਼ਨਾਨ ਕਰਦੇ ਨੇ, ਸ਼ਰਧਾ ਨੂੰ, ਭਾਵਨਾ ਨੂੰ, ਭਾਗ ਲਗਦਾ ਹੈ ਪਰ ਜਿਹੜਾ ਅੰਦਰ ਦਾ ਸਰੋਵਰ ਹੈ, ਉਸ ਦੇ ਬਾਰੇ ਤਾਕੀਦ ਕੀਤੀ ਹੈ ਪਾਤਸ਼ਾਹ ਨੇ ਕਿ ਜਿਹੜਾ-

*ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ*
*ਮਨ ਤਨ ਭਏ ਅਰੋਗਾ ॥*
*ਕੋਟਿ ਬਿਘਨ ਲਾਥੇ ਪ੍ਰਭ ਸਰਣਾ ਪ੍ਰਗਟੇ ਭਲੇ ਸੰਜੋਗਾ॥*
*ਅੰਗ - ੬੧੧*

ਜਿਹੜਾ ਅੰਦਰ ਅੰਮ੍ਰਿਤ ਦਾ ਸਰੋਵਰ ਹੈ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥ ਅੰਗ - ੨੯੩*

ਨਿਸ਼ਾਨੀ ਵੀ ਦੱਸੀ ਹੈ -

*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥ ਅੰਗ- ੨੯੩*

ਇਹ ਕਹਿਣ 'ਚ ਨਹੀਂ ਆਈ ਕਿਉਂਕਿ ਗੂੰਗੇ ਕੀ ਮਠਿਆਈ ਵਾਲੀ ਬਾਤ ਅਗੰਮ ਕੀ ਹੈ। ਮਹਾਂਪੁਰਸ਼ਾਂ ਨੇ ਪੁਸਤਕ 'ਬਾਤ ਅਗੰਮ ਕੀ' ਸੱਤ ਭਾਗਾਂ ਦੇ ਵਿਚ ਇਹ ਬਾਤ ਕੀਤੀ ਹੈ। ਉਹਦੇ ਵਿਚ ਬਹੁਤ ਹੀ ਅਨੁਭਵ ਖੁਲ੍ਹਦਾ ਜਾਂਦਾ ਹੈ। ਹੁਣ ਇਹ ਉਪਦੇਸ਼ ਹੈ -

*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ ॥ ਅੰਗ - ੩੦੬*

ਕਿਉਂਕਿ ਜਦੋਂ ਸਵਾਸ ਤੇ ਗਿਰਾਸ, ਮਨ ਦਾ ਕੰਮ ਹੈ ਫੁਰਨੇ ਕਰਨਾ, ਬੁੱਧੀ ਦਾ ਕੰਮ ਹੈ ਉਹਨੂੰ ਵਿਚਾਰਨਾ ਪਰ ਜਦੋਂ ਅਸੀਂ ਗੁਰਦੁਆਰੇ 'ਚ ਆਉਂਦੇ ਹਾਂ, ਇਥੇ ਮੰਗਦੇ ਹਾਂ - 'ਦੀਜੈ ਬੁਧਿ ਬਿਬੇਕਾ'।

ਬਾਕੀ ਕਰਮ ਜਿਹੜੇ ਨੇ -

*ਪਾਠੁ ਪੜਿਓ ਅਰੁ ਬੇਦੁ ਬੀਚਾਰਿਓ*
*ਨਿਵਲਿ ਭੁਅੰਗਮ ਸਾਧੇ ॥*
*ਪੰਚ ਜਨਾ ਸਿਉ ਸੰਗੁ ਨ ਛੁਟਕਿਓ*
*ਅਧਿਕ ਅਹੰਬੁਧਿ ਬਾਧੇ ॥ ੧ ॥*
*ਪਿਆਰੇ ਇਨ ਬਿਧਿ ਮਿਲਣੁ ਨ ਜਾਈ*
*ਮੈ ਕੀਏ ਕਰਮ ਅਨੇਕਾ ॥*
*ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥*
*ਅੰਗ - ੬੪੧*

ਕਿਉਂਕਿ ਸਭ ਤੋਂ ਸ੍ਰੇਸ਼ਟ ਕਰਮ ਜਿਹੜਾ ਹੈ ਉਹ ਹੈ -

*ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥ ਅੰਗ - ੨੯੩*

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥*
*ਅੰਗ - ੬੪੨*

ਕਰਮ ਬਾਰੇ ਹਿੰਦੀ ਅਤੇ ਸੰਸਕ੍ਰਿਤ ਵਿਚ ਬਹੁਤਾ ਆਇਆ ਹੈ। ਕਰਮ ਫਿਲਾਸਫੀ ਗੀਤਾ ਦੇ ਰਾਹੀਂ ਉਤਰੀ ਹੈ। ਕ੍ਰਿਸ਼ਨ ਮਹਾਰਾਜ ਜੀ ਨੇ ਮੈਦਾਨ-ਏ-ਜੰਗ ਕੁਰਸ਼ੇਤਰ ਦੇ ਵਿਚ, ਕਰਮ ਪ੍ਰੈਕਟੀਕਲ ਰੂਪ ਵਿਚ ਕਰਨ ਵਾਸਤੇ ਸਿਖਾਇਆ। ਪੰਜਾਬੀ ਦੇ ਵਿਚ ਆਪਾਂ ਕੰਮ ਕਹਿੰਦੇ ਹਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ, ਇਹ ਸਾਰੀ ਸਾਰ ਬਾਣੀ ਹੈ। ਭਾਵੇਂ ਕਿਤੇ ਯਥਾਰਥ ਬਚਨ ਆਏ ਨੇ, ਕਿਤੇ ਰੌਚਕ ਆ ਗਏ, ਕਿਤੇ ਭਿਆਨਕ ਆ ਗਏ, ਪਰ ਸਾਰੀ ਬਾਣੀ-

*ਇਹ ਬਾਣੀ ਜੋ ਜੀਅਹੁ ਜਾਣੈ*
*ਤਿਸੁ ਅੰਤਰਿ ਰਵੈ ਹਰਿ ਨਾਮਾ ॥ ਅੰਗ - ੭੯੭*

ਨਾਮ ਨਾਲ ਜੋੜਦੀ ਹੈ। ਸ੍ਰੀ ਗੁਰੂ ਹਰਿਰਾਇ ਪਾਤਸ਼ਾਹ ਨੂੰ ਸੰਗਤ ਨੇ ਬੇਨਤੀ ਕੀਤੀ ਕਿ ਬਾਣੀ ਪੜ੍ਹਨੀ ਜ਼ਰੂਰੀ ਹੈ ਜਾਂ ਨਾਮ ਜਪਣਾ ਜ਼ਰੂਰੀ ਹੈ?

ਪਾਤਸ਼ਾਹ ਕਹਿੰਦੇ, ਦੋਵੇਂ ਜ਼ਰੂਰੀ ਹਨ। ਸਮਾਂ ਹੈ ਜਿਵੇਂ ਅੰਮ੍ਰਿਤ ਵੇਲੇ ਉਠਦੇ ਹੋਂ, ਪਹਿਲਾਂ ਧਿਆਨ ਵਿਚ ਬੈਠੋ, ਸਵਾਸ ਗਿਰਾਸ ਦਾ ਸਿਮਰਨ ਕਰੋ। ਅਵਸਥਾ ਹੈ - ਬੈਖਰੀ ਬਾਣੀ, ਮਧਮਾ, ਪਸੰਤੀ, ਪਰਾ ਬਾਣੀ। ਅੱਗੇ ਫੇਰ ਆਗਿਆ ਚੱਕਰ 'ਚ ਜਪਦੇ ਨੇ। ਅੱਗੇ ਤ੍ਰਿਕੁਟੀ 'ਚ ਹੁੰਦਾ ਹੈ -

*ਅਨਹਤ ਬਾਣੀ ਥਾਨੁ ਨਿਰਾਲਾ ॥*
*ਤਾ ਕੀ ਧੁਨਿ ਮੋਹੇ ਗੋਪਾਲਾ ॥ ਅੰਗ - ੧੮੬*

*ਦਸਮ ਦੁਆਰਾ ਅਗਮ ਅਪਾਰਾ*
*ਪਰਮ ਪੁਰਖ ਕੀ ਘਾਟੀ ॥ ਅੰਗ - ੬੭੪*

ਪੌੜੀ ਦਰ ਪੌੜੀ ਚਲਦੇ ਹਾਂ, ਰੋਮ-ਰੋਮ 'ਤੇ ਪਹੁੰਚ ਕੇ ਸਾਰਾ ਵਾਤਾਵਰਣ ਹੀ ਪ੍ਰਮੇਸ਼ਰ ਦਿਸਣਾ ਸ਼ੁਰੂ ਹੋ ਗਿਆ -

*ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ*
*ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥ ਅੰਗ - ੧੨੬੫*

ਸੋ ਇਹ ਸ੍ਰੇਸ਼ਟ ਕਰਮ ਹੈ, ਮਹਾਰਾਜ ਕਹਿਣ ਲੱਗੇ ਕਿ ਪਿਆਰਿਓ! ਮਿਸਾਲ ਦੇ ਨਾਲ ਗੱਲ ਸਮਝ ਆ ਜਾਂਦੀ ਹੈ। ਬਾਣੀ ਹੈ-ਧਰਤੀ, ਬੀਜ ਹੈ-'ਨਾਮ'। ਸੰਤੋਖ ਦਾ ਸੁਹਾਗਾ - ਇਹ ਸਾਰੀਆਂ ਰਹਿਤਾਂ ਰਖਣੀਆਂ ਬਾਣੀ ਦਸਦੀ ਹੈ। ਬੀਜ ਹੈ 'ਨਾਮ', ਨਾਮ ਹੈ ਸਭ ਦੇ ਅੰਦਰ। ਨਾਮ ਨਾ ਕੋਈ ਦਿੰਦਾ ਹੈ, ਨਾ ਕੋਈ ਦੇ ਸਕਿਆ ਹੈ। ਬਾਹਰੋਂ ਗੁਰੂ ਗੁਰਮੰਤ੍ਰ ਦਿੰਦੇ ਨੇ। ਮੰਤਰ ਦੀ ਕਮਾਈ ਕਰਕੇ, ਨਾਮ 'ਚ ਰੁਸਵਾਈ ਹੋਣੀ ਹੈ। ਗੁਰਮਤਿ ਵਿਚ ਤਾਂ ਹੈ ਹੀ ਗੱਲ ਨਾਮ ਦੀ। ਜਿਹੜਾ -

*ਵਾਹਿਗੁਰੂ ਗੁਰਮੰਤ੍ਰ ਹੈ ਜਪੁ ਹਉਮੈ ਖੋਈ।*

ਇਹ ਨਾਮ ਤਕ ਪਹੁੰਚਾਉਂਦਾ ਹੈ। ਹਉਮੈ ਬਾਰੇ ਮਹਾਂਪੁਰਸ਼ ਅਨੁਭਵ ਪ੍ਰਗਟ ਕਰਦੇ ਨੇ ਕਿ ਕਿਵੇਂ ਮਨ ਫੁਰਨੇ ਕਰਦਾ ਹੈ, ਪ੍ਰੇਰਦਾ ਹੈ। ਅਵਿਦਿਆ ਦੇ ਅਧੀਨ ਇਨਸਾਨ ਐਸੇ ਕਰਮ ਕਰਦਾ ਹੈ। ਅਵਿਦਿਆ ਨੂੰ illusion ਕਹਿ ਦਿਤਾ। ਅੰਗ੍ਰੇਜ਼ੀ ਵਿਚ ਤਾਂ ਇਸ ਨੂੰ ਦਸਿਆ ਹੀ ਨਹੀਂ ਕੁਝ ਜਾ ਸਕਿਆ, ਈਗੋ ਕਹਿ ਦਿਤਾ। ਅਸਲ ਦੇ ਵਿਚ ਇਹਨੂੰ ਮਾਇਆ ਵੀ ਕਹਿ ਦਿਤਾ। ਇਹ ਸੂਖਸ਼ਮ ਤੱਤ ਹੈ। ਸੂਖਸ਼ਮ ਨੂੰ ਫੜਨਾ ਵੀ ਬਹੁਤ ਔਖਾ ਹੈ। ਦੂਜੇ ਪਾਸੇ ਜਿਹੜੇ ਸਥੂਲ ਸਰੀਰ ਦੇ ਕਰਮ ਨੇ, ਉਹ ਇਕ ਦਮ ਹੋ ਜਾਂਦੇ ਹਨ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਸ਼ਬਦ, ਸਪਰਸ਼, ਰੂਪ, ਰਸ, ਗੰਧ; ਰਾਜ, ਮਾਲ, ਰੂਪ, ਜਾਤ, ਜੋਬਨ ਪੰਜੇ ਠੱਗ -

*ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ ॥*
*ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ ॥*
*ਅੰਗ - ੧੨੮੮*

ਇਹ ਸਾਰੇ ਕਰਮ ਜਿਹੜੇ ਆਪਾਂ ਕਰਦੇ ਹਾਂ, ਸਥੂਲ ਸਰੀਰ ਦੇ ਰਾਹੀਂ ਹੁੰਦੇ ਨੇ, ਸੂਖਸ਼ਮ ਹੈ ਮਨ ਕਿੰਨਾ ਉਸ ਦੀ ਅਵਸਥਾ ਬਾਰੇ ਸਤਿਪੁਰਸ਼ ਸਮਝਾਉਂਦੇ ਨੇ ਪਰ ਪ੍ਰੈਕਟੀਕਲ ਰੂਪ ਵਿਚ ਗੱਲ ਸਮਝ ਆਉਂਦੀ

ਹੈ। ਹੁਣ ਹਾਈਡਰੋਜਨ ਸੂਖਸ਼ਮ ਹੈ, ਆਕਸੀਜਨ ਸੂਖਸ਼ਮ ਹੈ, ਦੋਨਾਂ ਦਾ ਸੁਮੇਲ ਹੋ ਗਿਆ, ਪਾਣੀ ਬਣ ਗਿਆ। ਇਸ ਤਰ੍ਹਾਂ ਜਿਹੜੀ ਮਾਇਆ ਹੈ ਇਹ ਹੈ ਤਾਂ ਜੀਵ ਆਤਮਾ, ਜੀਵ ਨਾਲ ਜੁੜ ਕੇ ਨਾਮ ਰੱਖ ਦਿਤਾ ਜੀਵ ਆਤਮਾ। ਪਰ ਮਾਇਆ ਨਾਲ ਜੁੜ ਕੇ ਇਹਨੇ ਸਥੂਲ ਸਰੀਰ ਦੇ ਉਤੇ ਐਸਾ ਅਸਰ ਪਾਇਆ ਕਿ ਅਸੀਂ ਐਸੇ ਕਰਮ ਕਰਨ ਲਗ ਗਏ। ਕਰਮ ਕਿਹੜਾ ਕਰ ਲਿਆ? ਜਿਹਦੇ ਨਾਲ – **'ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥' ਕਿ ਕਿਸੇ ਨੂੰ ਦੋਸ਼ ਦੇਈਏ ਕਿ ਉਹਨੇ ਕਰਾ ਦਿਤਾ, ਮੈਂ ਤਾਂ ਕਰਨਾ ਨਹੀਂ ਸੀ –**

*ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥*
*ਜੋ ਮੈ ਕੀਆ ਸੋ ਮੈ ਪਾਇਆ*
*ਦੋਸੁ ਨ ਦੀਜੈ ਅਵਰ ਜਨਾ॥* *ਅੰਗ – ੪੩੩*

ਮਨ ਨੇ ਕਰਮ ਕੀਤਾ, ਬੁੱਧ ਨੂੰ ਪ੍ਰੇਰ ਦਿਤਾ, ਬੁੱਧ ਨੇ ਵਿਚਾਰ ਨਾ ਕੀਤੀ ਤੇ ਐਸਾ ਕੰਮ ਹੋ ਗਿਆ ਜੋ ਭੋਗ ਦੇ ਨਾਲ ਰੋਗ ਵੀ ਆ ਗਿਆ ਕਿਉਂਕਿ –

*ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥*
*ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ ॥*
*ਅੰਗ – ੧੪੨੫*

*ਪਾਪ ਕਮਾਵਦਿਆ ਤੇਰਾ ਕੋਇ ਨ ਬੇਲੀ ਰਾਮ ॥*
*ਕੋਏ ਨ ਬੇਲੀ ਹੋਇ ਤੇਰਾ ਸਦਾ ਪਛੋਤਾਵਹੇ ॥*
*ਗੁਨ ਗੁਪਾਲ ਨ ਜਪਹਿ ਰਸਨਾ*
*ਫਿਰਿ ਕਦਹੁ ਸੇ ਦਿਹ ਆਵਹੇ ॥* *ਅੰਗ – ੫੪੬*

ਹੁਣ ਉਹ ਦਿਨ ਕਦੋਂ ਆਏਗਾ। ਮਨ ਜੇ ਬੁੱਧ ਨੂੰ ਪਰੇਰਦਾ, ਬੁੱਧ ਨੇ ਕੰਮ ਕਰਨਾ ਸੀ ਕਿ ਗੁਰੂ ਦੇ ਦਰ 'ਤੇ ਜਾ ਕੇ ਉਹ ਮੰਗ ਮੰਗਦੇ ਕਿ ਜਿਹਦੇ ਨਾਲ ਪਤਾ ਲਗ ਜਾਂਦਾ ਹੈ। ਕਿਉਂਕਿ ਮਨ ਨੂੰ ਸੰਬੋਧਨ ਕੀਤਾ ਹੈ –

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥*
*ਮਨ ਹੀ ਮਨ ਸਿਉ ਕਹੈ ਕਬੀਰਾ*
*ਮਨ ਸਾ ਮਿਲਿਆ ਨ ਕੋਇ ॥* *ਅੰਗ – ੩੪੨*

ਹੁਣ ਮਨ ਦਾ ਕੰਮ ਕੀ ਹੈ? ਮਨ ਨੂੰ ਬੁੱਧ ਕਹਿੰਦੀ ਹੈ ਕਿ ਦੇਖ, ਫੇਰ ਇਸ ਦਾ ਫਲ ਭੁਗਤਣ ਵਾਸਤੇ ਤਿਆਰ ਹੋ –

*'ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥*
*ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥'*

ਮੁੱਖ ਮੋੜ ਲਿਆ ਉਲਟ ਪਾਸੇ ਨੂੰ। ਗੁਰੂ ਦੇ ਵੱਲ ਨੂੰ ਤਾਂ ਮੁਖ ਰਿਹਾ ਨਾ, ਮਨ ਵੱਲ ਨੂੰ ਹੋ ਗਿਆ। ਫੇਰ ਕੀ ਹੋਏਗਾ?

*ਆਪੀਨੈ ਭੋਗ ਭੋਗਿ ਕੈ*
*ਹੋਇ ਭਸਮੜਿ ਭਉਰੁ ਸਿਧਾਇਆ ॥*
*ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥*
*ਅਗੈ ਕਰਣੀ ਕੀਰਤਿ ਵਾਚੀਐ*
*ਬਹਿ ਲੇਖਾ ਕਰਿ ਸਮਝਾਇਆ ॥*
*ਥਾਉ ਨ ਹੋਵੀ ਪਉਦੀਈ*
*ਹੁਣਿ ਸੁਣੀਐ ਕਿਆ ਰੂਆਇਆ ॥*
*ਮਨਿ ਅੰਧੈ ਜਨਮੁ ਗਵਾਇਆ ॥* *ਅੰਗ – ੪੬੪*

***'ਨਾਨਕ ਮਨਮੁਖਿ ਅੰਧੁ ਪਿਆਰੁ ॥'*** ਫਲ ਮਿਲਣਾ ਹੀ ਸੀ। ਜਿਹੜੇ ਮਾਇਆਵੀ ਭੋਗ ਸੀ ਉਹ –

*'ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ ॥*

' Saturation point ਆਇਆ, ਜਿਥੇ ਜਾ ਕੇ ਇਹ ਭੋਗ ਦੀ ਜ਼ਿੰਦਗੀ ਰੋਗ 'ਚ ਤਬਦੀਲ ਹੋ ਗਈ। ਕਰਮਾਂ ਦੀ ਫਿਲੋਸਫੀ ਹੈ ਤਾਂ ਬਹੁਤ ਵੱਡੀ, ਪਰ ਮੁੱਖ ਕਰਮ ਤਿੰਨ ਪ੍ਰਕਾਰ ਦੇ ਨੇ – ਕ੍ਰਿਆਮਾਨ ਕਰਮ, ਪ੍ਰਾਲਬਧ, ਤੇ ਜਿਹੜਾ ਵਰਤਮਾਨ 'ਚ ਆਪਾਂ ਕਰਦੇ ਹਾਂ ਇਹ ਵੀ ਹੁਣ ਸੰਚਿਤ ਕਰਮ ਦਾ ਹੀ ਫਲ ਹੈ। ਕਰਮ ਤਾਂ ਭਾਵੇਂ ਬਹੁਤ ਨੇ, ਕਾਇਕ ਕਰਮ ਵਿਚ ਮਨ ਤੇ ਤਨ ਦੀ ਪਵਿੱਤਰਤਾ ਰੱਖੀ ਜਾਂਦੀ ਹੈ। ਫੇਰ ਨਮਿੱਤ ਕਰਮ ਕਰਦੇ ਹਾਂ, ਨਿੱਤ ਕਰਮ ਕਰਦੇ ਹਾਂ। ਮਹਾਂਪੁਰਸ਼ਾਂ ਨੇ ਤਿੰਨ ਮੁੱਖ ਕਰਮ ਦਸੇ ਨੇ ਕਿ ਜਿਹੜਾ ਕ੍ਰਿਆਮਾਨ ਕਰਮ ਹੈ ਇਹ ਤਾਂ ਆਪਣੇ ਹੱਥ ਵਸ ਹੈ – ***'ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥'*** ਉਠੇ, ਕ੍ਰਿਪਾ ਹੋਵੇ, ਬਖਸ਼ਿਸ਼ ਹੋਵੇ। ਇਹ ਨਹੀਂ ਕਿ ਗੁਰੂ ਦੀ ਕ੍ਰਿਪਾ 'ਤੇ ਹੀ ਚੱਲੇ। ਚਾਰ ਕ੍ਰਿਪਾ ਨੇ – ਪ੍ਰਮੇਸ਼ਰ ਨੇ ਕ੍ਰਿਪਾ ਕੀਤੀ, ਮਾਨਸ ਜੂਨੀ 'ਚ ਭੇਜਿਆ। ਮਾਤਾ ਪਿਤਾ ਦੀ ਦੂਜੀ ਕ੍ਰਿਪਾ ਹੈ, ਦੋਵਾਂ ਦਾ ਸੰਜੋਗ ਬਣਿਆ। ਤੇਰਾ ਜਨਮ ਹੋਇਆ। ਫੇਰ ਗੁਰੂ ਨੇ ਕ੍ਰਿਪਾ ਕੀਤੀ ਗੁਰਮੰਤ੍ਰ ਦੇ ਦਿਤਾ। ਹੁਣ ਗੁਰਮੰਤ੍ਰ ਦੀ ਕਮਾਈ ਕਰ। ਚੌਥੀ ਕ੍ਰਿਪਾ ਆਪਣੇ ਉਪਰ ਆਪ ਕਰ –

*ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥*
*ਅੰਗ – ੪੬੬*

ਰੋਜ਼ ਸੁਣਦੇ ਹਾਂ, ਪੜ੍ਹਦੇ ਹਾਂ। ਆਸਾ ਕੀ ਵਾਰ 'ਚ, ਪਰ ਫੇਰ ਭੁੱਲ ਜਾਂਦੇ ਹਾਂ। ਰੋਗ ਕਿਉਂ ਆਏ, ਅੱਖ ਦੇ ਝਮਕਣ ਜਿੰਨੇ ਚਿਰ 'ਚ, ਇਕ ਖਿਨ –

*ਨਿਮਖ ਕਾਮ ਸੁਆਦ ਕਾਰਣਿ ਕੋਟਿ ਦਿਨਸ ਦੁਖੁ ਪਾਵਹਿ ॥*
*ਘਰੀ ਮੁਹਤ ਰੰਗ ਮਾਣਹਿ*

*ਫਿਰਿ ਬਹੁਰਿ ਬਹੁਰਿ ਪਛੁਤਾਵਹਿ ॥ ਅੰਗ - ੪੦੩*

ਸੋ ਇਹਦੇ ਨਾਲ ਕਰਮ ਬਣ ਗਿਆ। ਕਰਮ ਨੇ ਬੰਨ੍ਹ ਲਿਆ। ਬੰਨ੍ਹਿਆ ਹੋਇਆ ਫੇਰ -

*ਨਾਨਕ ਹੰਸਾ ਆਦਮੀ ਬਧੇ ਜਮ ਪੁਰਿ ਜਾਹਿ ॥*

*ਅੰਗ - ੪੭੨*

ਫੇਰ ਬੰਨ੍ਹਿਆ ਹੋਇਆ ਜਾਂਦਾ ਹੈ ਕਿਉਂਕਿ ਉਹਨੇ ਐਸੀ ਹਿੰਸਾ ਕਰ ਦਿਤੀ। ਹਿੰਸਾ ਇਹੀ ਨਹੀਂ ਕਿ ਜਾਨਵਰ ਮਾਰ ਦੇਣਾ। ਮਹਾਂਪੁਰਸ਼ਾਂ ਦੇ ਬਚਨ ਜੇ ਧਿਆਨ ਨਾਲ ਪੜ੍ਹੀਏ, ਸੁਣੀਏ, ਹੁਣ ਤਾਂ ਲਿਖਤ ਹੈ, ਪ੍ਰਿੰਟ ਮੀਡੀਆ ਵੀ ਦਸ ਰਿਹਾ ਹੈ, ਇਲੈਕਟ੍ਰਾਨਿਕ ਮੀਡੀਆ ਵੀ ਕਿੰਨਾ ਪੁਕਾਰ-ਪੁਕਾਰ ਕੇ ਦਸ ਰਿਹਾ ਹੈ ਕ ਕਿਵੇਂ ਇਹ ਹਿੰਸਾ ਤਨ ਦੀ ਹੈ, ਮਨ ਦੀ ਹੈ, ਧਨ ਦੀ ਹੈ। ਸੂਖਸ਼ਮ ਹਿੰਸਾ ਹੁੰਦੀ ਹੈ ਕਿ ਅੰਦਰੋਂ-ਅੰਦਰ ਹੀ ਕਿਸੇ ਦਾ ਨੁਕਸਾਨ ਕਰਨਾ, ਤਨ ਕਰਕੇ, ਮਨ ਕਰਕੇ, ਬਚਨ ਕਰਕੇ। ਬੜੀ ਲੰਮੀ ਇਹ ਫਿਲਾਸਫੀ ਹੈ। ਸੋ -

*'ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ ॥*
*ਵਿਚ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ ॥*
*ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ ॥*

ਹੁਣ ਜਿਹੜਾ ਪਰਾਲਬਧ 'ਚ ਲਿਖ ਦਿਤਾ ਕਿ ਮਿਲਣਾ ਹੀ ਹੈ। ਸੰਚਿਤ ਕਰਮ ਨੇ ਸ਼ੁਭ ਕਰਮ ਬਣਾ ਕੇ ਸਾਨੂੰ ਇਸ ਸੰਸਾਰ 'ਤੇ ਮਨੁੱਖ ਬਣਾ ਕੇ ਭੇਜ ਦਿਤਾ। ਇਥੇ ਆ ਕੇ ਵਿਵੇਕ ਬੁਧ, ਵਿਚਾਰ ਦੇ ਨਾਲ ਪਤਾ ਲੱਗਿਆ ਕਿ ਮਨਾ! ਤੂੰ ਹੁਣ ਆਪਣੀਆਂ ਮਨ-ਮਰਜ਼ੀਆਂ ਬਹੁਤ ਕਰ ਲਈਆਂ। ਪਰ ਹੁਣ ਦੋ ਮੁਹਾਰਾਂ ਉਹ ਵਾਂਗਾਂ ਮੋੜੇ ਕੋਈ। ਤਾਂ ਤੂੰ ਆਪਣੇ ਆਪ ਉਪਰ ਆਪ ਕ੍ਰਿਪਾ ਕਰ। **'ਵਡਭਾਗੀ ਮੇਰਾ ਪ੍ਰਭ ਮਿਲੈ ਤਾਂ ਉਤਰਹਿ ਸਭਿ ਬਿਓਗ ॥**

**ਵੱਡਿਆਂ ਭਾਗਾਂ ਦੇ ਨਾਲ ਸੰਚਿਤ ਕਰਮ ਕਰਕੇ, ਮਹਾਤਮਾ ਮਿਲੇ –**

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ*
*ਪੁਰਬ ਲਿਖੇ ਕਾ ਲਹਨਾ ॥ ਅੰਗ - ੬੪੨*

ਇਹ ਮਹਾਤਮਾ ਦਾ ਮਿਲਾਪ ਹੁੰਦੈ, ਫੇਰ ਉਹ ਗੁਰਮੰਤ੍ਰ ਦੇ ਕੇ ਦਸ ਦਿੰਦੈ ਕਿ ਕਿਵੇਂ ਜਪਣਾ ਹੈ। ਸਵਾਸ ਰਾਹੀਂ ਮੰਤ੍ਰ ਜਪ। ਜੁਗਤ ਰਾਹੀਂ ਪਿਆਰੇ ਮਹਾਂਪੁਰਸ਼ਾਂ ਨੇ ਖੁਲ੍ਹੀ ਖੇਡ ਵਰਤਾ ਦਿਤੀ। ਸੱਤਵਾਂ ਸਮਾਗਮ ਸੀ ਜਦੋਂ ਇਥੇ ਰਤਵਾੜਾ ਸਾਹਿਬ, ਵੱਡੇ-ਵੱਡੇ ਮਹਾਤਮਾ ਆਏ ਸਨ। ਸਭ ਕਹਿਣ ਲੱਗੇ, ਇਹ ਤਾਂ ਅੰਦਰ ਦੀ ਬਾਤ ਹੈ, ਗੋਪਨੀਯ ਮੰਤਰ ਹੈ, ਦੱਸੀਦਾ ਨਹੀਂ। ਕਹਿੰਦੇ, ਜੇ ਦਸ ਦਿਓ ਤਾਂ ਆਪਣੇ ਕੋਲ ਕੁਝ ਨਹੀਂ ਰਹਿੰਦਾ। ਮਹਾਂਪੁਰਸ਼ ਕਹਿਣ ਲੱਗੇ, ਮੈਂ ਹੈ ਹੀ ਕੁਝ ਨਹੀਂ। ਫੇਰ ਕਹਿੰਦੇ, ਕੋਲੋਂ ਜਾਏਗਾ ਕੀ? ਸੋ ਕਿੱਡੀ ਦਿਆਲਤਾ ਮਹਾਂਪੁਰਸ਼ਾਂ ਨੇ ਕੀਤੀ। ਜੁਗਤ ਦਸੀ ਕਿ ਇਹਨੂੰ ਕਰ ਲਓ। ਸਾਰਾ ਕੁਝ ਕੰਟਰੋਲ 'ਚ ਹੋ ਜਾਏਗਾ। ਕਿਉਂਕਿ ਇਹਦਾ ਜਿਹੜਾ ਘੋੜਾ ਹੈ, ਇਹਦੀਆਂ ਵਾਂਗਾਂ ਦੀ ਲਗਾਮ, ਇਹਦੇ ਉਤੇ ਮਨ ਨੇ ਦੌੜਨਾ ਹੈ, ਇਹਨੂੰ ਕਾਬੂ ਕਰ ਲਓ। ਕਾਬੂ ਕਿਵੇਂ ਹੋਣਾ ਹੈ? ਜਦੋਂ ਸਖ਼ਤੀ ਦੇ ਨਾਲ ਸਮ, ਦਮ, ਨਿਯਮ, ਅਪਣਾਉਣੇ -

*ਵਿਣੁ ਗੁਣ ਕੀਤੇ ਭਗਤਿ ਨ ਹੋਇ ॥ ਅੰਗ - ੪*

ਫੇਰ ਆਸਣ ਸਿੱਧ ਕਰਨਾ। ਐਵੇਂ ਏਧਰ ਉਧਰ ਦੇਖ ਲਿਆ, ਗੋਡਾ ਹਿਲਾ ਲਿਆ, ਮੋਢਾ ਹਿਲਾ ਲਿਆ, ਇਹ ਆਸਣ ਨਹੀਂ ਹੁੰਦਾ। ਕਿਉਂਕਿ ਅਭਿਆਸ ਨਹੀਂ ਕੀਤਾ।

ਇਕ ਮਹਾਤਮਾ ਸੀ, ਪਿੱਛੇ ਜਿਹੇ ਹੀ ਉਹਨਾਂ ਨੇ ਸਰੀਰ ਛੱਡਿਆ ਹੈ, ਉਹ ਪਦਮ ਆਸਣ ਵਿਚ ਹੀ ਜ਼ਿਆਦਾ ਬੈਠਦੇ। ਸਰੀਰ ਵੀ ਉਸੇ ਤਰ੍ਹਾਂ ਛੱਡ ਦਿਤਾ। ਸਰੀਰ ਛੱਡਣ ਤੋਂ ਕਾਫੀ ਸਮੇਂ ਬਾਅਦ ਪਤਾ ਲੱਗਿਆ, ਜਦੋਂ ਸਸਕਾਰ ਕੀਤਾ ਫੇਰ ਉਸੇ ਆਸਣ 'ਚ ਹੀ ਰੱਖ ਕੇ ਕੀਤਾ। ਸੋ ਮਿਸਾਲਾਂ ਨੇ। ਅਸੀਂ ਸੁਖ ਰਹਿਣੇ ਹੋ ਜਾਂਦੇ ਹਾਂ। ਬੜੀਆਂ ਉਲਟੀਆਂ ਗੱਲਾਂ ਕਰ ਜਾਂਦੇ ਹਾਂ ਕਿ ਜੀ ਸਾਡਾ ਸਰੀਰ ਇਸ ਤਰ੍ਹਾਂ ਇਜਾਜ਼ਤ ਨਹੀਂ ਦਿੰਦਾ। ਚਲੋ ਜੇ ਕੋਈ ਕੁਦਰਤੀ ਦੁਰਘਟਨਾ ਵਾਪਰ ਗਈ ਜਾਂ ਐਕਸੀਡੈਂਟ ਹੋ ਗਿਆ, ਅਲੱਗ ਗੱਲ ਹੈ। ਨਹੀਂ ਤਾਂ ਇਹ ਆਸਣ ਦੇਖਿਆ ਹੈ, ਇਕ ਨੇ ਕੈਲੇਫੋਰਨੀਆਂ 'ਚ ਆਪਣਾ 106ਵਾਂ ਜਨਮ ਦਿਨ ਮਨਾਇਆ। ਉਹਨੂੰ ਪੁਛਿਆ ਤਾਂ ਉਸ ਨੇ ਕਿਹਾ ਕਿ ਮੈਂ ਫਾਰਮਰ ਹਾਂ, ਪਹਿਲਾਂ ਮੈਂ ਸੈਨਿਕ ਸੀ ਆਰਮੀ 'ਚ। ਕਹਿੰਦਾ - 'Soldier and Farmer never died on bed. ਜਿਹੜਾ ਇਹ ਰੂਹਾਨੀਅਤ ਦਾ ਪੱਖ ਹੈ ਇਹਦੇ ਵਿਚ ਨਿਯਮ ਅਪਨਾਉਣੇ ਪੈਂਦੇ ਨੇ, ਆਸਣ ਸਿੱਧ ਹੋ ਗਿਆ, 45 ਕੁ ਮਿੰਟ ਜੇ ਤੁਹਾਡੇ ਸਰੀਰ ਦਾ ਅੰਗ ਨਹੀਂ ਹਿਲਦਾ ਤਾਂ ਸਮਝ ਲਓ ਕਿ ਆਸਣ ਸਿੱਧ ਹੋ ਗਿਆ। ਫੇਰ ਅੱਗੇ ਹੈ ਪ੍ਰਾਣਾਯਾਮ। ਛੋਟਾ ਜਿਹਾ ਹੀ ਪ੍ਰਾਣਾਯਾਮ ਦਸਿਆ ਹੈ ਕੋਈ ਔਖਾ ਤਾਂ ਹੈ ਨਹੀਂ। ਅੰਦਰ ਨੂੰ ਸਵਾਸ ਜਾਂਦਾ ਹੈ, 'ਵਾਹਿ' ਬਾਹਰ ਨੂੰ ਆਉਂਦਾ ਹੈ 'ਗੁਰੂ'। ਪੰਜ ਤੱਤ ਦੇ ਸਰੀਰ ਸਾਰਿਆਂ ਦੇ ਹੀ ਨੇ।

ਜੇ ਦੇਖਿਆ ਜਾਵੇ, ਜਿੰਨੇ ਵੀ ਜੀਵ ਜੰਤ ਨੇ -

*ਨਾਮ ਕੇ ਧਾਰੇ ਸਗਲੇ ਜੰਤ ॥*
*ਨਾਮ ਕੇ ਧਾਰੇ ਖੰਡ ਬ੍ਰਹਮੰਡ ॥* ਅੰਗ - ੨੮੪

ਨਾਮ ਨੇ ਹੀ ਸਭ ਨੂੰ ਧਾਰਨ ਕੀਤਾ ਹੋਇਆ ਹੈ ਪਰ ਇਸ ਗੱਲ ਦਾ ਜੀਵਾਂ ਨੂੰ ਉਦੋਂ ਤਕ ਨਹੀਂ ਪਤਾ ਲਗਦਾ ਜਦੋਂ ਤਕ ਕਿ ਉਹ ਗੁਰੂ ਵਾਲੇ ਨਹੀਂ ਬਣਦੇ। ਉਹਨਾਂ ਨੂੰ ਪਤਾ ਹੀ ਨਹੀਂ ਲਗਦਾ ਕਿਉਂਕਿ ਉਹ ਕਰਮ ਜੂਨੀਆਂ 'ਚ ਹਨ।

*ਕਰਤੂਤਿ ਪਸੂ ਕੀ ਮਾਨਸ ਜਾਤਿ ॥*
*ਲੋਕ ਪਚਾਰਾ ਕਰੈ ਦਿਨੁ ਰਾਤਿ ॥*
*ਬਾਹਰਿ ਭੇਖ ਅੰਤਰਿ ਮਲੁ ਮਾਇਆ ॥*
*ਛਪਸਿ ਨਾਹਿ ਕਛੁ ਕਰੈ ਛਪਾਇਆ ॥*
*ਬਾਹਰਿ ਗਿਆਨ ਧਿਆਨ ਇਸਨਾਨ ॥*
*ਅੰਤਰਿ ਬਿਆਪੈ ਲੋਭੁ ਸੁਆਨੁ ॥* ਅੰਗ - ੨੬੭

ਬੜਾ ਔਖਾ ਹੈ। ਆਓ! -

*ਵਡਭਾਗੀ ਮੇਰਾ ਪ੍ਰਭ ਮਿਲੈ ਤਾਂ ਉਤਰਹਿ ਸਭਿ ਬਿਓਗ॥'*

ਹੁਣ ਅਰਦਾਸ ਹੈ -

*ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ ॥*

ਸਾਰੇ ਹੀ ਬੰਧਨ 'ਚ ਪਏ ਨੇ -

*ਬੰਧਨ ਬੰਧਿ ਭਵਾਏ ਸੋਇ ॥*
*ਪਇਐ ਕਿਰਤਿ ਨਚੈ ਸਭੁ ਕੋਇ ॥*
*ਨਚਿ ਨਚਿ ਹਸਹਿ ਚਲਹਿ ਸੇ ਰੋਇ ॥*
*ਉਡਿ ਨ ਜਾਹੀ ਸਿਧ ਨ ਹੋਹਿ ॥*
*ਨਚਣੁ ਕੁਦਣੁ ਮਨ ਕਾ ਚਾਉ ॥*
*ਨਾਨਕ ਜਿਨ੍ ਮਨਿ ਭਉ ਤਿਨ੍ਾ ਮਨਿ ਭਾਉ ॥*
ਅੰਗ - ੪੬੫

ਸਾਰਾ ਆਪਾਂ ਰੋਜ਼ 'ਆਸਾ ਕੀ ਵਾਰ' ਵਿਚ ਪੜ੍ਹਦੇ ਹਾਂ। ਰੋਜ਼ ਤਾਂ ਪੜ੍ਹਨ ਦਾ ਫਾਇਦਾ ਹੈ ਜੇ ਅਸੀਂ ਇਹਨੂੰ ਆਪਣੇ ਜੀਵਨ ਵਿਚ ਕਮਾਈਏ। ਜੇ ਇਹਨਾਂ ਵਿਚ ਫੇਰ ਪਏ ਰਹਿ ਗਏ। ਫੇਰ ਤਾਂ -

*ਮਤਿ ਥੋੜੀ ਸੇਵ ਗਵਾਈਐ ॥* ਅੰਗ - ੪੬੮

ਵਾਲੀ ਗੱਲ ਹੋ ਜਾਂਦੀ ਹੈ। ਸੋ ਅਖੀਰ ਦੇ ਵਿਚ ਕਹਿੰਦੇ ਇਹੀ ਮੰਗ ਮੰਗੋ ਕਿ -

*ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ ॥*

ਸਾਰੇ ਫਿਕਰ, ਘਾਟੇ, ਸੋਚਾਂ, ਚਿੰਤਾਵਾਂ ਬਿਨਸ ਜਾਣਗੇ। ਪਾਤਸ਼ਾਹ ਕਹਿੰਦੇ ਨੇ ਜਿਹੜਾ ਤੂੰ ਚਿਤਵ ਲਿਆ ਉਹ ਤੈਨੂੰ ਮਿਲ ਜਾਵੇਗਾ। ਅਸਲ ਵਿਚ ਜਿਹੜੀ ਗੱਲ ਹੈ ਇਹ ਮਨ ਕਰਕੇ ਹੈ। ਮਨ ਨੂੰ ਰੋਕਣ ਵਾਸਤੇ ਸਾਧੂ ਦੀ ਸੰਗਤ ਕਰਨੀ ਚਾਹੀਦੀ ਹੈ। ਪ੍ਰਾਣਾਯਾਮ ਤੋਂ ਬਾਅਦ ਨੰਬਰ ਆਉਂਦਾ ਹੈ ਪ੍ਰਤਿਹਾਰ ਦਾ। ਮਨ ਦੌੜਦਾ ਹੈ, ਉਹਨੂੰ ਬਾਰ-ਬਾਰ ਰੋਕ ਕੇ ਫੇਰ ਲਿਆਓ। ਇਸੇ ਕਰਕੇ ਮਹਾਂਪੁਰਸ਼ ਸਵਾਸ 'ਤੇ ਜ਼ੋਰ ਦਿੰਦੇ ਨੇ -

*ਸਾਸਿ ਸਾਸਿ ਸਿਮਰਹੁ ਗੋਬਿੰਦ ॥*
*ਮਨ ਅੰਤਰ ਕੀ ਉਤਰੈ ਚਿੰਦ ॥* ਅੰਗ - ੨੯੫

ਮਨ ਨੇ ਬੁੱਧ ਨੂੰ ਪ੍ਰੇਰ ਦਿਤਾ। ਬੁੱਧ ਨੇ ਚਿੱਤ ਨੂੰ ਚਿਤਵਿਆ ਤੇ ਅਹੰਭਾਵ ਆ ਗਿਆ ਕਿ ਮੈਂ ਕੀਤਾ ਹੈ। ਕਰਮ ਨਾਲ ਬੰਨ੍ਹਿਆ ਗਿਆ। ਇਹਨਾਂ ਚਾਰਾਂ ਦਾ ਜੋੜ ਫੇਰ ਅੰਤਸ਼ਕਰਣ ਹੋ ਗਿਆ। ਅੰਤਸ਼ਕਰਣ 'ਤੇ ਮੈਲ ਪੈ ਗਈ। ਮਲ, ਵਿਖਸ਼ੇਪ ਤੇ ਆਵਰਣ ਦੀ। ਪਰ ਇਹ ਜਿਹੜੀ ਮਨ ਦੀ ਮੈਲ ਹੈ ਇਹ ਕਿਸੇ ਤਰ੍ਹਾਂ ਵੀ ਜਾਂਦੀ ਨਹੀਂ, ਚਾਹੇ ਤੀਰਥਾਂ 'ਤੇ ਚਲੇ ਜਾਓ। ਅਸਲ 'ਚ ਅੰਦਰ ਦੀ ਸਾਰੀ ਪ੍ਰਕਿਰਿਆ ਹੈ -

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ ॥*
*ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥*
ਅੰਗ - ੬੫੧

ਸੋ ਆਓ ! -

*ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ ॥*

ਕੱਤਕ ਦੇ ਵਿਚ ਮਹਾਂਪੁਰਸ਼ਾਂ ਨੇ 31 ਅਕਤੂਬਰ ਨੂੰ ਖੇਡ ਵਰਤਾਈ। ਕਿੱਡੇ ਵੱਡੇ ਸਮਾਗਮ ਕਰਦੇ ਸਰੀਰ ਦੇ ਹੁੰਦਿਆ, ਉਹੀ ਸਮਾਗਮ ਪਿਆਰ ਤੇ ਵੈਰਾਗ ਵਿਚ ਬਦਲ ਦਿਤਾ। ਉਹਨਾਂ ਦੇ ਜੀਵਨ ਸਾਥੀ ਸਤਿਕਾਰਯੋਗ ਬੀਜੀ ਉਹ ਸਦਾ ਹੀ ਅਸੀਸ ਦਿੰਦੇ। ਦਿਨ ਯਾਦ ਆ ਜਾਂਦੇ ਨੇ ਪਿਆਰ ਦੇ ਤੇ ਵੈਰਾਗ ਦੇ। ਸੋ ਉਹਨਾਂ ਨੇ ਵੀ 1 ਨਵੰਬਰ ਨੂੰ ਖੇਡ ਵਰਤਾ ਦਿਤੀ। 30 ਅਕਤੂਬਰ ਸ਼ਹੀਦਾਂ ਨੂੰ ਸਮਰਪਣ ਸਮਾਗਮ ਹੈ। 31 ਅਕਤੂਬਰ ਨੂੰ ਮਹਾਂਪੁਰਸ਼ਾਂ ਦੀ ਪਿਆਰੀ ਯਾਦ ਵਿਚ ਸਮਾਗਮ ਨੇ। 1 ਨਵੰਬਰ ਨੂੰ ਪਰਮ ਪੂਜਯ ਸਤਿਕਾਰਯੋਗ ਬੀਜੀ ਦੀ ਯਾਦ ਮਨਾਈ ਜਾਣੀ ਹੈ। 2 ਨਵੰਬਰ ਨੂੰ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਗੁਰੱਤਾ ਗੱਦੀ ਦਿਵਸ ਮਨਾਇਆ ਜਾਣਾ ਹੈ। ਸੰਗਤਾਂ ਨੇ ਹੁੰਮ-ਹੁੰਮਾ ਕੇ ਪਹੁੰਚਣ ਦੀ ਕ੍ਰਿਪਾਲਤਾ ਕਰਨੀ।

*ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥*

# ਗੁਰਬਾਣੀ ਅਰਥ ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*

ੴ ਸਤਿਗੁਰ ਪ੍ਰਸਾਦਿ
ਸਿਰੀਰਾਗ ਕੀ ਵਾਰ ਮਹਲਾ ੪ ਸਲੋਕਾ ਨਾਲਿ॥
ਸਲੋਕ ਮ: ੩

ਸ੍ਰੀ ਗੋਇੰਦਵਾਲ ਸਾਹਿਬ ਵਿਖੇ ਸ੍ਰੀ ਗੁਰੂ ਅਮਰਦਾਸ ਜੀ ਦੀ ਪਾਵਨ ਹਜ਼ੂਰੀ ਵਿਚ ਕਿਸੇ ਰਾਗੀ ਨੇ ਸਿਰੀਰਾਗ ਦਾ ਗਾਇਨ ਕੀਤਾ ਤਾਂ ਸੰਗਤਾਂ ਰਾਗੀ (ਗਵੱਈਏ) ਦਾ ਇਸ ਤਰ੍ਹਾਂ ਦਾ ਰਾਗ ਸੁਣ ਕੇ ਬੜੀਆਂ ਪ੍ਰਸੰਨ ਹੋਈਆਂ। ਹਜ਼ੂਰ ਪਾਤਸ਼ਾਹ ਜੀ ਨੇ ਉਸ ਵੇਲੇ ਸੰਗਤਾਂ ਦੇ ਪ੍ਰਥਾਏ ਉਪਦੇਸ਼ ਬਖਸ਼ਿਸ਼ ਕੀਤਾ।

ਰਾਗਾ ਵਿਚਿ ਸ੍ਰੀਰਾਗੁ ਹੈ
ਜੇ ਸਚਿ ਧਰੇ ਪਿਆਰੁ ॥

ਰਾਗਾਂ ਵਿਚ ਸਿਰੀਰਾਗ ਗਾਇਆ ਹੋਇਆ ਉਨ੍ਹਾਂ ਦਾ ਸਫਲ ਹੈ। ਜੇਕਰ ਗਾਉਣ ਵਾਲਾ ਸਚੇ ਪਰਮੇਸ਼ਰ ਵਿਚ ਪਿਆਰੁ=ਪ੍ਰੇਮ ਧਰੇ=ਰੱਖਣਾ ਕਰੇ ਅਥਵਾ ਦੁਨੀਆਂ ਦੇ ਰਾਗਾ=ਪ੍ਰੇਮਾਂ ਵਿਚੋਂ ਓਹੀ ਸ੍ਰੀ=ਸ਼੍ਰੋਮਣੀ ਰਾਗੁ=ਪ੍ਰੇਮ ਹੈ, ਜੇ=ਜੋ ਸੱਚ ਸਰੂਪ ਪਰਮੇਸ਼ਰ ਵਿਚ ਪਿਆਰੁ=ਪ੍ਰੇਮ ਧਰੇ=ਧਾਰਨਾ ਹੈ।

ਸਦਾ ਹਰਿ ਸਚੁ ਮਨਿ ਵਸੈ
ਨਿਹਚਲ ਮਤਿ ਅਪਾਰੁ ॥

ਸਦਾ=ਹਮੇਸ਼ਾ ਹੀ ਹਰਿ=ਹਰੀ ਪਰਮੇਸ਼ਰ ਦਾ ਸਚੁ=ਸੱਚਾ ਨਾਮ ਮਨ ਵਿਚ ਵਸੈ=ਵਸ ਜਾਵੇ ਤਾਂ ਨਿਹਚਲ=ਅਚੱਲ ਮੱਤ ਅਤੇ ਅਪਾਰੁ=ਪਾਰਾਵਾਰ ਤੋਂ ਰਹਿਤ ਸਰੂਪ ਦੀ ਪ੍ਰਾਪਤੀ ਹੋ ਜਾਂਦੀ ਹੈ ਵਾ: ਅਪਾਰੁ=ਬੇਅੰਤ ਗੁਣਾਂ ਵਾਲੇ ਪਰਮੇਸ਼ਰ ਦੀ ਪ੍ਰਾਪਤੀ ਹੋ ਜਾਂਦੀ ਹੈ।

ਰਤਨੁ ਅਮੋਲਕੁ ਪਾਇਆ
ਗੁਰ ਕਾ ਸਬਦੁ ਬੀਚਾਰੁ ॥

ਗੁਰ=ਸਤਿਗੁਰਾਂ ਕਾ=ਦਾ ਸਬਦੁ=ਉਪਦੇਸ਼ ਬੀਚਾਰੁ=ਵਿਚਾਰਨ ਵਾਲਿਆਂ ਨੇ ਨਾਮ ਰੂਪੀ, ਬ੍ਰਹਮ ਰੂਪੀ ਅਮੋਲਕੁ=ਬੇਕੀਮਤੀ ਰਤਨ ਨੂੰ ਪਾਇਆ=ਪਾਉਣਾ ਕੀਤਾ ਹੈ ਵਾ: ਉਨ੍ਹਾਂ ਦੀ ਹੋਰ ਕਿਸੇ ਵਿਚ ਵੀ ਰਤਨੁ (ਰਤ+ਨੁ) ਰਤ=ਪ੍ਰੀਤੀ ਨੁ-ਨਹੀਂ ਰਹਿੰਦੀ।

ਜਿਹਵਾ ਸਚੀ ਮਨੁ ਸਚਾ
ਸਚਾ ਸਰੀਰ ਅਕਾਰੁ ॥

ਉਨ੍ਹਾਂ ਦੀ ਸੱਚ ਬੋਲਣ ਕਰਕੇ ਜਿਹਵਾ=ਜ਼ੁਬਾਨ ਸੱਚੀ ਹੈ ਤੇ ਸੱਚੇ ਨਾਮ ਵਿਚ ਬਿਰਤੀ ਲਾਉਣ ਕਰਕੇ ਮਨ ਵੀ ਸੱਚਾ ਭਾਵ ਸਫਲਾ ਹੈ ਵਾ: ਉਨ੍ਹਾਂ ਦੀ ਜਿਹਵਾ ਸੱਚੀ ਬਾਣੀ ਬੋਲਦੀ ਹੈ ਤੇ ਮਨ ਵਿਚ ਸੱਚਾ ਵਸਿਆ ਹੋਇਆ ਹੈ। ਸਰੀਰ ਦਾ ਆਕਾਰ ਵੀ ਸੱਚੇ ਪਰਮੇਸ਼ਰ ਦੇ ਪ੍ਰਾਇਣ ਹੋਇਆ ਹੈ ਵਾ: ਉਨ੍ਹਾਂ ਨੂੰ ਸੰਸਾਰ ਦਾ ਸਾਰਾ ਆਕਾਰ ਵੀ ਸੱਚਾ ਪ੍ਰਤੀਤ ਹੁੰਦਾ ਹੈ ਵਾਂ: ਉਨ੍ਹਾਂ ਦੇ ਸਰੀਰ ਵਿਚ ਸੱਚਾ ਪ੍ਰਭੂ ਵਸਣੇ ਕਰਕੇ ਉਹ ਸੱਚੇ ਪਰਮੇਸ਼ਰ ਦਾ ਆਕਾਰੁ=ਸਰੂਪ ਹੀ ਬਣ ਗਏ ਹਨ ਵਾ: ਜਿਨ੍ਹਾਂ ਦੀ ਜ਼ੁਬਾਨ ਵਿਚ ਨਾਮ ਜਪਣ ਰੂਪ ਸੱਚੀ ਪ੍ਰੀਤੀ ਹੈ, ਉਨ੍ਹਾਂ ਦੇ ਮਨ ਵਿਚ ਸੱਚਾ ਵਾਹਿਗੁਰੂ ਪ੍ਰਗਟ ਹੋ ਗਿਆ ਹੈ ਅਤੇ ਉਨ੍ਹਾਂ ਨੂੰ ਸਾਰੇ ਪਰਪੰਚ ਦੇ ਆਕਾਰ ਅਤੇ ਸਰੀਰ ਦੇ ਰੋਮ-ਰੋਮ ਵਿਚ ਸੱਚਾ ਸਰੂਪ ਹੀ ਦਿਸਦਾ ਹੈ।

ਨਾਨਕ ਸਚੈ ਸਤਿਗੁਰਿ ਸੇਵਿਐ
ਸਦਾ ਸਚੁ ਵਾਪਾਰੁ ॥ ੧ ॥

ਗੁਰੂ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਨੇ ਇਕ ਚਿੱਤ ਹੋ ਕੇ ਸਤਿਗੁਰਾਂ ਦਾ ਸੇਵਿਐ=ਸੇਵਨ ਭਾਵ ਪੂਜਨ ਕੀਤਾ ਹੈ, ਉਹ ਸਦਾ ਹੀ ਸੱਚੇ ਨਾਮ ਨੂੰ ਆਪ ਜਪਦੇ ਅਤੇ ਹੋਰਨਾਂ ਨੂੰ ਜਪਾਉਣ ਦਾ ਵਾਪਾਰੁ=ਵਣਜ ਕਰਦੇ ਹਨ।

ਮਃ ੩ ॥ ਹੋਰੁ ਬਿਰਹਾ ਸਭ ਧਾਤੁ ਹੈ
ਜਬ ਲਗੁ ਸਾਹਿਬ ਪ੍ਰੀਤਿ ਨ ਹੋਇ ॥

ਹੋਰ ਦੁਨਿਆਵੀ ਬਿਰਹਾ=ਪ੍ਰੇਮ ਸਭ=ਸਾਰੇ ਧਾਤੁ=ਦੌੜ ਜਾਣ ਵਾਲੇ ਹਨ ਵਾ: ਧਾਤੁ=ਮਾਇਆ ਦੀ ਹੀ ਅੰਸ ਹਨ, ਜਨ=ਜਦੋਂ ਲਗੁ=ਤਕ ਸਾਹਿਬ=ਮਾਲਕ ਪਰਮੇਸ਼ਰ ਨਾਲ ਪ੍ਰੀਤਿ=ਪ੍ਰੀਤੀ ਨ=ਨਹੀਂ ਹੋਇ=ਹੁੰਦੀ ਅਥਵਾ ਜਦੋਂ ਤਕ ਹਿਰਦੇ ਵਿਚ ਮਾਲਕ ਪਰਮੇਸ਼ਰ ਨਾਲ ਪ੍ਰੀਤਿ=ਪ੍ਰੀਤੀ ਨ=ਨਹੀਂ ਹੋਇ=ਹੁੰਦੀ ਅਥਵਾ ਜਦੋਂ

ਤਕ ਹਿਰਦੇ ਵਿਚ ਮਾਲਕ ਪਰਮੇਸ਼ਰ ਦੀ ਪ੍ਰੀਤੀ ਕਿਸੇ ਪੁਰਖ ਦੇ ਹਿਰਦੇ ਵਿਚ ਨਾ ਹੋਵੇ, ਉਦੋਂ ਤਕ ਸਾਰੀਆਂ ਮਾਇਕੀ ਪ੍ਰੀਤੀਆਂ ਹੀ ਹਨ।

ਇਹੁ ਮਨੁ ਮਾਇਆ ਮੋਹਿਆ
ਵੇਖਣੁ ਸੁਨਣੁ ਨ ਹੋਇ ॥

ਇਹ ਮਨ ਮਾਇਆ ਦਾ ਮੋਹਿਆ=ਮੋਹਿਤ ਕੀਤਾ ਹੋਇਆ ਹੈ, ਇਸ ਲਈ ਇਸ ਦੇ ਪਾਸੋਂ ਵੈਰਾਗ, ਬਿਬੇਕ ਰੂਪੀ ਨੇਤਰਾਂ ਤੋਂ ਹੀਣਾ ਹੋਣ ਕਰਕੇ ਸੱਚ ਸਰੂਪ ਦੇ ਦਰਸ਼ਨ ਵੇਖਣੁ=ਦੇਖਣੇ ਤੇ ਸ਼ਰਧਾ ਤੇ ਵਿਸ਼ਵਾਸ਼ ਰੂਪੀ ਕੰਨਾਂ ਤੋਂ ਬਗ਼ੈਰ ਹੋਣ ਕਰਕੇ ਜਸ ਸੁਨਣ=ਸ੍ਰਵਨ ਨ=ਨਹੀਂ ਹੋਇ=ਹੁੰਦਾ।

ਸਹ ਦੇਖੇ ਬਿਨੁ ਪ੍ਰੀਤਿ ਨ ਊਪਜੈ
ਅੰਧਾ ਕਿਆ ਕਰੇਇ ॥

ਸਹ=ਮਾਲਕ ਸਤਿਗੁਰਾਂ ਦੇ ਦਰਸ਼ਨ ਦੇਖੇ=ਵੇਖੇ ਤੋਂ ਬਿਨੁ=ਬਗ਼ੈਰ ਹਿਰਦੇ ਵਿਚ ਪ੍ਰੀਤਿ=ਪ੍ਰੀਤੀ ਉਪਜੈ=ਪੈਦਾ ਨਹੀਂ ਹੋ ਸਕਦੀ ਵਾ: ਹਿਰਦੇ ਵਿਚ ਪ੍ਰੀਤੀ ਪੈਦਾ ਹੋਈ ਤੋਂ ਬਿਨਾਂ ਸਹ=ਮਾਲਕ ਪਰਮੇਸ਼ਰ ਦੇ ਦਰਸ਼ਨ ਨਹੀਂ ਹੋ ਸਕਦੇ ਫੇਰ ਬਿਬੇਕ ਵੈਰਾਗ ਵ: ਮਨ ਬੁੱਧ ਰੂਪੀ ਨੇਤਰਾਂ ਵਿਚ ਪ੍ਰੀਤੀ ਰੂਪੀ ਨਿਗ੍ਹਾ ਤੋਂ ਬਿਨਾਂ ਅੰਧਾ=ਅਗਿਆਨੀ ਜੀਵ ਕਿਆ=ਕੀ ਕਰੇਇ=ਕਰ ਸਕਦਾ ਹੈ ਭਾਵ ਉਨ੍ਹਾਂ ਨੂੰ ਸਰੂਪ ਦੀ ਸਾਖਿਆਤਤਾ ਨਹੀਂ ਹੋ ਸਕਦੀ।

ਨਾਨਕ ਜਿਨਿ ਅਖੀ ਲੀਤੀਆ
ਸੋਈ ਸਚਾ ਦੇਇ ॥ ੨ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਨਿ=ਜਿਸ ਵਾਹਿਗੁਰੂ ਨੇ ਜਿਨ੍ਹਾਂ ਦੀਆਂ ਬਿਬੇਕ ਵੈਰਾਗ ਰੂਪੀ ਅਖੀ=ਅੱਖਾਂ ਖੋਹ ਲੀਤੀਆਂ=ਲਈਆਂ ਹਨ, ਜੇਕਰ ਸੋਈ=ਉਹ ਸਚਾ=ਸਤਯ ਸਰੂਪ ਵਾਹਿਗੁਰੂ ਦੇਇ=ਦੇ ਦੇਵੇ ਤਾਂ ਉਹ ਜੀਵ ਦੁਬਾਰਾ ਫੇਰ ਸਰੂਪ ਨੂੰ ਦੇਖ ਸਕਦੇ ਹਨ ਅਥਵਾ ਜਿਨਿ=ਜਿਨਾ ਗੁਰਮੁਖਾਂ ਨੇ ਸਤਿਗੁਰੂ ਸਾਹਿਬ ਜੀ ਤੋਂ ਗਿਆਨ ਰੂਪੀ ਅਖੀ=ਅੱਖਾਂ ਲੀਤੀਆਂ=ਲਈਆਂ ਹਨ, ਸੋਈ=ਉਹੋ ਹੀ ਗੁਰਮੁਖ ਜਗਿਆਸੂ ਜਨਾ ਨੂੰ ਸੱਚੇ ਅਕਾਲ ਪੁਰਖ ਦਾ ਉਪਦੇਸ਼ ਦੇਇ=ਦਿੰਦੇ ਹਨ।

ਪਉੜੀ ॥ ਹਰਿ ਇਕੋ ਕਰਤਾ ਇਕੁ
ਇਕੋ ਦੀਬਾਣੁ ਹਰਿ ॥

ਹੇ ਭਾਈ! ਇੱਕੋ ਇਕ ਹਰਿ=ਪਰਮੇਸ਼ਰ ਹੀ ਜਗਤ ਦਾ ਕਰਤਾ=ਰਚਨ ਵਾਲਾ ਹੈ ਅਤੇ ਇੱਕੋ ਹਰੀ ਹੀ ਲੋਕ ਪ੍ਰਲੋਕ ਵਿਚ ਦੀਬਾਣੁ=ਆਸਰਾ ਰੂਪ ਹੈ।

ਹਰਿ ਇਕਸੈ ਦਾ ਹੈ ਅਮਰੁ
ਇਕੋ ਹਰਿ ਚਿਤਿ ਧਰਿ ॥

ਇਕ ਉਸ ਹਰਿ=ਹਰੀ ਅਕਾਲ ਪੁਰਖ ਦਾ ਹੀ ਸਾਰਿਆਂ ਵਿਚ ਅਮਰੁ=ਹੁਕਮ ਵਰਤਦਾ ਹੈ। ਇੱਕੋ ਹੀ ਉਸ ਹਰਿ=ਹਰੀ ਪਰਮੇਸ਼ਰ ਵਾਹਿਗੁਰੂ ਨੂੰ ਚਿਤਿ=ਹਿਰਦੇ ਵਿਚ ਧਰਿ=ਧਾਰਨ ਭਾਵ ਵਸਾਉਣਾ ਕਰ।

ਹਰਿ ਤਿਸੁ ਬਿਨੁ ਕੋਈ ਨਾਹਿ
ਡਰੁ ਭ੍ਰਮੁ ਭਉ ਦੂਰਿ ਕਰਿ ॥

ਤਿਸੁ=ਉਸ ਹਰਿ=ਵਾਹਿਗੁਰੂ ਤੋਂ ਬਿਨਾਂ ਹੋਰ ਕੋਈ ਵੀ ਰੱਖਿਆ ਕਰਨ ਵਾਲਾ ਨਾਹਿ=ਨਹੀਂ ਹੈ। ਉਸ ਪਰਮੇਸ਼ਰ ਦੇ ਨਾਮ ਕਰਕੇ ਹੀ ਇਸ ਲੋਕ ਦਾ ਡਰੁ=ਭੈ ਅਤੇ ਪੰਜ ਪ੍ਰਕਾਰ ਦਾ ਭਰਮ ਅਤੇ ਪ੍ਰਲੋਕ ਦਾ, ਮੌਤ ਦਾ ਭਉ=ਖੌਫ ਦੂਰ ਹੋ ਜਾਂਦਾ ਹੈ।

ਹਰਿ ਤਿਸੈ ਨੋ ਸਾਲਾਹਿ ਜਿ
ਤੁਧੁ ਰਖੈ ਬਾਹਰਿ ਘਰਿ ॥

ਤਿਸੈ=ਉਸ ਹਰਿ=ਵਾਹਿਗੁਰੂ ਨੋ=ਨੂੰ ਇਕ ਚਿੱਤ ਹੋ ਕੇ ਸਾਲਾਹਿ=ਸਲਾਹੁਣਾ ਕਰ, ਜਿ=ਜਿਹੜਾ ਵਾਹਿਗੁਰੂ ਤੁਧੁ=ਤੁਹਾਡੀ ਮਾਤਾ ਦੇ ਗਰਭ ਰੂਪੀ ਘਰ ਵਿਚ ਰਖੈ=ਰੱਖਿਆ ਕਰਦਾ ਹੈ ਤੇ ਬਾਹਰਿ=ਸੰਸਾਰ ਰੂਪੀ ਘਰ ਵਿਚ ਰਹਿੰਦੇ ਹੋਏ ਵੀ ਸੱਪ, ਨੂੰਹੇ ਅਤੇ ਹੋਰ ਕਈ ਪ੍ਰਕਾਰ ਦੇ ਵਿਘਨਾਂ ਤੋਂ ਬਚਾਉਣਾ ਕਰਦਾ ਹੈ ਵਾ: ਜੋ ਸਤਿਸੰਗਤ ਰੂਪੀ ਘਰ ਵਿਚ ਵੀ ਅਤੇ ਸੰਸਾਰ ਵਿਚ ਬਾਹਰ ਰਹਿੰਦੇ ਹੋਏ ਵੀ ਤੇਰੀ ਰੱਖਿਆ ਕਰਦਾ ਹੈ, ਉਸ ਨੂੰ ਤੂੰ ਸਦਾ ਹੀ ਸਲਾਹੁਣਾ ਕਰ।

ਹਰਿ ਜਿਸ ਨੋ ਹੋਇ ਦਇਆਲੁ
ਸੋ ਹਰਿ ਜਪਿ ਭਉ ਬਿਖਮੁ ਤਰਿ ॥ ੧ ॥

ਜਿਸ ਨੋ=ਜਿਸ ਉਤੇ ਉਹ ਹਰਿ=ਅਕਾਲ ਪੁਰਖ ਦਇਆਲੁ=ਦਇਆਲੂ ਹੁੰਦਾ ਹੈ, ਸੋ=ਉਹ ਹੀ ਉਸ ਪਰਮੇਸ਼ਰ ਦੇ ਨਾਮ ਨੂੰ ਜਪ ਕੇ ਭਉ=ਭੈਦਾਇਕ, ਬਿਖਮੁ=ਕਠਿਨ ਸੰਸਾਰ ਸਮੁੰਦਰ ਤੋਂ ਤਰ ਜਾਂਦਾ ਹੈ ਅਤੇ ਹੋਰਨਾਂ ਨੂੰ ਵੀ ਤਾਰ ਲੈਂਦਾ ਹੈ।

*ਚਲਦਾ.................।'*

# ਸਾਰਾ ਜੀਵਨ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਵਿਚ ਲਾਉਣ ਵਾਲੇ ਸੰਤ ਬਾਬਾ ਬਲਜਿੰਦਰ ਸਿੰਘ ਜੀ ਰਾੜਾ ਸਾਹਿਬ

*ਸ਼. ਸੁਖਵੀਰ ਸਿੰਘ ਚਟਕੋਈਆਂ*
*ਪ੍ਰਤੀਨਿਧ ਰਾੜਾ ਸਾਹਿਬ*

ਸਾਰਾ ਜੀਵਨ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਵਿਚ ਲਾਉਣ ਵਾਲੇ ਸੰਤ ਬਾਬਾ ਬਲਜਿੰਦਰ ਸਿੰਘ ਜੀ ਦਾ ਜਨਮ ਪਿੰਡ ਮਕਸੂਦੜਾ, ਜ਼ਿਲਾ ਲੁਧਿਆਣਾ ਵਿਖੇ ਪਿਤਾ ਸ. ਉਜਾਗਰ ਸਿੰਘ ਜੀ ਦੇ ਘਰ ਮਾਤਾ ਗੁਰਦੇਵ ਕੌਰ ਜੀ ਦੀ ਕੁੱਖੋਂ 15 ਜੁਲਾਈ, 1962 ਈ. ਨੂੰ ਹੋਇਆ। ਮਹਾਂਪੁਰਖਾਂ ਦੇ ਪਰਿਵਾਰ ਵਿਚ ਉਨ੍ਹਾਂ ਦੇ ਦੋ ਭਰਾ ਭਾਈ ਗੁਰਦੀਪ ਸਿੰਘ (ਅਮਰੀਕਾ) ਤੇ ਭਾਈ ਗੋਬਿੰਦਰ ਸਿੰਘ, ਭੈਣ ਬੀਬੀ ਜਸਵਿੰਦਰ ਕੌਰ (ਅਮਰੀਕਾ) ਬੀਬੀ ਸਤਵਿੰਦਰ ਕੌਰ ਅਤੇ ਹਰਵਿੰਦਰ ਕੌਰ (ਅਮਰੀਕਾ) ਹਨ।

ਸੰਤ ਬਾਬਾ ਬਲਜਿੰਦਰ ਸਿੰਘ ਜੀ ਨੇ ਬਚਪਨ ਦਾ ਸਮਾਂ ਆਪਣੇ ਪਿੰਡ ਮਕਸੂਦੜਾ ਵਿਖੇ ਬਿਤਾਇਆ। ਫਿਰ ਸਕੂਲ ਪੜ੍ਹਨੇ ਪਾ ਦਿੱਤੇ। ਅੱਠਵੀਂ ਤੱਕ ਦੀ ਪੜ੍ਹਾਈ ਆਪਣੇ ਪਿੰਡ ਦੇ ਸਕੂਲ ਵਿਚ ਕੀਤੀ ਅਤੇ ਦਸਵੀਂ ਜਮਾਤ ਘੁਡਾਣੀ ਕਲਾਂ ਦੇ ਸਰਕਾਰੀ ਸਕੂਲ ਵਿਚੋਂ ਪਾਸ ਕੀਤੀ। ਇਸ ਦੌਰਾਨ ਗੁਰਦੁਆਰਾ ਰਾੜਾ ਸਾਹਿਬ ਵਿਖੇ ਆ ਕੇ ਉਹ ਆਪਣੇ ਮਾਤਾ-ਪਿਤਾ ਸਮੇਤ ਛੋਟੇ ਤੇ ਵੱਡੇ ਦੋਵੇਂ ਮਹਾਂਪੁਰਸ਼ਾਂ ਦੇ ਦਰਸ਼ਨ ਕਰਦੇ, ਮਹਾਂਪੁਰਸ਼ਾਂ ਦੇ ਮੁਖਾਰਬਿੰਦ ਤੋਂ ਅਮੋਲਕ ਬਚਨ ਸੁਣਦੇ, ਦੀਵਾਨ ਸਰਵਣ ਕਰਦੇ ਅਤੇ ਹੱਥੀਂ ਸੰਗਤ ਦੀ ਸੇਵਾ ਵੀ ਕਰਦੇ।

ਬਚਪਨ ਤੋਂ ਹੀ ਪੂਰਨ ਮਹਾਂਪੁਰਸ਼ਾਂ ਦੀ ਸੰਗਤ ਹੋ ਜਾਣ ਕਰਕੇ ਮਨ ਵਿਚ ਬੈਰਾਗ ਪੈਦਾ ਹੁੰਦਾ ਰਿਹਾ। ਜਦੋਂ ਦਸਵੀਂ ਜਮਾਤ ਪਾਸ ਕਰ ਲਈ ਤਾਂ ਛੋਟੇ ਮਹਾਂਪੁਰਸ਼ਾਂ ਨੂੰ ਸੇਵਾ ਕਰਨ ਲਈ ਬੇਨਤੀ ਕੀਤੀ। ਮਹਾਂਪੁਰਸ਼ਾਂ ਨੇ ਅੱਗੋਂ ਜਵਾਬ ਦਿਤਾ, ਪਹਿਲਾਂ ਬੀ.ਏ ਪਾਸ ਕਰ ਲਵੋ। ਬਾਅਦ ਵਿਚ ਤੁਹਾਡੀ ਮਰਜ਼ੀ, ਜਿਵੇਂ ਠੀਕ ਲੱਗੇ, ਕਰ ਲਿਓ। ਆਪ ਜੀ ਨੇ ਸਰਕਾਰੀ ਕਾਲਜ ਕਰਮਸਰ ਰਾੜਾ ਸਾਹਿਬ ਤੋਂ ਬੀ.ਏ. ਪਾਸ ਕਰਕੇ ਸਰਕਾਰੀ ਕਾਲਜ ਲੁਧਿਆਣਾ ਵਿਚ ਇਕਨੋਮਿਕਸ ਦੀ ਐਮ.ਏ. ਸ਼ੁਰੂ ਕੀਤੀ ਪਰ ਇਕ ਸਾਲ ਪਿੱਛੋਂ ਹੀ 1984 ਈ. ਵਿਚ ਰਾੜਾ ਸਾਹਿਬ ਮਹਾਂਪੁਰਸ਼ਾਂ ਕੋਲ ਪਹੁੰਚ ਗਏ।

ਮਹਾਂਪੁਰਸ਼ਾਂ ਦੇ ਬਚਨ ਮੰਨ ਕੇ ਹਜ਼ੂਰੀ ਕੀਰਤਨੀ ਜਥੇ 'ਚ ਸ਼ਾਮਿਲ ਹੋ ਗਏ। ਨਾਲ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ, ਗੁਰੂ ਪ੍ਰਤਾਪ ਸੂਰਜ ਗ੍ਰੰਥ, ਨਾਨਕ ਪ੍ਰਕਾਸ਼ ਦੀ ਧਾਰਮਿਕ ਵਿਦਿਆ ਗਿਆਨੀ ਮੋਹਨ ਸਿੰਘ ਜੀ ਅਜ਼ਾਦ ਤੋਂ ਪ੍ਰਾਪਤ ਕੀਤੀ। ਆਪ ਜੀ 1986 ਈ. ਨੂੰ ਜਥੇਦਾਰ ਸੰਤ ਬਾਬਾ ਮਹਿੰਦਰ ਸਿੰਘ ਜੀ ਨਾਲ ਲੰਡਨ ਵੀ ਹੋ ਆਏ ਸਨ। ਜਦੋਂ ਜਥੇਦਾਰ ਬਾਬਾ ਮਹਿੰਦਰ ਸਿੰਘ ਜੀ ਦੀ ਸਿਹਤ ਢਿੱਲੀ ਹੋ ਜਾਣ ਕਰਕੇ ਕੀਰਤਨ ਦੀ ਸੇਵਾ ਕਰਨ ਤੋਂ ਅਸਮਰੱਥ ਹੋ ਗਏ ਤਾਂ ਦੀਵਾਨ ਸਜਾਉਣ ਅਤੇ ਅੰਮ੍ਰਿਤ ਸੰਚਾਰ ਦੀ ਸੇਵਾ 1987 ਈ: ਤੋਂ ਆਪ ਜੀ ਨੂੰ ਸੰਭਾਲ ਦਿਤੀ ਗਈ। ਆਪ ਜੀ ਪਿੰਡਾਂ-ਸ਼ਹਿਰਾਂ, ਦੇਸਾਂ-ਵਿਦੇਸ਼ਾਂ ਵਿਚ ਜਾ ਕੇ ਗੁਰਬਾਣੀ ਦੇ ਇਲਾਹੀ ਕੀਰਤਨ ਵਿਖਿਆਨ ਦੁਆਰਾ ਸੰਗਤਾਂ ਨੂੰ ਸ਼ਬਦ ਗੁਰੂ ਨਾਲ ਜੋੜਦੇ ਰਹੇ। ਆਪ ਜੀ ਨੇ ਕਈ ਸਾਲਾਂ ਦੀ ਮਿਹਨਤ ਦਾ ਸਦਕਾ ਗੁਰਬਾਣੀ, ਗੁਰਮਤਿ ਅਤੇ ਸਿੱਖ-ਇਤਿਹਾਸ ਨਾਲ ਸਬੰਧਿਤ ਸਮੱਗਰੀ ਇੰਟਰਨੈੱਟ 'ਤੇ ਸੰਗਤਾਂ ਲਈ ਉਪਲੱਬਧ ਕਰਵਾਉਣ ਵਿਚ ਭਰਪੂਰ ਯੋਗਦਾਨ ਪਾਇਆ। ਉਨ੍ਹਾਂ ਦੇ ਇਸ ਕਾਰਜ ਨੂੰ ਪੰਜਾਬ ਦੀਆਂ ਕਈ ਯੂਨੀਵਰਸਿਟੀਆਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵਲੋਂ ਮਾਣ ਬਖਸ਼ਿਆ ਗਿਆ ਹੈ। ਸੰਤ ਬਾਬਾ ਤੇਜਾ ਸਿੰਘ ਜੀ ਭੋਰਾ ਸਾਹਿਬ ਵਾਲਿਆਂ ਦੇ ਸਚਖੰਡ ਜਾਣ ਤੋਂ ਬਾਅਦ 18 ਦਸੰਬਰ, 2014 ਨੂੰ ਵੱਖ-ਵੱਖ ਸੰਪਰਦਾਵਾਂ ਦੇ ਸੰਤਾਂ-ਮਹਾਂਪੁਰਸ਼ਾਂ ਅਤੇ ਸਿੱਖ ਪੰਥ ਦੀਆਂ ਧਾਰਮਿਕ ਸ਼ਖਸ਼ੀਅਤਾਂ ਵਲੋਂ ਅਸਥਾਨ ਦੀ ਸੇਵਾ-ਸੰਭਾਲ ਅਤੇ ਸੰਪ੍ਰਦਾਇ ਦੇ ਮੁਖੀ ਦੀ ਸੇਵਾ ਆਪ ਜੀ ਨੂੰ ਸੌਂਪ ਦਿਤੀ ਗਈ।

ਮਹਾਂਪੁਰਸ਼ਾਂ ਨੇ ਜਿੱਥੇ ਗੁਰਮਤਿ ਦੇ ਪ੍ਰਚਾਰ ਅਤੇ ਪਸਾਰ ਲਈ ਵੱਖ-ਵੱਖ ਪ੍ਰਾਂਤਾਂ ਦੇ ਪਿੰਡਾਂ-ਸ਼ਹਿਰਾਂ ਤੋਂ ਇਲਾਵਾ ਵਿਦੇਸ਼ਾਂ ਵਿਚ ਜਾ ਕੇ ਗੁਰਬਾਣੀ ਦੇ ਇਲਾਹੀ ਕੀਰਤਨ ਵਿਖਿਆਨ ਦੁਆਰਾ ਸੰਗਤਾਂ ਨੂੰ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੋੜਿਆ, ਉੱਥੇ ਮਹਾਂਪੁਰਸ਼ਾਂ ਵਲੋਂ ਈਸ਼ਰ ਮਾਈਕਰੋ ਮੀਡੀਆ ਐਪ ਤਿਆਰ ਕੀਤੀ ਗਈ, ਜਿਸ ਵਿਚ ਬਦਲਦੇ ਯੁੱਗ ਦੀਆਂ ਬਦਲਦੀਆਂ ਅਧਿਐਨ ਤਕਨੀਕਾਂ ਅਨੁਸਾਰ ਆਪ ਜੀ ਨੇ ਕਈ ਸਾਲਾਂ ਦੀ ਮਿਹਨਤ ਅਤੇ ਅਕਾਲ ਪੁਰਖ ਦੀ ਕ੍ਰਿਪਾ ਸਦਕਾ ਗੁਰਬਾਣੀ ਅਤੇ ਸਿੱਖ ਇਤਿਹਾਸ ਨਾਲ ਸਬੰਧਿਤ ਵੱਡਮੁੱਲੀ ਸਮੱਗਰੀ ਇੰਟਰਨੈੱਟ ਰਾਹੀਂ ਦੁਨੀਆਂ ਭਰ ਦੇ ਗੁਰਮਤਿ ਜਗਿਆਸੂਆਂ ਲਈ ਉਪਲੱਬਧ ਕਰਵਾਈ ਜੋ ਕਿ www.rarasahib.com 'ਤੇ ਦੇਖੀ ਜਾ ਸਕਦੀ ਹੈ।

ਇਸ ਸਮੱਗਰੀ ਵਿਚ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਦਸਮ ਗ੍ਰੰਥ, ਵਾਰਾਂ ਅਤੇ ਕਬਿੱਤ ਭਾਈ ਗੁਰਦਾਸ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੱਤ ਟੀਕੇ, ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਦੋ ਟੀਕੇ, ਵਾਰਾਂ ਭਾਈ ਗੁਰਦਾਸ ਜੀ ਦੇ ਦੋ ਟੀਕੇ, ਮਹਾਨ ਕੋਸ਼ ਭਾਈ ਕਾਨ੍ਹ ਸਿੰਘ ਨਾਭਾ, ਡਾ. ਗੁਰਚਰਨ ਸਿੰਘ ਜੀ ਦੇ ਗੁਰੂ ਗ੍ਰੰਥ ਕੋਸ਼ ਅਤੇ ਭਾਈ ਵੀਰ ਸਿੰਘ ਦੇ ਗੁਰੂ ਗ੍ਰੰਥ ਕੋਸ਼, ਫਰੀਦਕੋਟ ਵਾਲਾ ਟੀਕਾ, ਸ੍ਰੀ ਨਾਨਕ ਪ੍ਰਕਾਸ਼, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ (ਸੰਪੂਰਨ ਗ੍ਰੰਥਾਵਲੀ), ਤਵਾਰੀਖ ਗੁਰੂ ਖ਼ਾਲਸਾ (ਸੰਪੂਰਨ ਸੰਸਕਰਣ ਸ਼ਮਸ਼ੇਰ ਖ਼ਾਲਸਾ ਅਤੇ ਰਾਜਪਾਲ ਸਾਸਹਿਤ), ਸ੍ਰੀ ਗੁਰੂ ਪੰਥ ਪ੍ਰਕਾਸ਼ ਤੇ ਹੋਰ ਗੁਰਮਤਿ ਸਾਹਿਤ ਸ਼ਾਮਿਲ ਹੈ, ਜੋ ਵੱਡਮੁੱਲਾ ਖਜ਼ਾਨਾ ਬਾਬਾ ਜੀ ਨੇ ਸ਼ੁੱਧ ਰੂਪ ਵਿਚ ਆਟੋ ਸਕਰੋਲਿੰਗ ਵਰਗੀਆਂ ਆਧੁਨਿਕ ਤਕਨੀਕੀ ਸਹੂਲਤਾਂ ਸਹਿਤ ਸਿੱਖ ਜਨ ਸਮੂਹ ਵਾਸਤੇ ਵਿਸ਼ੇਸ਼ ਕਰਕੇ ਸਿੱਖ ਵਿਦਵਾਨਾਂ, ਖੋਜੀਆਂ ਅਤੇ ਇਤਿਹਾਸਕਾਰਾਂ ਲਈ ਅਤਿ-ਆਧਨਿਕ ਅਤੇ ਕੀਮਤੀ ਖਜ਼ਾਨਾ ਸਿੱਖ ਪੰਥ ਨੂੰ ਸੌਂਪਿਆ। ਮਹਾਂਪੁਰਸ਼ਾਂ ਵਲੋਂ ਤਿਆਰ ਕੀਤੇ ਪਲੇਅ ਸਟੋਰ ਅਤੇ ਐਪ ਸਟੋਰ ਦੀ ਇਸ ਐਪ ਨਾਲ ਦੇਸ਼-ਵਿਦੇਸ਼ ਦੀਆਂ ਲੱਖਾਂ ਸੰਗਤਾਂ ਲਾਭ ਪ੍ਰਾਪਤ ਕਰ ਰਹੀਆਂ ਹਨ। ਇਸ ਤੋਂ ਇਲਾਵਾ ਮਹਾਂਪੁਰਖਾਂ ਨੇ ਰਾੜਾ ਸਾਹਿਬ ਦੇ ਲੰਗਰ ਦੀ ਇਮਾਰਤ ਨੂੰ ਨਵੇਂ ਢਾਂਚੇ ਵਿਚ ਆਧੁਨਿਕ ਢੰਗਾਂ ਨਾਲ ਲੰਗਰ ਘਰ ਤਿਆਰ ਕਰਵਾਇਆ ਅਤੇ ਪਹਿਲਾਂ ਮੌਜੂਦ ਲੰਗਰ ਘਰ ਨਾਲੋਂ ਕਈ ਗੁਣਾ ਵੱਡੀ ਇਮਾਰਤ ਉਸਾਰੀ। ਇਸ ਦੇ ਨਾਲ-ਨਾਲ ਆਪ ਜੀ ਨੇ ਗੁਰਦੁਆਰਾ ਸਾਹਿਬ ਦੇ ਕੈਂਪਸ ਅੰਦਰ ਕਈ ਆਧੁਨਿਕ ਪਾਰਕਾਂ ਬਣਾ ਕੇ ਅਤੇ ਉਨ੍ਹਾਂ ਨੂੰ ਸਜਾਵਟੀ ਬੂਟਿਆਂ ਨਾਲ ਸਜਾ ਕੇ ਪੂਰੇ ਚੌਗਿਰਦੇ ਨੂੰ ਹਰਾ-ਭਰਾ ਬਣਾ ਦਿਤਾ, ਜਿਸ ਵਿਚੋਂ ਉਨ੍ਹਾਂ ਦਾ ਕੁਦਰਤ ਨਾਲ ਜੁੜਿਆ ਅਥਾਹ ਪ੍ਰੇਮ ਸਪੱਸ਼ਟ ਝਲਕਦਾ ਹੈ। ਹਸਪਤਾਲ ਦੀ ਪੁਰਾਣੀ ਇਮਾਰਤ ਦੀ ਜਗ੍ਹਾ ਨਵੀਂ ਇਮਾਰਤ ਉਸਾਰਨਾ ਅਤੇ ਹਸਪਤਾਲ ਵਿਚ ਅਨੇਕਾਂ ਨਾਮੀ ਡਾਕਟਰਾਂ ਦੀਆਂ ਸੇਵਾਵਾਂ ਉਪਲੱਬਧ ਕਰਵਾ ਕੇ ਇਸ ਖੇਤਰ ਨੂੰ ਬਿਹਤਰ ਮੈਡੀਕਲ ਸੇਵਾਵਾਂ ਪ੍ਰਦਾਨ ਕਰਨਾ ਵੀ ਆਪ ਜੀ ਦੇ ਕਾਰਜਾਂ ਦੀ ਇਕ ਉੱਤਮ ਮਿਸਾਲ ਹੈ। ਮਹਾਂਪੁਰਸ਼ਾਂ ਵਲੋਂ ਗੁਰੂ ਘਰ ਵਿਚ ਰਹਿੰਦੇ ਪਾਠੀ ਸਿੰਘਾਂ ਅਤੇ ਸੰਗਤਾਂ ਲਈ 72 ਕਮਰਿਆਂ ਵਾਲੀ ਆਲੀਸ਼ਾਨ ਬਿਲਡਿੰਗ ਤਿਆਰ ਕਰਵਾ ਕੇ ਸੰਗਤਾਂ ਦੇ ਸਪੁਰਦ ਕੀਤੀ। ਇਸ ਦੇ ਨਾਲ-ਨਾਲ ਇਕ ਬਹੁਤ ਸ਼ਲਾਘਾਯੋਗ ਕਾਰਜ ਜੋ ਸੰਤ ਬਾਬਾ ਬਲਜਿੰਦਰ ਸਿੰਘ ਜੀ ਨੇ ਕੀਤਾ, ਉਹ ਇਹ ਸੀ ਕਿ ਹਲਕਾ ਪਾਇਲ ਅਧੀਨ ਆਉਂਦੇ ਲੋੜਵੰਦ ਪ੍ਰਾਇਮਰੀ ਸਕੂਲਾਂ ਦੀਆਂ ਸਹੂਲਤਾਂ ਅਤੇ ਵਿਦਿਆਰਥੀਆਂ ਦੀਆਂ ਲੋੜਾਂ ਪੂਰੀਆਂ ਕਰਨ ਵਿਚ ਪਹਿਲ ਕਦਮੀ ਆਪ ਜੀ ਦੀ ਅਗਵਾਈ ਵਿਚ ਕੀਤੀ ਗਈ। ਉਸ ਦੀ ਮਿਸਾਲ ਪੂਰੀ ਦੁਨੀਆਂ ਵਿਚ ਕਿਧਰੇ ਨਹੀਂ ਮਿਲਦੀ। ਸਰਕਾਰੀ ਕਾਲਜ ਕਰਮਸਰ ਰਾੜਾ ਸਾਹਿਬ ਦੇ ਵਿਕਾਸ ਕਾਰਜ ਵਿਚ ਹਰ ਪੱਖੋਂ ਅਗਵਾਈ ਸਹਿਯੋਗ ਅਤੇ ਮਦਦ ਕਰਨਾ ਵੀ ਮਹਾਂਪੁਰਸ਼ਾਂ ਦੇ ਹੋਰਨਾਂ ਕਾਰਜਾਂ ਵਿਚ ਸ਼ਾਮਿਲ ਹੋ ਜਾਂਦਾ ਹੈ। ਬੀਤੇ ਸਮੇਂ ਵਿਚ ਕਰੋਨਾ ਕਾਲ ਅਤੇ ਹੜ੍ਹਾਂ ਦੌਰਾਨ ਮਹਾਂਪੁਰਸ਼ਾਂ ਵੱਲੋਂ ਰੋਜ਼ਾਨਾ ਵੱਖ-ਵੱਖ ਹਸਪਤਾਲਾਂ, ਰੇਲਵੇ ਸਟੇਸ਼ਨਾਂ ਅਤੇ ਲੋੜਵੰਦ ਸੰਗਤਾਂ ਦੇ ਘਰਾਂ ਵਿਚ ਰਾਸ਼ਨ ਅਤੇ ਗੁਰੂ ਕਾ ਲੰਗਰ ਤਿਆਰ ਕਰਕੇ ਪਹੁੰਚਾਇਆ ਗਿਆ, ਜਿੱਥੇ ਆਪ ਜੀ ਨੇ ਇਹ ਸਾਰੇ ਮਹੱਤਵਪੂਰਨ ਕਾਰਜ ਕੀਤੇ, ਉਥੇ ਆਧੁਨਿਕ ਤਕਨੀਕੀ ਖੇਤਰ ਦੀ ਵਰਤੋਂ ਕਰਦਿਆਂ ਸਿੱਖ ਪੰਥ ਦੀ ਚੜ੍ਹਦੀ ਕਲਾ ਅਤੇ ਪ੍ਰਚਾਰ ਲਈ ਗੁਰਬਾਣੀ ਵਿਆਖਿਆ ਦੇ ਕੰਪਿਊਟਰੀਕਰਨ ਸੰਬੰਧੀ ਜੋ ਕਾਰਜ ਆਪ ਜੀ ਵਲੋਂ ਕੀਤੇ ਗਏ, ਉਨ੍ਹਾਂ ਲਈ ਆਪ ਜੀ ਨੂੰ ਰਹਿੰਦੀ ਦੁਨੀਆਂ ਤਕ ਯਾਦ ਕੀਤਾ ਜਾਵੇਗਾ।

ਆਪ ਜੀ ਨੇ ਪ੍ਰਮੇਸ਼ਰ ਦੇ ਇਲਾਹੀ ਹੁਕਮ ਨੂੰ ਮੰਨਦਿਆਂ 25 ਅਗਸਤ, 2025 ਨੂੰ ਅੰਮ੍ਰਿਤ ਵੇਲੇ ਸਰੀਰ ਦਾ ਪ੍ਰਤਿਆਗ ਕੀਤਾ ਅਤੇ ਸਚਖੰਡ ਵਿਚ ਪਿਆਰੇ ਦੀ ਪਿਆਰੀ ਗੋਦ ਵਿਚ ਜਾ ਬਿਰਾਜੇ। ਉਨ੍ਹਾਂ ਦੇ ਪਵਿੱਤਰ ਸਰੀਰ ਦਾ ਸਸਕਾਰ 27 ਅਗਸਤ ਨੂੰ ਰਾੜਾ ਸਾਹਿਬ ਦੀ ਪਾਵਨ ਧਰਤੀ 'ਤੇ ਕੀਤਾ ਗਿਆ ਜਿਸ ਵਿਚ ਵੱਡੀ ਤਦਾਦ ਵਿਚ ਸੰਗਤਾਂ ਨੇ ਸੇਜਲ ਅੱਖਾਂ ਨਾਲ ਅੰਤਮ ਵਿਦਾਇਗੀ ਦਿਤੀ।

28 ਅਗਸਤ ਨੂੰ ਵੱਡੇ ਕਾਫਲੇ ਦੇ ਰੂਪ ਵਿਚ ਸ੍ਰੀ ਕੀਰਤਪੁਰ ਸਾਹਿਬ ਵਿਖੇ ਅਸਥੀਆਂ ਜਲ ਪ੍ਰਵਾਹ ਕੀਤੀਆਂ ਗਈਆਂ। 3 ਸਤੰਬਰ, 2025 ਨੂੰ ਉਨ੍ਹਾਂ ਦੇ ਨਮਿੱਤ ਦਸਹਿਰੇ ਦੇ ਸਮਾਗਮ ਕੀਤੇ ਗਏ। ਵੱਡੀ ਤਦਾਦ ਵਿਚ ਸੰਗਤਾਂ ਤੋਂ ਇਲਾਵਾ, ਧਾਰਮਿਕ ਜਥੇਬੰਦੀਆਂ, ਵੱਖ-ਵੱਖ ਸੰਪਰਦਾਵਾਂ ਦੇ ਮਹਾਂਪੁਰਸ਼ਾਂ, ਰਾਜਨੀਤਿਕ ਲੀਡਰ ਸਾਹਿਬਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ, ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਖਾਲਸਾ ਪੰਥ ਦੇ ਪਾਵਨ ਤਖ਼ਤਾਂ ਦੇ ਨੁਮਾਇੰਦਿਆਂ ਨੇ ਹਾਜ਼ਰੀ ਭਰੀ।

ਇਸ ਮੌਕੇ ਗੁਰਦੁਆਰਾ ਕਰਮਸਰ ਰਾੜਾ ਸਾਹਿਬ ਟਰੱਸਟ ਅਤੇ ਸਮੂੰਹ ਸਟੇਜ 'ਤੇ ਹਾਜ਼ਰੀਨ ਨੇ ਬਾਬਾ ਅਮਰ ਸਿੰਘ ਭੋਰਾ ਸਾਹਿਬ ਵਾਲਿਆਂ ਨੂੰ ਦਸਤਾਰ ਬੰਦੀ ਕਰਕੇ ਸੰਪਰਦਾ ਦੇ ਮੁਖੀ ਦੀ ਸੇਵਾ ਬਖਸ਼ੀ।

# ਜਨ ਪਰਉਪਕਾਰੀ ਆਏ

## (ਸਚਖੰਡ ਵਾਸੀ ਪਿਆਰੇ ਮਹਾਂਪੁਰਸ਼ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਅਤੇ ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ)

*ਪ੍ਰੋ. ਗੁਰਦੇਵ ਸਿੰਘ*

***(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ-55)***

ਬਚਪਨ ਵਿਚ ਜਦੋਂ ਆਪ ਜੀ ਕੇਵਲ 10 ਸਾਲਾਂ ਦੇ ਸੀ ਤਾਂ ਸਕੂਲ ਦੀਆਂ ਛੁੱਟੀਆਂ ਦੌਰਾਨ ਵੱਡੇ ਭੈਣ ਜੀ ਬੀਬੀ ਜਸਵੰਤ ਕੌਰ ਜੀ ਕੋਲ ਉਨ੍ਹਾਂ ਦੇ ਪਿੰਡ ਧਲੇਤੇ ਚਲੇ ਜਾਂਦੇ ਸਨ। ਆਪ ਹੀ ਦੱਸਿਆ ਕਰਦੇ ਸਨ ਕਿ 'ਇਕ ਦਿਨ ਭੈਣ ਜੀ ਖੇਤਾਂ ਵਿਚ ਕਪਾਹ ਚੁਗਣ ਗਏ ਹੋਏ ਸੀ, ਦੇਖਿਆ ਕਿ ਕਿੱਲੀ ਤੇ ਭੈਣ ਜੀ ਦੀ ਮਾਲਾ ਲਟਕ ਰਹੀ ਹੈ। ਕਹਿੰਦੇ ਕਿ ਮੈਂ ਉਚੇ ਹੋਣ ਲਈ, ਪੈਰਾਂ ਹੇਠਾਂ ਪੀੜ੍ਹੀ ਰੱਖ ਕੇ ਡੰਡੇ ਦੀ ਮਦਦ ਨਾਲ ਲਾਹ ਲਈ। ਬੀਬੀ ਕਹਿੰਦੀ ਤੈਨੂੰ ਪਤਾ ਵੀ ਹੈ, ਇਸ ਨਾਲ ਕੀ ਕਰੀਦਾ ਹੈ? ਮੈਂ (ਬਾਬਾ ਜੀ ਨੇ) ਕਿਹਾ, ਵਾਹਿਗੁਰੂ-ਵਾਹਿਗੁਰੂ। ਮੈਨੂੰ ਲੱਗਿਆ ਕਿ ਬੜਾ ਖਜ਼ਾਨਾ ਮਿਲ ਗਿਆ ਹੈ, ਪਰ ਮੈਂ (ਬਾਬਾ ਜੀ ਨੇ) ਬੀਬੀ ਜੀ ਨੂੰ ਦਸਿਆ ਨਹੀਂ। ਆਪ ਜੀ ਉਥੇ ਆਪਣੇ ਸਾਥੀ ਬੱਚਿਆਂ ਨਾਲ ਖੇਡਣ ਦੀ ਬਜਾਇ ਭੈਣ ਜੀ ਦੀ ਮਾਲਾ ਚੁੱਕ ਕੇ ਕਮਾਦ (ਗੰਨੇ) ਦੇ ਖੇਤ ਅੰਦਰ ਘਲਾੜੀ (ਗੰਨੇ ਪੀੜਨ ਵਾਲਾ ਕੋਹਲੂ) ਦੀ ਭੱਠੀ ਵਾਲੇ ਡੂੰਘੇ ਡੂੰਮ (ਚੁੱਬੇ) ਵਿਚ ਲੁਕ ਕੇ ਨਾਮ ਜਪਦੇ ਰਹਿੰਦੇ ਸਨ। ਇਸੇ ਤਰ੍ਹਾਂ ਜਦੋਂ ਸੱਤ ਦਿਨ ਲੰਘ ਗਏ ਤਾਂ ਇਕ ਦਿਨ ਬੀਬੀ ਜਸਵੰਤ ਕੌਰ ਜੀ ਲੱਭਦੇ-ਲੱਭਦੇ ਆਏ ਤੇ ਸਾਥੀ ਬੱਚਿਆਂ ਨੂੰ ਪੁੱਛਿਆ ਕਿ ਮੇਰਾ ਵੀਰ ਕਿਥੇ ਹੈ? ਉਹ ਕਹਿੰਦੇ ਉਹ ਤਾਂ ਰੋਜ਼ ਕਮਾਦ ਵਿਚ ਵੜ ਜਾਂਦਾ ਹੈ, ਸਾਡੇ ਨਾਲ ਤਾਂ ਖੇਡਦਾ ਨਹੀਂ, ਪਤਾ ਨਹੀਂ ਉਥੇ ਕੀ ਕਰਦਾ ਹੈ? ਭੈਣ ਜੀ ਨੇ ਜਦੋਂ ਕਮਾਦ ਵਿਚ ਜਾ ਕੇ ਦੇਖਿਆ, ਕਹਿੰਦੇ ਵੇ ਵੀਰ! ਕਿਥੇ ਕਸੁਸਰੇ ਵੜ ਕੇ ਬੈਠਾ ਹੈਂ, ਜੇ ਸੱਪ-ਸਪੋਲੀਆ ਲੜ ਗਿਆ? ਕਹਿਣ ਲੱਗੇ ਬੀਬੀ ਜੀ! ਮੈਂ ਸੁਣਿਆ ਹੈ ਕਿ ਜੇ ਵਾਹਿਗੁਰੂ ਦਾ ਭਜਨ ਕਰੀਏ ਤਾਂ ਉਹ ਆਪ ਰੱਖਿਆ ਕਰਦਾ ਹੈ। ਇਸ ਘਟਨਾ ਬਾਰੇ ਬੀਬੀ ਜਸਵੰਤ ਕੌਰ ਜੀ ਹੇਠ ਲਿਖੇ ਅਨੁਸਾਰ ਆਪਣੇ ਖਤ ਵਿਚ ਲਿਖਦੇ ਹਨ, ਵੀਰ ਦਾ 'ਮਨ ਬੈਰਾਗੀ ਹੋ ਗਿਆ, ਕਦੇ ਕਮਾਦ ਵਿਚ, ਕਦੇ ਬਹਿਣੀ ਵਿਚ, ਬੈਠ ਕੇ ਨਾਮ ਜਪਦੇ ਰਹੇ। ਦਰਖਤਾਂ ਦਾ ਝੁੰਡ ਸੀ, ਉਥੇ ਬੜਾ ਭਾਰਾ ਸੱਪ ਰਹਿੰਦਾ ਸੀ, ਉਥੇ ਜਾ ਕੇ ਸਮਾਧੀ ਲਾ ਲੈਣੀ, ਮੈਂ ਕਮਲੀ ਹੋਈ ਨੇ ਟੋਲ੍ਹੀ (ਲੱਭੀ) ਜਾਣਾ, ਪਤਾ ਲੱਗਣਾ ਤਾਂ ਲੈ ਕੇ ਆਉਣਾ। ਮੈਂ ਪਿਆਰ ਨਾਲ ਵੀ ਕਿਹਾ, ਗੁੱਸੇ ਨਾਲ ਵੀ ਕਿਹਾ ਕਿ ਵੀਰ ਜੀ! ਘਰ ਬੈਠ ਕੇ ਨਾਮ ਜਪਿਆ ਕਰੋ, ਮੈਂ ਥੋੜ੍ਹੀ ਮੱਤ ਵਾਲੀ ਸੀ, ਐਨਾ ਦ੍ਰਿੜ੍ਹ ਭਰੋਸਾ ਨਹੀਂ ਸੀ। ਪਿਆਰਾ ਬਹੁਤ ਸੀ ਵੀਰ, ਮੈਂ ਕਹਿਣਾ ਕਸੁਸਰੇ ਥਾਂ ਕੁਝ ਲੜ ਨਾ ਜਾਵੇ। ਮੈਨੂੰ ਸੋਝੀ ਨਹੀਂ ਸੀ ਕਿ ਵੀਰ ਜੀ ਦਾ ਰਾਖਾ ਬਹੁਤ ਤਕੜਾ, ਡਾਢਾ ਹੈ।

*ਜਿਸ ਦਾ ਸਾਹਿਬੁ ਡਾਢਾ ਹੋਇ ॥*
*ਤਿਸ ਨੋ ਮਾਰਿ ਨ ਸਾਕੈ ਕੋਇ ॥* ਅੰਗ - ੮੪੨

ਮੈਂ ਅਨਜਾਣ ਅਗਿਆਨਤਾ ਵਿਚ ਸੀ। ਮੈਂ ਵੀਰ ਨੂੰ ਆਪਣਾ ਹੀ ਸਮਝਦੀ ਸੀ, ਵੀਰ ਤਾਂ ਸਾਰਿਆਂ ਦਾ ਥੰਮ ਨੇ, ਸਹਾਰੇ ਨੇ, ਵਿਛੜੀਆਂ ਰੂਹਾਂ ਨੂੰ ਮਿਲਾਉਣ ਵਾਲੇ। ਡਰਦੇ ਨਹੀਂ ਸੀ, ਜਦ ਡਰ ਵਾਲੀ ਗੱਲ ਕਰਨੀ ਤਾਂ ਇਨ੍ਹਾਂ ਨੇ ਕਹਿਣਾ, ਲੈ ਸੱਪ ਮੈਨੂੰ ਕੀ ਕਹੂਗਾ? ਨਿਡਰ ਹੋ ਕੇ ਗੱਲ ਕਰਨੀ। ਫੇਰ ਪਿੰਡ (ਧਮੋਟ) ਆ ਕੇ ਵੀ, ਲੋਹੇ ਦੀਆਂ ਸੀਖਾਂ ਵਾਲਾ ਮੋਘਾ ਸੀ, ਉਹਦੇ ਉਤੇ ਬੈਠ ਜਾਣਾ, ਸਾਰੀ ਰਾਤ ਮਾਲਾ ਫੇਰੀ ਜਾਣੀ, ਪੱਕੀਆਂ ਮਾਲਾਂ ਗੁਰਮੰਤ੍ਰ ਦੀਆਂ ਫੇਰਨੀਆਂ, ਨੀਂਦ ਆਲਸ ਨੇੜੇ ਨਹੀਂ ਸੀ ਆਉਂਦਾ। ਖੇਤੀ ਵੀ ਕੀਤੀ, ਘਰ ਦਾ ਸਾਰਾ ਕੰਮ ਵੀ ਬੜਾ ਕੀਤਾ, ਟੌਪ (Top) ਦੀ ਨੌਕਰੀ ਕੀਤੀ, ਫੌਜ ਅਤੇ ਸੈਕਟਰੀਏਟ ਵਿਚ। ਹਰੀ ਜਸ, ਕੀਰਤਨ ਵੀ ਕਰਨਾ। ਯੂ.ਪੀ ਤਾਂ ਬਹੁਤ ਦੂਰ-ਦੂਰ ਤੋਂ ਸੰਗਤਾਂ ਆਉਂਦੀਆਂ। ਜੇ ਪਰਉਪਕਾਰ ਗਿਣਨੇ ਚਾਹੀਏ ਤਾਂ ਗਿਣ ਨਹੀਂ ਸਕਦੇ। ਗੁਰੂ ਜੀ ਹਰ ਸਮੇਂ ਸਾਥ ਦਿੰਦੇ ਸੀ। ਮਨ ਵੀ ਸਾਚਾ ਸੀ, ਮੁਖ ਵੀ ਸਾਚਾ ਸੀ।

*ਮਨਿ ਸਾਚਾ ਮੁਖਿ ਸਾਚਾ ਸੋਇ ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥*
*ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥ ਅੰਗ- ੨੭੨*

ਬੀਬੀ ਜਸਵੰਤ ਕੌਰ ਜੀ ਇਕ ਹੋਰ ਘਟਨਾ ਦਾ ਜ਼ਿਕਰ ਕਰਦਿਆਂ ਲਿਖਦੇ ਹਨ ਕਿ ਇਕ ਵਾਰ ਛੋਟੀ

ਭਰਜਾਈ ਯੂ.ਪੀ ਤੋਂ ਚੰਡੀਗੜ੍ਹ ਇਨ੍ਹਾਂ ਪਾਸ ਆਈ ਤੇ ਉਸ ਦੀ ਗੋਦੀ ਛੇ ਮਹੀਨੇ ਦਾ ਕਾਕਾ ਸੀ। ਚੰਡੀਗੜ੍ਹ ਆ ਕੇ ਬਿਮਾਰ ਹੋ ਗਿਆ, ਐਨਾ ਬਿਮਾਰ ਹੋਇਆ ਕਿ 'ਬਸ' ਵਾਲੀ ਹਾਲਤ ਪਹੁੰਚ ਗਈ। ਵੀਰ ਜੀਆਂ ਨੇ ਅੰਦਰ ਕਮਰੇ ਵਿਚ ਵੜ ਕੇ ਅਕਾਲ ਪੁਰਖ ਨਾਲ ਜੁੜ ਕੇ ਅਰਦਾਸ ਕੀਤੀ, ਕਾਕੇ ਦੇ ਗਏ ਹੋਏ ਸਵਾਸ ਠੀਕ ਤਰ੍ਹਾਂ ਚੱਲ ਪਏ। ਕਾਕਾ ਠੀਕ ਹੋ ਗਿਆ ਪਰ ਆਪ ਪਰਉਪਕਾਰੀਆਂ ਨੇ, ਕਾਫੀ ਸਰੀਰਕ ਕਸ਼ਟ ਭੋਗਿਆ। ਬਹੁਤ ਕੌਤਕ ਨੇ, ਕਦੀ ਗੁੱਸਾ ਨਹੀਂ ਸੀ ਆਉਂਦਾ, ਐਨੇ ਸ਼ਾਂਤੀ ਦੇ ਪੁੰਜ ਸੀ ਕਿ ਸਭ ਦਾ ਦਰਦ ਵੰਡਾਉਣਾ।

ਵੱਡੇ ਭੈਣ ਜੀ, ਬੀਬੀ ਜਸਵੰਤ ਕੌਰ ਵੀ ਬੜੇ ਗੁਰਮੁਖ ਸੁਭਾਅ ਵਾਲੇ ਨਿਤਨੇਮੀ, ਗੁਰੂ ਘਰ ਦੇ ਪ੍ਰੇਮੀ ਅਤੇ ਭਗਤੀ-ਭਾਵ ਵਾਲੀ ਸ਼ਖਸੀਅਤ ਸਨ। ਉਨ੍ਹਾਂ ਉਪਰ ਵੀ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦੀ ਬਖਸ਼ਿਸ਼ ਸੀ। ਦੋਨੋਂ ਭੈਣ-ਭਰਾ ਦਾ ਇਕੋ ਜਿਹਾ ਸੁਭਾਅ ਹੋਣ ਕਰਕੇ, ਆਪਸ ਵਿਚ ਬਹੁਤ ਗੂੜ੍ਹਾ ਪ੍ਰੇਮ ਸੀ। ਛੋਟੇ ਹੁੰਦੇ ਹੀ ਬਚਪਨ ਵਿਚ ਬਾਬਾ ਜੀ ਬਚਨ ਕਰਿਆ ਕਰਦੇ ਕਿ ਬੀਬੀ ਜੀ! ਆਪਾਂ ਨਵੇਂ ਖੂਹ ਤੇ ਛੰਨ ਪਾ ਲੈਣੀ ਹੈ, ਉਥੇ ਬੈਠ ਕੇ ਆਪਾਂ ਦੋਵੇਂ ਨਾਮ ਜਪਿਆ ਕਰਾਂਗੇ। ਸੋ ਇਹ ਕੈਨੇਡਾ ਵਿਚ ਨਿਵਾਸ ਰਖਦੇ ਹੋਏ ਇਥੇ ਵੀ ਕੀਰਤਨ-ਕਥਾ ਦੁਆਰਾ ਸੰਗਤਾਂ ਨੂੰ ਗੁਰੂ ਘਰ ਨਾਲ ਜੋੜਦੇ ਰਹਿੰਦੇ ਸਨ।

ਇਹ ਦੋ ਪੁੱਤਰਾਂ ਦੀ ਮਾਤਾ ਜੀ ਹਨ। ਵੱਡਾ ਭਾਈ ਪਰਮਿੰਦਰ ਸਿੰਘ ਤੇ ਛੋਟਾ ਭਾਈ ਕੁਲਵੰਤ ਸਿੰਘ। ਬੀਬੀ ਜਸਵੰਤ ਕੌਰ ਜੀ ਪਿੰਡ ਵਿਚ ਆਪ ਵੀ ਕੀਰਤਨ ਨਾਲ ਜੁੜੇ ਹੋਏ ਸਨ ਤੇ ਸੰਗਤਾਂ ਨੂੰ ਵੀ ਗੁਰੂ ਘਰ ਨਾਲ ਜੋੜਦੇ ਸਨ। ਜਦੋਂ ਵੀ ਕੋਈ ਪ੍ਰਾਣੀ ਪਿੰਡ ਵਿਚੋਂ ਚੜ੍ਹਾਈ ਕਰ ਜਾਂਦਾ ਤਾਂ ਇਹ ਕੀਰਤਨ ਕਰਦੇ ਹੋਏ ਉਸ ਦੀ ਅਰਥੀ ਨੂੰ ਪਹਿਲਾਂ ਪਿੰਡ ਦੇ ਗੁਰਦੁਆਰਾ ਸਾਹਿਬ ਵਿਚ ਲਿਜਾ ਕੇ ਅਰਦਾਸ ਕਰਦੇ ਤੇ ਫੇਰ ਸ਼ਮਸ਼ਾਨ ਘਾਟ ਸਸਕਾਰ ਕੀਤਾ ਜਾਂਦਾ ਸੀ। ਇਸ ਨਾਲ ਕਈ ਪਿੰਡ ਵਾਲੇ ਇਤਰਾਜ ਕਰਦੇ ਕਿ ਇਹ ਕਿਹੜਾ ਖੁਸ਼ੀ ਦਾ ਮੌਕਾ ਹੈ ਵੱਡਾ ਬੇਟਾ ਜੁਆਨ ਉਮਰੇ ਚੜ੍ਹਾਈ ਕਰ ਗਿਆ। ਪਿੰਡ ਵਾਲੇ ਆਪਸ ਵਿਚ ਘੁਸਰ-ਮੁਸਰ ਕਰਨ ਲਗ ਪਏ ਕਿ ਹੁਣ ਮਾਤਾ ਨੂੰ ਪਤਾ ਲੱਗੂ ਕਿ ਕੀਰਤਨ ਕਿਵੇਂ ਕਰੀਦਾ ਹੈ ਪਰ ਗੁਰਮੁਖਾਂ ਨੂੰ ਖੁਸ਼ੀ-ਗਮੀ ਦਾ ਕੋਈ ਫਰਕ ਨਹੀਂ ਪਿਆ ਕਰਦਾ। ਬੀਬੀ ਜਸਵੰਤ ਕੌਰ ਜੀ ਨੇ ਆਪਣੇ ਬੇਟੇ ਦੀ ਅਰਥੀ ਲਿਜਾਦਿਆਂ ਵੀ ਉਸੇ ਤਰ੍ਹਾਂ ਕੀਰਤਨ ਕੀਤਾ ਤੇ ਪਹਿਲਾਂ ਗੁਰਦੁਆਰਾ ਸਾਹਿਬ ਅਰਦਾਸ ਕਰਕੇ ਫੇਰ ਸਸਕਾਰ ਕੀਤਾ। ਸੋ ਬੀਬੀ ਜਸਵੰਤ ਕੌਰ ਜੀ ਵੀ ਉਚੀ ਆਤਮਿਕ ਅਵਸਥਾ ਦੇ ਮਾਲਕ ਸਨ ਤੇ ਹਰਖ-ਸੋਗ ਤੋਂ ਨਿਆਰੇ ਸਨ।

ਇਕ ਵਾਰ ਜਦੋਂ ਮੋਹਾਲੀ ਇਨ੍ਹਾਂ ਨੂੰ ਮਿਲਣ ਆਏ ਤਾਂ ਉਦੋਂ ਕੋਠੀ ਦੇ ਅੱਗੇ ਐਤਵਾਰ ਦਾ ਦੀਵਾਨ ਲੱਗਿਆ ਕਰਦਾ ਸੀ। ਮੈਨੂੰ ਯਾਦ ਹੈ ਉਨ੍ਹਾਂ ਨੇ ਕੀਰਤਨ ਕੀਤਾ ਤੇ ਇਹ ਧਾਰਨਾ ਵੀ ਪੜ੍ਹੀ ਸੀ -

*ਸੇਈ ਤੁਧਨੋ ਗਾਵਹਿ ਜੋ ਤੁਧੁ ਭਾਵਹਿ*
*ਰਤੇ ਤੇਰੇ ਭਗਤ ਰਸਾਲੇ ॥* *ਅੰਗ - ੯*

'ਉਹੀਓ ਜਸ ਗਾਉਂਦੇ ਨੇ, ਭਾਉਂਦੇ ਜੋ ਤੈਨੂੰ ਮਾਲਕਾ' ਜਦੋਂ ਆਪ ਜੀ ਕੈਨੇਡਾ ਜਾ ਵਸੇ ਤਾਂ ਉਥੇ ਵੀ ਬੀਬੀਆਂ ਦਾ ਸਤਿਸੰਗ ਮੰਡਲ ਬਣਾ ਕੇ ਜੀਵਨ ਭਰ ਕਥਾ ਕੀਰਤਨ ਦੁਆਰਾ ਗੁਰਬਾਣੀ ਦਾ ਪ੍ਰਚਾਰ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੋੜਦੇ ਰਹੇ। ਹੁਣ ਉਨ੍ਹਾਂ ਦੇ ਛੋਟੇ ਪੁੱਤਰ ਸਰਦਾਰ ਕੁਲਵੰਤ ਸਿੰਘ ਜੀ, ਜੋ ਕੈਨੇਡਾ ਵਿਚ ਰਹਿੰਦੇ ਹਨ, ਉਹ ਵੀ ਸਤਿਸੰਗ ਮੰਡਲ ਨੂੰ ਉਸੇ ਤਰ੍ਹਾਂ ਨਾਲ ਜਾਰੀ ਰੱਖ ਕੇ ਇਹ ਸੇਵਾ ਨਿਭਾ ਰਹੇ ਹਨ।

ਮੈਨੂੰ (ਲੇਖਕ) ਨੂੰ ਯਾਦ ਹੈ ਜਦੋਂ ਮਹਾਂਪੁਰਖ ਸੰਤ ਬਾਬਾ ਵਰਿਆਮ ਸਿੰਘ ਜੀ ਕੈਨੇਡਾ ਦੀ ਪ੍ਰਚਾਰ ਫੇਰੀ ਸਮੇਂ ਗਏ ਤਾਂ ਵੱਡੇ ਭੈਣ ਜੀ ਨੂੰ ਬੜੇ ਸਨੇਹ ਨਾਲ ਮਿਲ ਕੇ ਆਏ ਸਨ ਤੇ ਦਾਸ ਵੀ ਮਹਾਂਪੁਰਸ਼ਾਂ ਦੇ ਨਾਲ ਸੀ। ਦੋਵਾਂ ਨੇ ਬੜੇ ਪਿਆਰ ਦੇ ਬਚਨ ਆਪਣੇ ਬਚਪਨ ਦੇ ਸਾਂਝੇ ਕੀਤੇ। ਕਹਿਣ ਲੱਗੇ, ਮੇਰੇ ਵੀਰ ਨੇ ਤਾਂ ਜਿਥੇ ਸਾਡੇ ਪਰਿਵਾਰ ਨੂੰ ਭਾਗ ਲਾਏ ਹਨ ਉਥੇ ਦੇਸ਼-ਵਿਦੇਸ਼ ਦੀਆਂ ਲੱਖਾਂ ਸੰਗਤਾਂ ਨੂੰ ਵੀ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੋੜ ਕੇ ਬਹੁਤ ਪਰਉਪਕਾਰ ਕੀਤਾ ਹੈ। ਅਸੀਸ ਦਿਤੀ, ਵਾਹਿਗੁਰੂ ਚੜ੍ਹਦੀ ਕਲਾ ਵਿਚ ਰੱਖੇ। ਮਹਾਂਪੁਰਖਾਂ ਨੇ ਬਚਨ ਕੀਤਾ ਸੀ ਕਹਿੰਦੇ ਬੀਬੀ ਜੀ! ਇਹ ਸਾਡੀ ਦੋਵਾਂ ਦੀ ਆਖਰੀ ਮਿਲਣੀ ਹੈ। ਹੁਣ ਸ਼ਬਦ ਮਿਲਾਵੇ ਦੁਆਰਾ ਫੇਰ ਦਰਗਾਹ ਵਿਚ ਮੇਲੇ ਹੋਣਗੇ। ਇਹ ਸੁਣ ਕੇ ਬੀਬੀ ਜਸਵੰਤ ਕੌਰ ਜੀ ਦੇ ਨੇਤਰਾਂ ਵਿਚ ਬੜੇ ਹੀ ਪਿਆਰ ਤੇ ਵੈਰਾਗ ਦੇ ਹੰਝੂ ਵਹਿ ਤੁਰੇ ਸਨ। ਮਹਾਂਪੁਰਸ਼ਾਂ ਪਾਸੋਂ ਇਹ

ਅਗੰਮੀ ਤੇ ਭਵਿੱਖਤ ਬਚਨ ਸੁਣ ਕੇ ਉਥੇ ਬੈਠੀ ਸਾਰੀ ਸੰਗਤ ਦੀਆਂ ਅੱਖਾਂ ਵੀ ਵੈਰਾਗ ਨਾਲ ਨਮ ਹੋ ਗਈਆਂ ਸਨ।''

ਆਪ ਜੀ (ਸੰਤ ਵਰਿਆਮ ਸਿੰਘ ਜੀ) ਦੀ ਬਚਪਨ ਤੋਂ ਹੀ ਧਾਰਮਿਕ ਬਿਰਤੀ ਐਨੀ ਪ੍ਰਬਲ ਸੀ, ਐਸਾ ਸੁਭਾਅ ਸੀ ਕਿ ਘਰ ਦਾ ਕੰਮ-ਕਾਰ ਕਰਦਿਆਂ, ਖੇਤਾਂ ਨੂੰ ਪਾਣੀ ਲਾਉਂਦਿਆਂ, ਖੂਹ ਚਲਾਉਂਦਿਆਂ, ਪੱਠੇ ਕੁਤਰਦਿਆਂ ਅਤੇ ਹੱਲ ਵਾਹੁੰਦਿਆਂ ਵੀ ਆਪਣੇ ਮਨ ਦੀ ਸੂਈ ਨੂੰ ਹਰ ਵਕਤ ਵਾਹਿਗੁਰੂ ਦੇ ਸਿਮਰਨ ਵਿਚ ਜੋੜ ਕੇ ਰੱਖਦੇ ਸਨ। ਕਦੇ-ਕਦੇ ਮਸਤੂਆਣੇ ਸਾਹਿਬ ਸੰਤ ਸ਼ੇਰ ਸਿੰਘ ਹੋਰਾਂ ਪਾਸ ਕਈ-ਕਈ ਮਹੀਨੇ ਰਹਿ ਕੇ ਭਜਨ-ਬੰਦਗੀ ਕਰਦੇ ਰਹਿੰਦੇ ਸਨ। ਇਸ ਕਰਕੇ ਦਿਲ ਦੀ ਤੀਬਰ ਇੱਛਾ ਜਾਣ ਕੇ ਕਿਹਾ, ਬੇਟਾ! ਮੈਨੂੰ ਪਤਾ ਹੈ ਤੂੰ ਪੂਰਨ ਮਹਾਂਪੁਰਸ਼ਾਂ ਦੀ ਤਲਾਸ਼ ਵਿਚ ਹੈਂ। ਸੰਨ 1936 ਵਿਚ ਮਾਘ ਦੇ ਸਾਲਾਨਾ ਸਮਾਗਮ ਸਮੇਂ ਮਾਤਾ ਇੰਦਰ ਕੌਰ ਜੀ ਆਪ ਜੀ ਨੂੰ ਰਾੜਾ ਸਾਹਿਬ ਲੈ ਕੇ ਗਏ ਤੇ ਆਖਿਆ, ਪੁੱਤਰ! ਚੱਲ ਅੱਜ ਤੈਨੂੰ ਪੂਰਨ ਤੱਤਬੇਤੇ ਮਹਾਂਪੁਰਸ਼ਾਂ ਕੋਲ ਲੈ ਕੇ ਜਾਂਦੀ ਹਾਂ। ਸੋ ਆਪ ਜੀ ਨੂੰ ਸ੍ਰੀ ਮਾਨ ਸੰਤ ਬਾਬਾ ਈਸ਼ਰ ਸਿੰਘ ਜੀ ਦੇ ਦਰਸ਼ਨ ਕਰਵਾਉਣ ਲਈ ਰਾੜਾ ਸਾਹਿਬ ਲੈ ਗਏ। ਉਸ ਵੇਲੇ ਸੰਤ ਮਹਾਰਾਜ ਸੰਗਤਾਂ ਵਿਚ ਕੁਰਸੀ ਤੇ ਸ਼ਸ਼ੋਭਿਤ ਸਨ, ਅਜੇ ਨਮਸ਼ਕਾਰ ਕਰਕੇ ਬੈਠੇ ਹੀ ਸਨ ਕਿ ਸੰਤ ਮਹਾਰਾਜ ਜੀ ਨੇ ਵੀ ਮਸਤਕ ਪੜ੍ਹ ਕੇ ਰੰਗ-ਰੱਤੀ ਰੂਹ ਨੂੰ ਪਛਾਣ ਲਿਆ। ਸਵਾਲ ਕੀਤਾ ਭਾਈ ਤੂੰ ਕੌਣ ਹੈਂ? ਆਪ ਦੋਵੇਂ ਹੱਥ ਜੋੜ ਕੇ ਖੜ੍ਹੇ ਹੋ ਗਏ ਤੇ ਸੋਚਣ ਲੱਗ ਪਏ। ਮਨ ਅੰਦਰ ਡੂੰਘੀ ਵਿਚਾਰ ਕਰਨ ਲਗ ਪਏ ਕਿ ਇਥੇ ਕੋਈ ਲਿੰਗ-ਪੁਲਿੰਗ ਦਾ ਸਵਾਲ ਵੀ ਨਹੀਂ, ਜਾਣਦੇ ਹਨ ਕਿ ਮੈਂ ਲੜਕਾ ਹਾਂ ਅਤੇ ਜਾਤ-ਪਾਤ ਦਾ ਵੀ ਸਵਾਲ ਨਹੀਂ। ਤੂੰ ਕੌਣ ਹੈਂ ਦਾ ਜਵਾਬ ਤਾਂ ਨਾਮ ਦਸ ਕੇ ਦਿਤਾ ਜਾਂਦਾ ਹੈ ਪਰ ਇਸ ਜਨਮ ਤੋਂ ਪਹਿਲਾਂ ਮੇਰਾ ਨਾਮ ਕੁਝ ਹੋਰ ਸੀ, ਹੁਣ 'ਵਰਿਆਮ ਸਿੰਘ ਹੈ।' ਇਹ ਜਵਾਬ ਵੀ ਦਰੁੱਸਤ ਨਹੀਂ ਕਿਉਂਕਿ ਜਦ ਤੋਂ ਮੇਰਾ ਸਫਰ ਸ਼ੁਰੂ ਹੋਇਆ ਹੈ ਮੇਰੇ ਸਰੀਰ ਦੇ ਵੱਖਰੇ-ਵੱਖਰੇ ਨਾਮ ਸਨ। ਇਸ ਤਰ੍ਹਾਂ ਨਾਲ ਆਪ ਪਿੱਛੇ ਨੂੰ (back to source) ਸਫਰ ਕਰਦੇ-ਕਰਦੇ ਆਖਰੀ ਹੱਦ ਤੇ ਪਹੁੰਚ ਗਏ ਜਿਵੇਂ ਕਿਸੇ ਫਿਲਮ ਦੀ ਪੁੱਠੀ ਰੀਲ ਚਲਾਉਣੀ ਸ਼ੁਰੂ ਕਰੀਏ ਤਾਂ ਸਭ ਤੋਂ ਪਹਿਲਾ ਚਿੱਤਰ (seen) ਨਜ਼ਰ ਆ ਜਾਂਦਾ ਹੈ। ਸੰਤ ਮਹਾਰਾਜ ਜੀ ਨੇ ਜਦੋਂ ਤੀਜੀ ਵੇਰਾਂ ਪੁੱਛਿਆ ਕਿ ਭਾਈ ਤੂੰ ਦੱਸਿਆ ਨਹੀਂ? ਕਹਿੰਦੇ ਮਹਾਰਾਜ! ਮੈਨੂੰ ਦੱਸਣਾ ਨਹੀਂ ਆਉਂਦਾ। ਇਹ ਕਹਿਣ ਦੀ ਦੇਰ ਸੀ ਕਿ ਆਲੇ-ਦੁਆਲੇ ਬੈਠੀ ਸੰਗਤ ਖਿੜ-ਖਿੜਾ ਕੇ ਹੱਸ ਪਈ ਕਿ ਇਸ ਨੂੰ ਆਪਣਾ ਨਾਮ ਵੀ ਦੱਸਣਾ ਨਹੀਂ ਆਉਂਦਾ? ਇਹ ਦੇਖ ਕੇ ਸੰਤ ਮਹਾਰਾਜ ਜੀ ਨੇ ਸੰਗਤ ਵੱਲ ਇਸ਼ਾਰਾ ਕਰਕੇ ਉਚੀ ਆਵਾਜ਼ ਵਿਚ ਕਿਹਾ, ਖਾਮੋਸ਼! ਇਹ ਕੋਈ ਹਾਸੇ ਵਾਲੀ ਗੱਲ ਨਹੀਂ। ਤੁਸੀਂ ਇਸ ਭੇਤ ਨੂੰ ਨਹੀਂ ਜਾਣਦੇ ਜੋ ਇਹ ਦੱਸਣਾ ਚਾਹੁੰਦਾ ਹੈ। ਸੰਤ ਮਹਾਰਾਜ ਜੀ ਕਹਿੰਦੇ, ਭਾਈ! ਜਿਵੇਂ ਦੱਸਣਾ ਆਉਂਦਾ ਹੈ ਉਵੇਂ ਦੱਸੋ। ਉਸ ਵੇਲੇ ਆਪ ਨੇ ਦੱਸਿਆ ਕਿ ਮੈਂ 'ਵਾਹਿਗੁਰੂ' ਜੀ ਦੀ ਪਰਮ ਜੋਤ ਦੀ ਇਕ ਨਿੱਕੀ ਜਿਹੀ ਕਿਰਨ ਹਾਂ ਅਤੇ ਜਦੋਂ ਤੋਂ ਸੰਸਾਰ ਦੀ ਰਚਨਾ ਹੋਈ ਉਸ ਵੇਲੇ ਤੋਂ ਹੀ ਮੇਰੇ ਜੀਵਨ ਦਾ ਇਹ ਸਫਰ ਸ਼ੁਰੂ ਹੋਇਆ ਹੈ। ਮੈਨੂੰ ਇਸ ਬਾਰੇ ਕੋਈ ਗਿਆਨ ਨਹੀਂ ਕਿ ਮੈਂ ਹੁਣ ਤੱਕ ਕਿੰਨੇ ਸਰੀਰ ਹੰਢਾ ਚੁਕਿਆ ਹਾਂ? ਇਹ ਸੁਣ ਕੇ ਸੰਤ ਮਹਾਰਾਜ ਜੀ ਬਹੁਤ ਪ੍ਰਸੰਨ ਹੋਏ ਅਤੇ ਕਹਿਣ ਲੱਗੇ ਸੱਚਮੁੱਚ ਇਸ ਨੂੰ ਦੱਸਣਾ ਬਹੁਤ ਕਠਿਨ ਹੈ ਪਰ ਤੁਸੀਂ ਜੋ ਵੀ ਦਸਿਆ, ਦਰੁੱਸਤ ਹੈ। ਇਸ ਪ੍ਰਥਾਇ ਗੁਰਬਾਣੀ ਦਾ ਪਵਿੱਤਰ ਫੁਰਮਾਨ ਇਸ ਪ੍ਰਕਾਰ ਹੈ -

*ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ ॥*
*ਏਤੀ ਨ ਜਾਨਉ ਕੇਤੀਕ ਮੁਦਤਿ*
*ਚਲਤੇ ਖਬਰਿ ਨ ਪਾਇਓ ॥* *ਅੰਗ -੯੯੯*

ਇਹ ਸੁਣ ਕੇ ਸੰਤ ਮਹਾਰਾਜ ਜੀ ਨੇਤਰ ਬੰਦ ਕਰਕੇ ਸਮਾਧੀ ਵਿਚ ਲੀਨ ਹੋ ਗਏ ਅਤੇ 45 ਮਿੰਟ ਅੰਤਰ-ਧਿਆਨ ਹੋ ਇਸ ਅਵਸਥਾ ਵਿਚ ਇਕ ਟੱਕ ਸਥਿਰ ਹੋ ਰਹੇ। ਸਾਰੀ ਸੰਗਤ ਵਿਚ ਚੁੱਪ ਦਾ ਵਾਤਾਵਰਣ ਛਾ ਗਿਆ। ਉਪਰੰਤ ਨੇਤਰ ਖੋਲ੍ਹੇ ਅਤੇ ਕਹਿਣ ਲੱਗੇ ਅੱਜ ਸੁਹਾਗਣ ਨੂੰ ਸੁਹਾਗਣ ਮਿਲੀ ਹੈ ਕਿਉਂਕਿ ਜੋ ਜੀਵ ਇਸਤ੍ਰੀ ਪ੍ਰਭੂ ਤੋਂ ਵਿਛੜ ਕੇ ਗੁਰ ਉਪਦੇਸ਼ ਦੁਆਰਾ ਮਿਲਣ ਦਾ ਯਤਨ ਨਹੀਂ ਕਰਦੀ ਉਹ ਖਸਮ ਤੋਂ ਬਾਹਰੀ ਹੁੰਦੀ ਹੈ -

*ਸਾ ਧਨ ਰੰਡ ਨ ਬੈਸਈ ਜੇ ਸਤਿਗੁਰ ਮਾਹਿ ਸਮਾਇ ॥*
*ਪਿਰੁ ਰੀਸਾਲੂ ਨਉਤਨੋ ਸਾਚਉ ਮਰੈ ਨ ਜਾਇ ॥*
*ਨਿਤ ਰਵੈ ਸੋਹਾਗਣੀ ਸਾਚੀ ਨਦਰਿ ਰਜਾਇ ॥ ਅੰਗ - ੫੪*

ਆਪ ਜੀ ਨੇ ਬਚਨ ਕੀਤਾ ਕਿ ਤੁਹਾਡੇ ਰੂਹਾਨੀ ਸਫਰ ਦਾ ਆਖਰੀ ਇਕ ਕਦਮ ਬਾਕੀ ਹੈ, ਉਹ

ਵੀ ਪੂਰਾ ਕਰਕੇ ਪ੍ਰਭੂ ਪਤੀ ਵਿਚ ਅਭੇਦਤਾ ਪ੍ਰਾਪਤ ਕਰ ਲਵੋ। ਸੰਤ ਮਹਾਰਾਜ ਜੀ ਦੇ ਇਹ ਅਗੰਮੀ ਬਚਨ ਸੁਣ ਕੇ ਹਿਰਦਾ ਵਿੰਨ੍ਹਿਆ ਗਿਆ ਅਤੇ ਆਪ ਨੇ ਚਰਨਾਂ 'ਤੇ ਸੀਸ ਨਿਵਾਇਆ। ਕਿਉਂਕਿ ਇਸ ਅਵਸਥਾ ਨੂੰ ਓਹੀ ਜਾਣ ਸਕਦਾ ਹੈ ਜਿਸ ਨਾਲ ਬੀਤੀ ਹੋਵੇ ਦੂਸਰਾ ਨਹੀਂ ਸਮਝ ਸਕਦਾ।

*ਲਾਗੀ ਹੋਇ ਸੁ ਜਾਨੈ ਪੀਰ ॥*
*ਰਾਮ ਭਗਤਿ ਅਨੀਆਲੇ ਤੀਰ ॥* *ਅੰਗ - ੩੨੭*

ਅੰਦਰੋ ਅੰਦਰੀ ਤਨ-ਮਨ-ਧਨ, ਸਭ ਕੁਛ ਮਹਾਂਪੁਰਸ਼ਾਂ ਦੇ ਚਰਨਾਂ ਵਿਚ ਅਰਪਣ ਕਰ ਦਿਤਾ। ਮਨ ਵਿਚ ਹੋਰ ਉਤਸ਼ਾਹ ਅਤੇ ਤੀਬਰ-ਤਮ ਵੈਰਾਗ ਪੈਦਾ ਹੋ ਗਿਆ ਕਿ ਹੋਰ ਵੱਧ ਤੋਂ ਵੱਧ ਭਜਨ ਬੰਦਗੀ ਕਰਕੇ ਮਨੁੱਖਾ ਜੀਵਨ ਦੀ ਸਫਲਤਾ ਦੇ ਇਸ ਮਹਾਨ ਕਾਰਜ ਨੂੰ ਵਾਹਿਗੁਰੂ ਦੀ ਕ੍ਰਿਪਾ ਦੁਆਰਾ ਜਲਦੀ ਤੋਂ ਜਲਦੀ ਪੂਰਾ ਕੀਤਾ ਜਾਵੇ। ਇਸ ਅਵਸਥਾ ਬਾਰੇ ਪਵਿੱਤਰ ਫੁਰਮਾਨ ਹੈ -

*ਮਨੁ ਤਨੁ ਤੇਰਾ ਧਨੁ ਭੀ ਤੇਰਾ ॥*
*ਤੂੰ ਠਾਕੁਰੁ ਸੁਆਮੀ ਪ੍ਰਭੁ ਮੇਰਾ ॥ ਜੀਉ*
*ਪਿੰਡੁ ਸਭੁ ਰਾਸਿ ਤੁਮਾਰੀ ਤੇਰਾ ਜੋਰੁ ਗੋਪਾਲਾ ਜੀਉ ॥*
*ਅੰਗ - ੧੦੬*

ਮਾਤਾ ਜੀ ਨੂੰ ਬੇਨਤੀ ਕੀਤੀ ਕਿ ਮੇਰੇ ਮਨ ਵਿਚ ਤਾਂਘ ਹੈ ਕਿ ਕਿਧਰੇ ਇਕਾਂਤ ਥਾਂ ਤੇ ਜਾ ਕੇ ਭਜਨ ਕਰਾਂ ਜਿਥੇ ਕੋਈ ਵਿਘਨ ਨਾ ਪਵੇ। ਮਾਤਾ ਜੀ ਤਾਂ ਪਹਿਲਾਂ ਹੀ ਸ਼ਰਧਾ ਰੱਖਦੇ ਸਨ ਕਿ ਮੇਰਾ ਪੁੱਤਰ ਜਮਾਂਦਰੂ ਸੰਤ ਹੈ ਇਸੇ ਕਰਕੇ ਹਮੇਸ਼ਾ ਇਨ੍ਹਾਂ ਦਾ ਸੀਤ ਪ੍ਰਸ਼ਾਦ ਛਕਿਆ ਕਰਦੇ ਸਨ। ਸੰਤ ਮਹਾਰਾਜ ਜੀ ਦੇ ਬਚਨਾਂ ਸਦਕਾ ਮਾਤਾ ਜੀ ਕੋਲੋਂ ਪ੍ਰਵਾਨਗੀ ਵੀ ਮਿਲ ਗਈ। ਸੁਭਾਵਿਕ ਹੈ ਕਿ ਪਰਿਵਾਰ ਵਿਚ ਰਹਿੰਦਿਆਂ ਇਨ੍ਹਾਂ ਦੀ ਧਰਮ ਸੁਪਤਨੀ ਜੀ (ਬੀਬੀ ਰਣਜੀਤ ਕੌਰ ਜੀ) ਨੂੰ ਵੀ ਸੰਤ ਮਹਾਰਾਜ ਜੀ ਦੇ ਬਚਨਾਂ ਬਾਰੇ ਸਾਰੀ ਜਾਣਕਾਰੀ ਸੀ। ਇਸ ਕਰਕੇ ਉਨ੍ਹਾਂ ਨੇ ਇਸ ਗੱਲ ਦਾ ਕਦੀ ਵੀ ਕੋਈ ਵਿਰੋਧ ਨਹੀਂ ਕੀਤਾ, ਰੋਕਣ ਦੀ ਕੋਸ਼ਿਸ਼ ਨਹੀਂ ਕੀਤੀ ਸਗੋਂ ਸਹਿਮਤੀ ਪ੍ਰਗਟ ਕੀਤੀ। ਬੀਬੀ ਰਣਜੀਤ ਕੌਰ ਜੀ 'ਨਾਮ' ਦੀ ਮਹਿਮਾ ਤੇ 'ਨਾਮ' ਜਪਣ ਵਾਲਿਆਂ ਦੀ ਅਵਸਥਾ ਨੂੰ ਭਲੀਭਾਂਤ ਸਮਝਦੇ ਅਤੇ ਮਹਿਸੂਸ ਕਰਦੇ ਸਨ ਕਿਉਂਕਿ ਉਨ੍ਹਾਂ ਦੇ ਪਿਤਾ ਜੀ (ਸੰਤ ਹੀਰਾ ਸਿੰਘ ਜੀ) ਵੀ 'ਨਾਮ' ਰਸੀਏ ਮਹਾਂਪੁਰਸ਼ ਸਨ।

*'ਚਲਦਾ..............।'*

*(ਪੰਨਾ 34 ਦੀ ਬਾਕੀ)*

ਅੰਮ੍ਰਿਤ ਵੇਲੇ ਉਠ ਕੇ, ਚੌਂਕੜਾ ਮਾਰ ਕੇ, ਸੁਰਤ ਟਿਕਾ ਕੇ, ਨਾਮ ਜਪਦੈ।

ਸੋ ਜੋ ਕੁਛ ਤੁਹਾਨੂੰ ਬੇਨਤੀਆਂ ਕੀਤੀਆਂ ਨੇ ਉਹਦੇ 'ਤੇ ਵਿਚਾਰ ਕਰੋ, ਸਤਿਸੰਗ ਬਾਰ-ਬਾਰ ਤਾਂ ਮਿਲਦੇ ਨਹੀਂ ਹੁੰਦੇ। ਬਚਨ ਮੰਨ ਲਓ, ਬਚਨ ਤਾਂ ਇਕ ਵਾਰੀ ਦਾ ਹੀ ਕਿਹਾ ਹੋਇਆ ਬਹੁਤ ਹੁੰਦੈ। ਉਹਦੇ ਨਾਲ ਹੀ ਉਧਾਰ ਹੋ ਜਾਂਦੈ, ਰੁਚੀ ਹੋਣੀ ਚਾਹੀਦੀ ਹੈ। ਪਰ ਦੂਜੇ ਪਾਸੇ ਕਲਜੁਗ ਐਡਾ ਜ਼ਬਰਦਸਤ ਹੈ, ਹੁਣੇ ਅਸੀਂ ਸੁਣਿਆ ਹੈ, ਜੋੜੇ ਪਾਉਂਦੇ ਤਕ ਸਭ ਕੁਝ ਭੁਲਾ ਦਏਗਾ। ਮੈਂ ਸਿੰਘਾਂ ਨੂੰ ਪੁਛਦਾ ਹੁੰਦਾਂ ਕਿ ਮੈਂ ਕੀ ਦੱਸਿਆ ਅੱਜ? ਕਿਸੇ ਤੋਂ ਦਸ ਹੀ ਨਹੀਂ ਹੁੰਦਾ, ਚੁੱਪ ਕਰਕੇ ਖੜ੍ਹ ਜਾਂਦੇ ਨੇ। ਕਿਉਂਕਿ ਉਹਨੇ ਭੁਲਾ ਦਿਤਾ ਸਾਰਾ ਕੁਛ, ਨਹੀਂ ਤਾਂ ਇਰਾਦਾ ਬਣਾ ਲੈਂਦੈ ਕਿ ਮੈਂ ਕੱਲ੍ਹ ਤੋਂ ਬੰਦਗੀ ਕਰਾਂਗਾ। ਹੁਣ ਜਿਹੜਾ ਸਮਾਂ ਲੰਘ ਗਿਆ, ਲੰਘ ਗਿਆ, ਅਗਲਾ ਮੈਂ ਸੰਭਾਲ ਲੈਨੈ। ਜੇ ਕੋਈ ਬਿਰਧ ਕਹੇ ਕਿ ਮੇਰਾ ਤਾਂ ਬਹੁਤ ਸਮਾਂ ਲੰਘ ਗਿਆ। ਉਹ ਹੁਣ ਜੇ ਨਾਮ ਜਪਣ ਲਗ ਜਾਏਗਾ, ਅਗਲਾ ਜਨਮ ਮਨੁੱਖ ਦਾ ਮਿਲ ਜਾਏਗਾ। ਉਸ ਤੋਂ ਬਾਅਦ ਫੇਰ ਸਬਕ ਸ਼ੁਰੂ ਕਰ ਲਈਂ, ਇਕ ਜਨਮ 'ਚ ਥੋੜ੍ਹਾ ਸਫ਼ਰ ਕੱਟ ਹੁੰਦੈ। ਬਾਰ-ਬਾਰ ਮਨੁੱਖ ਬਣਦੇ ਹਾਂ, ਬਾਰ-ਬਾਰ ਬੰਦਗੀ ਕਰਦੇ ਹਾਂ। ਥੋੜ੍ਹੀ ਬਹੁਤੀ ਤਰੱਕੀ ਹੋ ਜਾਂਦੀ ਹੈ। ਮਹਾਰਾਜ ਕਹਿੰਦੇ, ਕਦੇ ਕੋਈ ਤੱਤ-ਬੇਤਾ ਮਹਾਂਪੁਰਸ਼, ਜਿਵੇਂ ਸੰਤ ਮਹਾਰਾਜ ਜੀ ਸੀਗੇ, ਕਦੇ ਇਹੋ ਜਿਹੇ ਮਹਾਂਪੁਰਸ਼ ਦਾ ਸੰਗ ਹੋ ਜਾਏ -

*ਕਬਹੂ ਸਾਧਸੰਗਤਿ ਇਹੁ ਪਾਵੈ ॥*
*ਉਸੁ ਅਸਥਾਨ ਤੇ ਬਹੁਰਿ ਨ ਆਵੈ ॥*
*ਅੰਤਰਿ ਹੋਇ ਗਿਆਨ ਪਰਗਾਸੁ ॥*
*ਉਸੁ ਅਸਥਾਨ ਕਾ ਨਹੀ ਬਿਨਾਸੁ ॥*
*ਮਨ ਤਨ ਨਾਮਿ ਰਤੇ ਇਕ ਰੰਗਿ ॥*
*ਸਦਾ ਬਸਹਿ ਪਾਰਬ੍ਰਹਮ ਕੈ ਸੰਗਿ ॥*
*ਜਿਉ ਜਲ ਮਹਿ ਜਲੁ ਆਇ ਖਟਾਨਾ ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ ॥*
*ਮਿਟਿ ਗਏ ਗਵਨ ਪਾਏ ਬਿਸ੍ਰਾਮ ॥*
*ਨਾਨਕ ਪ੍ਰਭ ਕੈ ਸਦ ਕੁਰਬਾਨ ॥* *ਅੰਗ - ੨੭੮*

ਫੇਰ ਉਧਾਰ ਹੋ ਜਾਇਆ ਕਰਦੈ। ਹੁਣ ਸਾਰੇ ਪ੍ਰੇਮੀ ਗੁਰ ਸਤੋਤਰ 'ਚ ਬੋਲੋ ਭਾਈ।

*ਅਰਦਾਸ, ਹੁਕਮਨਾਮਾ।*

***(ਵੀਡੀਓ ਫਿਲਮ ਦੀਵਾਨ ਨੰ: 757) ਦੀ ਬਾਕੀ***

ਵਿਦੇਸ਼ਾਂ ਵਿਚ ਵਸਦੀ ਸੰਗਤ ਨੂੰ ਬੇਨਤੀ ਹੈ ਜੀ ਜੇਕਰ ਤੁਸੀਂ ਕਿਸੇ ਵੀ ਤਰ੍ਹਾਂ ਦਾ ਘਰ ਵਿਚ ਟੀ.ਵੀ. ਉਤੇ ਦੇਖਣ ਲਈ ਸੈਟ ਟੌਪ ਬਾਕਸ (ਆਈ.ਪੀ. ਟੀ.ਵੀ.) ਵਰਤਦੇ ਹੋ ਤਾਂ ਉਸ ਵਿਚ ਰਤਵਾੜਾ ਸਾਹਿਬ ਚੈਨਲ ਵੇਖਣ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ ਜੀ। ਜੇਕਰ ਸੰਗਤ ਵਿਚੋਂ ਕੋਈ ਪ੍ਰੇਮੀ ਪਹਿਲਾਂ ਹੀ ਆਈ.ਪੀ. ਟੀ.ਵੀ. ਬਾਕਸ ਵਰਤਦਾ ਹੈ ਉਸ ਵਿਚ ਰਤਵਾੜਾ ਸਾਹਿਬ ਚੈਨਲ ਵੇਖ ਰਹੇ ਹੋ ਤਾਂ ਕਿਰਪਾ ਕਰਕੇ ਆਪਣੇ ਸੈਟ ਟੌਪ ਬਾਕਸ ਦਾ ਨਾਮ ਅਤੇ ਚੈਨਲ ਦਾ ਨੰਬਰ ਹੇਠ ਲਿਖੇ ਨੰਬਰਾਂ ਤੇ Whatsapp ਕਰਨ ਦੀ ਕ੍ਰਿਪਾਲਤਾ ਕਰਨੀ ਜੀ।

**ਮੋਬਾਇਲ ਨੰਬਰ: +91-98728-14385, 94172-14385**




## ਰਤਵਾੜਾ ਸਾਹਿਬ ਅਸਥਾਨ ਦੇ ਪ੍ਰੋਗਰਾਮ

**ਸਾਰੇ ਐਤਵਾਰ - ਸਮਾਂ-ਦੁਪਹਿਰ 12.00 ਤੋਂ 3.30 ਵਜੇ ਤੱਕ ।**

**ਕਤਿਕਿ ਸੰਗਰਾਂਦ - 17 ਅਕਤੂਬਰ, ਦਿਨ ਸ਼ੁਕਰਵਾਰ (ਸਮਾਂ ਸਵੇਰੇ 5.30 ਤੋਂ 8.00 ਵਜੇ ਤੱਕ)**

## ਜ਼ਰੂਰੀ ਬੇਨਤੀ

'ਆਤਮ ਮਾਰਗ' ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਜਾਂ ਦਸਵੰਧ ਪੰਜਾਬ ਐਂਡ ਸਿੰਧ ਬੈਂਕ ਦੀ ਕਿਸੇ ਵੀ ਸ਼ਾਖਾ ਰਾਹੀਂ ਹੇਠ ਲਿਖੇ ਬੈਂਕ ਖਾਤਿਆਂ ਵਿਚ ਭੇਜ ਸਕਦੇ ਹੋ।

## ਭਾਰਤ (INDIA)

**ਆਤਮ ਮਾਰਗ ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਭੇਜਣ ਲਈ**

**VGRMCT/Atam Marg Magazine**

**A/C No. 12861100000008, RTGS/IFSC Code - PSIB0021286, Branch Code - C1286**

**Within India**

| Subscription Period | Amout |
|---|---|
| 1 Year | Rs. 300/- |
| 3 Year | Rs. 750/- |
| 5 Year | Rs. 1200/- |
| Life (20 Year) | Rs. 3000/- |

**ਦਸਵੰਧ ਭੇਜਣ ਲਈ -**

**Vishav Gurmat Roohani Mission Charitable Trust**

**A/C No. 12861100000005, RTGS/IFSC Code - PSIB0021286, Branch Code - C1286**

ਜੇਕਰ ਚੈਕ ਜਾਂ ਬੈਂਕ ਡਰਾਫਟ ਰਾਹੀਂ ਮਾਇਆ ਭੇਜਣੀ ਹੋਵੇ ਤਾਂ ਉਪਰੋਕਤ ਅਨੁਸਾਰ **Gurudwara Ishar Parkash Ratwara Sahib, P.O. Mullanpur Garibdas. Distt SAS Nagar (Mohali) - 140901** ਨੂੰ ਭੇਜਿਆ ਜਾਵੇ ਜੀ। ਜੇਕਰ **Online** ਮਾਇਆ ਭੇਜਣੀ ਹੋਵੇ ਤਾਂ ਮਾਇਆ ਦਾ ਵੇਰਵਾ ਦਿੰਦੇ ਹੋਏ, ਆਪਣਾ ਨਾਂ ਅਤੇ ਪੂਰਾ ਪਤਾ ਮੋਬਾਈਲ ਨੰ: **+91 98889 10777** 'ਤੇ **sms** ਕੀਤਾ ਜਾਵੇ।

## PURSUANT OF GOVT. OF INDIA FCRA GUIDELINES REGARDING DONATIONS FROM ABROAD

It is for your kind information that Bank Account No. 0779000100179603 earlier opened in Punjab National Bank, Mullanpur Garibdas, Distt. S.A.S Nagar (Mohali)-140901 for receiving donation from foreign countries has been changed with immediate effect. Now, FCRA Saving Bank Account for this purpose has been opened in State Bank of India as per instructions of Govt. of India. Particulars of the New Account are given below for online transfer of donation amount:

**Name of Account – Vishav Gurmat Roohani Mission Charitable Trust**
**Account No. – 40227222757, Bank - State Bank of India**
**Branch - New Delhi Main Branch, 11 Sansad Marg, New Delhi-110001**
**Swift Code - SBININBB104, IFSC Code - SBIN0000691, Branch Code – 00691,**
**Purpose Code - P1303 (Donations to religious and Charitable Institutions in India)**

You are requested that forthwith all donations amounts should be sent to the Trust only through one of the following banks specified by Govt. of India:

### LIST OF CORRESPONDENT BANKS

#### Australia

1. Commonwealth Bank Of Australia CTBAAU2S
2. Australia And NewZealand Banking Group Ltd ANZBAU3M
3. National Australia Bank Ltd NATAAU33
4. Westpack Banking Corporation WPACAU2F

#### Canada

1. SBI Canada Bank SBINCATX
2. Canadian Imperial Bank Of Commerce CIBCCATT
3. Bank Of Montreal BOFMCAM2
4. Royal Bank Of Canada ROYCCAT2
5. The Toronto Dominion Bank TDOMCATT
6. The Bank Of Nova Scotia (SCOTIA BANK) NOSCCATT

#### Germany

1. Commerze bank AGCOBADEFF
2. DZ Bank AG Deutsche Zentral-Genos GENODEFF
3. Uni Credit Bank AGHYVEDEMM
4. Bayerische Landes bank BYLADEMM
5. Landes bank Baden Wurttemberg SOLADEST
6. Norddeutsche Landes bank Girozen trale NOLADE2H
7. Deutsche Bank AGDEUTDEFF
